12ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -12 ISSUE -52
April 3, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵੱਲੋਂ ਤੀਜਾ ਮਹਾਨ ਨਗਰ ਕੀਰਤਨ 7 ਅਪ੍ਰੈਲ 2024 ਨੂੰ *(ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ ਜਾਂ ਸਬੰਧਤ ਸਭਾ ਨਾਲ ਸੰਪਰਕ ਕਰੋ ਜੀ।)*



ਸਤਿਕਾਰਯੋਗ ਮਾਤਾ ਨੰਤ ਕੌਰ ਜੀ ਦੇ ਨਮਿੱਤ ਅੰਤਿਮ ਅਰਦਾਸ ਮੌਕੇ ਭਾਵ-ਭਿੰਨੀਆਂ ਸ਼ਰਧਾਂਜਲੀਆਂ। *(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ)*

# ਦਿੱਲੀ ਵਿਚ ਅਗਲੇ ਦੋ ਦਿਨਾਂ 'ਚ ਹੋ ਸਕਦਾ ਹੈ ਵੱਡਾ ਫੇਰਬਦਲ

## ਅਰਵਿੰਦ ਕੇਜਰੀਵਾਲ ਦੀ ਥਾਂ ਲਵੇਗੀ ਉਹਨਾਂ ਦੀ ਪਤਨੀ ਸੁਨੀਤਾ?, ਸੰਜੈ ਸਿੰਘ ਨੂੰ ਜ਼ਮਾਨਤ ਮਿਲੀ

**ਨਵੀਂ ਦਿੱਲੀ (ਬਿਊਰੋ)–** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਈਡੀ ਵੱਲੋਂ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਹੀ ਪਾਰਟੀ ਦੀ ਇੱਕੋ ਇੱਕ ਉਮੀਦ ਹੈ ਪਰ ਫਿਰ ਵੀ ਉਹ ਪਾਰਟੀ ਨੂੰ ਇਕਜੁੱਟ ਰੱਖਣ ਲਈ ਮੈਦਾਨ ਵਿਚ ਉਤਰੇ ਹਨ। ਸੁਨੀਤਾ ਕੇਜਰੀਵਾਲ ਪਿਛਲੇ ਕੁਝ ਦਿਨਾਂ ਤੋਂ ਸਟੇਜ ਤੋਂ ਬੋਲਣ ਦੀ ਤਿਆਰੀ ਕਰ ਰਹੀ ਹੈ। ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਾਰਟੀ ਮਾਮਲਿਆਂ 'ਚ ਉਨ੍ਹਾਂ ਦੀ ਸਰਗਰਮੀ ਵਧ ਗਈ ਹੈ। ਉਹ ਅਰਵਿੰਦ ਕੇਜਰੀਵਾਲ ਦਾ ਸੰਦੇਸ਼ ਲੈ ਕੇ ਦੋ ਵਾਰ ਜਨਤਾ ਦੇ ਸਾਹਮਣੇ ਆ ਚੁੱਕੀ ਹੈ। 31 ਮਾਰਚ ਨੂੰ, ਭਾਰਤ ਗਠਜੋੜ ਨੇ ਰਾਮਲੀਲਾ ਮੈਦਾਨ ਵਿੱਚ ਲੋਕਤੰਤਰ ਨੂੰ ਬਚਾਉਣ ਲਈ ਇੱਕ ਵਿਸ਼ਾਲ ਰੈਲੀ ਕੀਤੀ ਹੈ। ਇਸ ਰੈਲੀ ਵਿੱਚ ਉਨ੍ਹਾਂ ਦਾ ਭਾਸ਼ਣ ਪਹਿਲੀ ਵਾਰ ਹੋ ਸਕਦਾ ਹੈ। ਇਸੇ ਰਾਮਲੀਲਾ ਮੈਦਾਨ ਵਿਚ ਹੀ ਅਰਵਿੰਦ ਕੇਜਰੀਵਾਲ ਨੂੰ 2011 ਵਿੱਚ ਅੰਨਾ ਅੰਦੋਲਨ ਰਾਹੀਂ ਵੱਡਾ ਮੰਚ ਮਿਲਿਆ ਸੀ।



ਦਰਅਸਲ ਅਰਵਿੰਦ ਕੇਜਰੀਵਾਲ ਦੀ ਗੈਰ-ਮੌਜੂਦਗੀ 'ਚ ਇਹ ਸੁਨੀਤਾ ਕੇਜਰੀਵਾਲ ਹੀ ਹਨ, ਜਿਨ੍ਹਾਂ ਦੇ ਨਾਂ 'ਤੇ ਪਾਰਟੀ ਇਕਜੁੱਟ ਹੈ। ਪਾਰਟੀ ਵਰਕਰ ਚਾਹੁੰਦੇ ਹਨ ਕਿ ਉਹ ਅਰਵਿੰਦ ਕੇਜਰੀਵਾਲ ਦੀ ਗੈਰ-ਮੌਜੂਦਗੀ ਵਿੱਚ ਆਪਣੀ ਸਰਗਰਮੀ ਵਧਾਉਣ। ਇਸ ਨੂੰ ਧਿਆਨ ਵਿੱਚ ਰੱਖਦਿਆਂ ਪਾਰਟੀ ਰਣਨੀਤੀ ਤਿਆਰ ਕਰ ਰਹੀ ਹੈ। ਪਾਰਟੀ ਦੀ ਯੋਜਨਾ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਨੂੰ ਮੁੱਦਾ ਬਣਾ ਕੇ ਜਨਤਾ ਤੋਂ ਹਮਦਰਦੀ ਹਾਸਲ ਕਰਨ ਦੀ ਹੈ। ਇਸ ਨੂੰ ਸੁਨੀਤਾ ਕੇਜਰੀਵਾਲ ਰਾਹੀਂ ਹੀ ਬਿਹਤਰ ਢੰਗ ਨਾਲ ਉਭਾਰਿਆ ਜਾ ਸਕਦਾ ਹੈ। ਆਪਣੀ ਸਿਆਸੀ ਸਰਗਰਮੀ ਨੂੰ ਵਧਾਉਂਦੇ ਹੋਏ, ਉਸਨੇ 21 ਮਾਰਚ ਨੂੰ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਤਿੰਨ ਵਾਰ ਔਨਲਾਈਨ ਪ੍ਰੈਸ ਕਾਨਫਰੰਸਾਂ ਕੀਤੀਆਂ ਅਤੇ 31 ਮਾਰਚ ਦੀ ਮਹਾਰੈਲੀ ਲਈ ਪੂਰਾ ਜ਼ੋਰ ਲਗਾਇਆ।



ਦਿੱਲੀ ਸ਼ਰਾਬ ਘੁਟਾਲੇ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 15 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਉਹ ਕਰੀਬ 9 ਦਿਨਾਂ ਤੱਕ ਈਡੀ ਦੀ ਹਿਰਾਸਤ ਵਿੱਚ ਰਹੇ। ਹੁਣ ਉਸ ਨੂੰ ਤਿਹਾੜ ਜੇਲ੍ਹ ਲਿਜਾਇਆ ਗਿਆ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੀਜੀ ਵਾਰ ਤਿਹਾੜ ਪਹੁੰਚੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਅੰਨਾ ਅੰਦੋਲਨ ਦੌਰਾਨ ਤਿਹਾੜ ਲਿਆਂਦਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਮਾਣਹਾਨੀ ਦੇ ਮਾਮਲੇ 'ਚ ਤਿਹਾੜ ਜਾਣਾ ਪਿਆ। ਹੁਣ ਤੀਜੀ ਵਾਰ ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਕੇਜਰੀਵਾਲ ਨੂੰ ਤਿਹਾੜ ਜਾਣਾ ਪਿਆ ਹੈ। ਹਾਲਾਂਕਿ ਉਹ ਸਾਲ 2017 'ਚ ਇਕ ਪ੍ਰੋਗਰਾਮ ਦੇ ਸਿਲਸਿਲੇ 'ਚ ਤਿਹਾੜ ਪਹੁੰਚੇ ਸਨ।

**ਸੰਜੈ ਸਿੰਘ ਨੂੰ ਜ਼ਮਾਨਤ ਮਿਲੀ**

ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿਚ ਆਮ ਆਦਮੀ ਪਾਰਟੀ ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਹਾ ਕਿ ਜੇਕਰ ਸੰਜੈ ਸਿੰਘ ਨੂੰ ਕੇਸ ਵਿਚ ਜ਼ਮਾਨਤ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੈ।

# 33 ਸਾਲਾਂ ਦੇ ਸਿਆਸੀ ਸਫਰ ਤੋਂ ਬਾਅਦ ਡਾ. ਮਨਮੋਹਨ ਸਿੰਘ ਹੋਏ ਰਿਟਾਇਰ

**ਨਵੀਂ ਦਿੱਲੀ (ਬਿਊਰੋ)–** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਲਗਪਗ 54 ਸੰਸਦ ਮੈਂਬਰ ਮੰਗਲਵਾਰ ਤੇ ਬੁੱਧਵਾਰ ਨੂੰ ਰਾਜ ਸਭਾ ਤੋਂ ਸੇਵਾਮੁਕਤ ਹੋ ਗਏ ਹਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਰਾਜ ਸਭਾ ਵਿਚ 33 ਸਾਲਾ ਲੰਮੀ ਸੰਸਦੀ ਪਾਰੀ ਵੀ 3 ਅਪਰੈਲ ਨੂੰ ਸਮਾਪਤ ਹੋ ਗਈ। ਉਨ੍ਹਾਂ ਦੀ ਸੇਵਾਮੁਕਤੀ ਦੇ ਨਾਲ ਹੀ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਪਹਿਲੀ ਵਾਰ ਸੰਸਦ ਦੇ ਉਪਰਲੇ ਸਦਨ ਵਿੱਚ ਪਹੁੰਚ ਜਾਣਗੇ। ਡਾ. ਮਨਮੋਹਨ ਸਿੰਘ ਕਈ ਦਲੇਰਾਨਾ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਲਈ ਜਾਣੇ ਜਾਂਦੇ ਹਨ। ਉਹ ਪਹਿਲੀ ਵਾਰ ਅਕਤੂਬਰ 1991 ਵਿਚ ਰਾਜ ਸਭਾ ਮੈਂਬਰ ਬਣੇ ਸਨ। ਉਹ ਪੀਵੀ ਨਰਸਿਮਹਾ ਰਾਓ ਦੀ ਸਰਕਾਰ ਦੌਰਾਨ 1991 ਤੋਂ 1996 ਤੱਕ ਵਿੱਤ ਮੰਤਰੀ ਅਤੇ 2004 ਤੋਂ 2014 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ ਹਨ। ਇਹ ਸੀਟ 91 ਸਾਲਾ ਡਾ. ਮਨਮੋਹਨ ਸਿੰਘ ਦੇ 3 ਅਪਰੈਲ ਨੂੰ ਕਾਰਜਕਾਲ ਮੁਕੰਮਲ ਹੋਣ ਮਗਰੋਂ ਖਾਲੀ ਹੋ ਗਈ। ਦੱਖਣੀ ਦਿੱਲੀ ਲੋਕ ਸਭਾ ਸੀਟ ਰਾਜਧਾਨੀ ਦੀ ਸਭ ਤੋਂ ਮਹੱਤਵਪੂਰਨ ਸੀਟ ਮੰਨੀ ਜਾਂਦੀ ਹੈ। ਕਈ ਦਿੱਗਜ ਇਸ ਸੀਟ ਤੋਂ ਜਿੱਤ ਕੇ ਦਿੱਲੀ ਦੇ ਮੁੱਖ ਮੰਤਰੀ ਬਣੇ, ਜਦਕਿ ਇਸ ਸੀਟ ਤੋਂ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਹਾਰ ਗਏ ਹਨ। ਉਨ੍ਹਾਂ ਨੇ ਇਸ ਸੀਟ ਤੋਂ 1999 ਦੀਆਂ ਲੋਕ ਸਭਾ ਚੋਣਾਂ ਲੜੀਆਂ ਸਨ। ਉਦੋਂ ਉਨ੍ਹਾਂ ਨੂੰ ਭਾਜਪਾ ਦੇ ਪ੍ਰੋਫੈਸਰ ਵਿਜੇ ਕੁਮਾਰ ਮਲਹੋਤਰਾ ਨੇ 30 ਹਜ਼ਾਰ ਵੋਟਾਂ ਨਾਲ ਹਰਾਇਆ ਸੀ



1999 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਜੇ ਕੁਮਾਰ ਮਲਹੋਤਰਾ ਨੂੰ 2,61,230 ਵੋਟਾਂ ਮਿਲੀਆਂ ਸਨ, ਜਦੋਂ ਕਿ ਕਾਂਗਰਸੀ ਉਮੀਦਵਾਰ ਡਾ: ਮਨਮੋਹਨ ਸਿੰਘ ਸਿਰਫ਼ 2,31,231 ਵੋਟਾਂ ਹੀ ਹਾਸਲ ਕਰ ਸਕੇ ਸਨ। ਤੀਜੇ ਸਥਾਨ 'ਤੇ ਆਏ ਆਜ਼ਾਦ ਉਮੀਦਵਾਰ ਮੁਹੰਮਦ ਸ਼ਰੀਫ਼ ਨੂੰ ਸਿਰਫ਼ 2,846 ਵੋਟਾਂ ਮਿਲੀਆਂ।

ਵਿਜੇ ਕੁਮਾਰ ਮਲਹੋਤਰਾ ਦੀ ਵੋਟ ਪ੍ਰਤੀਸ਼ਤਤਾ 21.51, ਮਨਮੋਹਨ ਸਿੰਘ ਦੀ 19.04 ਅਤੇ ਮੁਹੰਮਦ ਸ਼ਰੀਫ ਦੀ 0.23 ਰਹੀ। ਉਸ ਸਮੇਂ ਦੱਖਣੀ ਦਿੱਲੀ ਲੋਕ ਸਭਾ ਸੀਟ ਤੋਂ 12 ਉਮੀਦਵਾਰਾਂ ਨੇ ਚੋਣ ਲੜੀ ਸੀ। ਇਨ੍ਹਾਂ ਵਿੱਚੋਂ ਮੁਹੰਮਦ ਸ਼ਰੀਫ਼, ਵੇਦ ਪ੍ਰਕਾਸ਼, ਦਿਨੇਸ਼ ਜੈਨ, ਘਨਸ਼ਿਆਮ ਦਾਸ, ਜੈਨਿਸ ਦਰਬਾਰੀ, ਜੋਗਿੰਦਰ ਸਿੰਘ, ਅਸ਼ੋਕ ਕੁਮਾਰ ਅਤੇ ਖਰੈਤੀ ਲਾਲ ਸਮੇਤ ਅੱਠ ਆਜ਼ਾਦ ਉਮੀਦਵਾਰ ਸਨ।

# ਰਿਫਿਊਜੀ ਕੇਸ ਪਾਸ ਨਾ ਕਰ ਸਕੇ 28000 ਤੋਂ ਵੱਧ ਲੋਕਾਂ ਨੂੰ ਡੀਪੋਰਟ ਕਰੇਗਾ ਕੈਨੇਡਾ



**ਓਟਾਵਾ (ਬਿਊਰੋ)** ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਨਵੇਂ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਕੈਨੇਡਾ ਵਿੱਚ ਅਸਫ਼ਲ ਸ਼ਰਨਾਰਥੀ ਦਾਅਵੇਦਾਰਾਂ ਲਈ 28,145 ਲੋਕਾਂ ਦੇ ਸਰਗਰਮ ਵਾਰੰਟ ਜਾਰੀ ਕੀਤੇ ਗਏ ਹਨ। ਕੰਜ਼ਰਵੇਟਿਵ ਐੱਮਪੀ ਬ੍ਰੈਡ ਰੇਡੇਕੋਪ ਦੁਆਰਾ ਪੇਸ਼ ਕੀਤੇ ਗਏ ਆਰਡਰ ਪੇਪਰ ਕਮਿਸ਼ਨ ਦੇ ਜਵਾਬ ਵਿੱਚ ਬਾਰਡਰ ਸਰਵਿਸ ਨੇ ਦੇਸ਼ ਵਿੱਚ ਅਸਫ਼ਲ ਸ਼ਰਣ ਮੰਗਣ ਵਾਲਿਆਂ ਦੀ ਗਿਣਤੀ 'ਤੇ ਰੌਸ਼ਨੀ ਪਾਈ। "ਇੱਕ ਸੀਬੀਐੱਸਏ ਅਧਿਕਾਰੀ ਕਿਸੇ ਵਿਦੇਸ਼ੀ ਨਾਗਰਿਕ ਦੀ ਗ੍ਰਿਫ਼ਤਾਰੀ ਤੇ ਨਜ਼ਰਬੰਦੀ ਲਈ ਵਾਰੰਟ ਜਾਰੀ ਕਰ ਸਕਦਾ ਹੈ ਜੇ ਅਧਿਕਾਰੀ ਕੋਲ ਇਹ ਵਿਸ਼ਵਾਸ ਕਰਨ ਦਾ ਵਾਜਬ ਆਧਾਰ ਹੈ ਕਿ ਵਿਅਕਤੀ ੍ਰਫਿਓ ਦੇ ਅਧੀਨ ਅਯੋਗ ਹੈ ਅਤੇ ਜਾਂ ਤਾਂ ਜਨਤਾ ਲਈ ਖ਼ਤਰਾ ਹੈ ਜਾਂ ਇਮੀਗ੍ਰੇਸ਼ਨ ਪ੍ਰਕਿਰਿਆ ਲਈ ਪੇਸ਼ ਹੋਣ ਦੀ ਸੰਭਾਵਨਾ ਨਹੀਂ ਹੈ, ਜਿਵੇਂ ਕਿ ਕੈਨੇਡਾ ਤੋਂ ਹਟਾਉਣਾ," ਸੀਬੀਐੱਸਏ ਨੇ ਆਪਣੇ ਜਵਾਬ ਵਿੱਚ ਲਿਖਿਆ। ਸੀਬੀਐੱਸਏ ਨੇ ਕਿਹਾ ਕਿ 8,839 ਸ਼ਰਣ ਦੇ ਦਾਅਵੇਦਾਰ ਹਨ ਜੋ ਯੋਗਤਾ ਦੇ ਫੈਸਲੇ ਲਈ ਲੰਬਿਤ ਹਨ ਅਤੇ ਨਾਲ ਹੀ 18,684 ਜਿਨ੍ਹਾਂ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਕੋਲ "ਲਾਗੂ ਹੋਣ ਯੋਗ ਹਟਾਉਣ ਦਾ ਆਦੇਸ਼" ਹੈ। ਅਸਫ਼ਲ ਸ਼ਰਨਾਰਥੀ ਦਾਅਵੇਦਾਰਾਂ ਵਿੱਚੋਂ 73 ਇਸ ਵੇਲੇ ਨਜ਼ਰਬੰਦ ਹਨ। ਹੋਰ 12,882 ਨਜ਼ਰਬੰਦੀ ਪ੍ਰੋਗਰਾਮ ਦੇ ਵਿਕਲਪ ਵਿੱਚ ਦਾਖ਼ਲ ਹਨ, ਜਿਨ੍ਹਾਂ ਵਿੱਚੋਂ ਬਹੁਤੇ ਅਸਫਲ ਸ਼ਰਨਾਰਥੀ ਦਾਅਵੇਦਾਰ ਹਨ। ਏਜੰਸੀ ਨੇ ਕਿਹਾ ਕਿ ਅੰਕੜੇ ਸਹੀ ਨਹੀਂ ਹਨ ਕਿਉਂਕਿ ਜਵਾਬ ਇੱਕ ਤੇਜ਼ ਸਮਾਂ ਸੀਮਾ ਵਿੱਚ ਸ਼ਾਮਲ ਕੀਤੇ ਗਏ ਸਨ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਿਹ ॥



## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਦੇ 647 ਵੇਂ ਪ੍ਰਕਾਸ਼ ਪੁਰਬ ਅਤੇ ਖ਼ਾਲਸੇ ਦੇ ਸਿਰਜਨਾ
ਦਿਵਸ ਵਿਸਾਖੀ ਦੇ ਪਾਵਨ ਪੁਰਬ ਨੂੰ ਸਮਰਪਿਤ

# ਤੀਜਾ ਮਹਾਨ ਨਗਰ ਕੀਰਤਨ

**ਐਤਵਾਰ 7 ਅਪ੍ਰੈਲ 2024 ਸਵੇਰੇ 11 ਵਜੇ ਤੋਂ 4 ਵਜੇ ਤੱਕ**

### ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 11 ਮਾਰਚ ਦਿਨ ਸੋਮਵਾਰ 2024 ਤੋਂ 7 ਅਪ੍ਰੈਲ ਦਿਨ ਐਤਵਾਰ 2024 ਤੱਕ
ਸਮੂਹ ਸਾਥ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਪ੍ਰੈਲ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ - ਮਿਤੀ 7 ਅਪ੍ਰੈਲ 2024, 9 ਵਜੇ - ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ 6 ਅਪ੍ਰੈਲ - ਦਿਨ ਸ਼ਨੀਵਾਰ 2024 ਸ਼ਾਮ 4 ਵਜੇ**



ਭਾਈ ਅਮਰਜੀਤ ਸਿੰਘ ਤਾਨ



ਭਾਈ ਆਤਮਜੋਤ ਸਿੰਘ
(ਯੂਬਾ ਸਿਟੀ)



ਗੁਰਨਾਮ ਸਿੰਘ ਭੰਡਾਲ



ਹਜ਼ੂਰੀ ਰਾਗੀ ਜੱਥਾ ਭਾਈ ਗੁਰਦਿਆਲ ਸਿੰਘ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

- ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823
- ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468
- ਡਾ. ਜਗਮੇਲ ਸਿੰਘ ਰਾਏ (ਜਨਰਲ ਸਕੱਤਰ) 551 697 4769
- ਰਾਮਸੇਵਕ ਭਾਟੀਆ (ਕੈਸ਼ੀਅਰ) 530 649 5794
- ਦਲਵਿੰਦਰ ਰੱਲ (ਵਾਇਸ ਚੈਅਰਮੈਨ) 530 933 3938

**ਹੈਡ ਗ੍ਰੰਥੀ - ਭਾਈ ਗੁਰਦਿਆਲ ਸਿੰਘ**
**ਫੋਨ - 530 441 4165**

**ਗੁਰੂਘਰ ਦਾ ਫੋਨ ਨੰਬਰ**
**530 674 2564**

# SHRI GURU RAVIDASS TEMPLE

1480 HAYNE AVE YUBA CITY, CA 95993

# ਅਮਰੀਕਾ ਨੇ ਕੇਜਰੀਵਾਲ ਦੇ ਮਾਮਲੇ ਵਿਚ ਨਿਆਂਪੂਰਨ, ਪਾਰਦਰਸ਼ੀ ਤੇ ਸਮਾਂਬੱਧ ਕਾਨੂੰਨੀ ਪ੍ਰਕ੍ਰਿਆ ਦੀ ਗੱਲ ਦੁਹਰਾਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕੀ ਵਿਦੇਸ਼ ਵਿਭਾਗ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੁੱਦੇ 'ਤੇ ਨਵੀਂ ਦਿੱਲੀ ਵਿਚਲੇ ਆਪਣੇ ਕਾਰਜਕਾਰੀ ਡਿਪਟੀ ਚੀਫ ਆਫ ਮਿਸ਼ਨ ਗਲੋਰੀਆ ਬਰਬੇਨਾ ਨੂੰ ਭਾਰਤ ਸਰਕਾਰ ਵੱਲੋਂ ਤਲਬ ਕਰਨ ਦੇ ਇਕ ਦਿਨ ਬਾਅਦ ਆਪਣਾ ਪੱਖ ਮੁੜ ਦੁਹਰਾਇਆ ਹੈ।

ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਹ ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਰਹਿਣਗੇ।

ਵਿਦੇਸ਼ ਵਿਭਾਗ ਦੇ ਬੁਲਾਰੇ ਮੈਥੀਉ ਮਿਲਰ ਨੂੰ ਜਦੋਂ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਇਕ ਅਮਰੀਕੀ ਅਧਿਕਾਰੀ ਦੁਆਰਾ ਟਿੱਪਣੀ ਕਰਨ ਸਬੰਧੀ ਭਾਰਤ ਵੱਲੋਂ ਅਮਰੀਕੀ ਡਿਪਲੋਮੈਟ ਬਰਬੇਨਾ ਨੂੰ ਤਲਬ ਕਰਨ ਤੇ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਸੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਨਾਂ ਕਿਹਾ ਅਸੀਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫਤਾਰੀ ਸਮੇਤ ਇਨਾਂ ਮੁੱਦਿਆਂ ਤੇ ਕੰਮ ਕਰਦੇ ਰਹਾਂਗੇ। ਅਸੀਂ ਕਾਂਗਰਸ ਪਾਰਟੀ ਵੱਲੋਂ ਲਾਏ ਗਏ ਦੋਸ਼ ਕਿ ਉਸ ਦੇ ਟੈਕਸ ਅਧਿਕਾਰੀਆਂ ਦੁਆਰਾ ਕੁਝ ਬੈਂਕ ਖਾਤੇ ਜਾਮ ਕਰ ਦਿੱਤੇ ਗਏ ਹਨ ਜਿਸ ਕਾਰਨ ਚੋਣ ਪ੍ਰਚਾਰ ਕਰਨਾ ਇਕ ਚੁਣੌਤੀ ਹੋਵੇਗੀ, ਬਾਰੇ ਵੀ ਜਾਣਦੇ ਹਾਂ। ਮਿਲਰ ਨੇ ਜੋਰ ਦੇ ਕੇ ਕਿਹਾ ਕਿ ਅਸੀਂ ਇਨਾਂ ਵਿਚੋਂ ਹਰੇਕ ਮਾਮਲੇ ਵਿੱਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਹਾਂ ਤੇ ਅਸੀਂ ਨਹੀਂ ਸੋਚਦੇ ਕਿ ਇਸ ਉਪਰ ਕਿਸੇ ਨੂੰ ਇਤਰਾਜ ਹੋਵੇਗਾ।

# ਅਮਰੀਕਾ ਵਿਚ ਮਨੁੱਖੀ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਵਿਅਕਤੀ ਨੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਹਰਸ਼ਕੁਮਾਰ ਰਮਨਲਾਲ ਪਟੇਲ (28) ਜਿਸ





ਉਪਰ ਇਕ ਗੁਜਰਾਤੀ ਪਰਿਵਾਰ ਦੇ 4 ਜੀਆਂ ਸਮੇਤ ਹੋਰ ਲੋਕਾਂ ਨੂੰ ਕੈਨੇਡਾ ਤੋਂ ਮਿਨੀਸੋਟਾ (ਅਮਰੀਕਾ) ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਕਰਵਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੇ ਦਾਇਰ ਕੀਤੀ ਅਪੀਲ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਗੁਜਰਾਤੀ ਪਰਿਵਾਰ ਜਿਸ ਵਿਚ 2 ਬੱਚੇ ਸ਼ਾਮਿਲ ਸਨ 2022 ਵਿਚ ਕੈਨੇਡਾ-ਅਮਰੀਕਾ ਬਾਰਡਰ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਉਜਾੜ ਸੇਮ ਵਾਲੇ ਖੇਤਰ ਵਿਚ ਠੰਡ ਕਾਰਨ ਮਾਰਿਆ ਗਿਆ ਸੀ। ਪਟੇਲ ਨੇ ਟੈਲੀਕਾਨਫਰੰਸ ਰਾਹੀਂ ਯੂ ਐਸ ਮਜਿਸਟ੍ਰੇਟ ਲੀਓ ਬ੍ਰਿਸ਼ਬੋਇਸ ਡੁਲੁਥ, ਮਿਨੀਸੋਟਾ ਦੀ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ। ਪਟੇਲ ਵੱਲੋਂ ਕੀਤਾ ਡਰਾਈਵਰ ਸਟੀਵਨ ਸ਼ੈਂਡ ਵੀ ਦਾਇਰ ਅਪੀਲ ਵਿਚ ਆਪਣੇ ਆਪ ਨੂੰ ਨਿਰਦੋਸ਼ ਕਹਿ ਚੁੱਕਾ ਹੈ। ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਦੇ ਇਕ ਏਜੰਟ ਅਨੁਸਾਰ ਪਟੇਲ ਨੂੰ ਭਾਰਤ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ 4 ਵਾਰ ਤੇ ਓਟਾਵਾ,ਕੈਨੇਡਾ ਵਿਚਲੇ ਅਮਰੀਕੀ ਕੌਂਸਲਖਾਨੇ ਵੱਲੋਂ ਇਕ ਵਾਰ ਅਮਰੀਕਾ ਦਾ ਵੀਜਾ ਦੇਣ ਤੋਂ ਇਨਕਾਰ ਕੀਤਾ ਜਾ ਚੁੱਕਾ ਹੈ। ਉਹ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਹੈ। ਅਦਾਲਤੀ ਦਸਤਾਵਜਾਂ ਅਨੁਸਾਰ ਪਟੇਲ ਦਾ ਭਾਰਤੀ ਰਾਜ ਗੁਜਰਾਤ ਦੇ ਇਕ ਮਨੁੱਖੀ ਤਸਕਰੀ ਗਰੁੱਪ ਨਾਲ ਸਬੰਧ ਹੈ। ਇਹ ਗਰੁੱਪ ਕਥਿੱਤ ਤੌਰ 'ਤੇ ਭਾਰਤੀਆਂ ਨੂੰ ਵਿਦਿਆਰਥੀ ਵੀਜੇ ਉਪਰ ਕੈਨੇਡਾ ਦਾਖਲ ਕਰਵਾਉਂਦਾ ਹੈ ਤੇ ਬਾਅਦ ਵਿਚ ਅਮਰੀਕਾ ਵਿਚ ਦਾਖਲ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੰਮ ਬਦਲੇ ਉਹ ਮੋਟੀ ਰਕਮ ਵਸੂਲਦੇ ਹਨ।

# ਹਿੰਸਾ ਗ੍ਰਸਤ ਹੈਤੀ ਤੋਂ 21 ਅਮਰੀਕੀਆਂ ਨੂੰ ਲੈ ਕੇ ਇਕ ਹੋਰ ਜਹਾਜ਼ ਫਲੋਰਿਡਾ ਪੁੱਜਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਗਿਰੋਹ ਹਿੰਸਾ ਤੇ ਰਾਜਸੀ ਅਸਥਿੱਰਤਾ ਕਾਰਨ ਮਚੀ ਅਫਰਾ ਤਫਰੀ ਦੇ ਦਰਮਿਆਨ ਹੈਤੀ ਤੋਂ ਇਕ ਜਹਾਜ਼ 21 ਅਮਰੀਕੀਆਂ ਨੂੰ ਲੈ ਕੇ ਓਰਲੈਂਡੋ (ਫਲੋਰਿਡਾ) ਪੁੱਜਾ। ਫਲੋਰਿਡਾ ਡਵੀਜਨ ਆਫ ਐਮਰਜੈਂਸੀ ਮੈਨਜਮੈਂਟ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਹੁਣ ਤੱਕ 35 ਅਮਰੀਕੀਆਂ ਨੂੰ ਹੈਤੀ ਵਿਚੋਂ ਸੁਰੱਖਿਅਤ ਕੱਢ ਲਿਆ ਗਿਆ ਹੈ। ਏਜੰਸੀ ਅਨੁਸਾਰ ਕੈਰੀਬੀਅਨ ਦੇਸ਼ ਹੈਤੀ ਤੋਂ ਓਰਲੈਂਡੋ ਲਿਆਂਦੇ ਅਮਰੀਕੀਆਂ ਨੂੰ ਖਾਣ- ਪਾਣੀ, ਰਿਹਾਇਸ਼, ਆਵਾਜਾਈ, ਸਿਹਤ ਤੇ ਫੋਨ ਸਮੇਤ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ। ਕਾਰਜਕਾਰੀ ਡਾਇਰੈਕਟਰ ਕੈਵਿਨ ਗੁਥਰੀ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਡਵੀਜ਼ਨ ਅਮਰੀਕੀ ਨਾਗਰਿਕਾਂ ਨੂੰ ਹੈਤੀ ਵਿਚੋਂ ਲਿਆਉਣ ਲਈ 24 ਘੰਟੇ ਕੰਮ ਕਰ ਰਹੀ ਹੈ ਤੇ ਹਰ ਉਸ ਅਮਰੀਕੀ ਨੂੰ ਸੁਰੱਖਿਅਤ ਕੱਢਕੇ ਲਿਆਂਦਾ ਜਾਵੇਗਾ ਜੋ ਉਥੋਂ ਆਉਣਾ ਚਹੁੰਦਾ ਹੈ। ਉਨਾਂ ਕਿਹਾ ਕਿ ਗਵਰਨਰ ਦਾ ਆਦੇਸ਼ ਹੈ ਕਿ ਹੈਤੀ ਤੋਂ ਅਮਰੀਕੀਆਂ ਨੂੰ ਲਿਆਉਣ ਲਈ ਹਰੇਕ ਚੁਣੌਤੀ ਨਾਲ ਨਜਿੱਠਿਆ ਜਾਵੇ ਤੇ ਮਿਸ਼ਨ ਮੁਕੰਮਲ ਹੋਣ ਤੱਕ ਕੋਸ਼ਿਸ਼ਾਂ ਜਾਰੀ ਰਖੀਆਂ ਜਾਣ। ਇਥੇ ਜਿਕਰਯੋਗ ਹੈ ਕਿ ਹੈਤੀ ਵਿਚ ਫੱਸੇ ਫਲੋਰਿਡਾ ਦੇ ਵਿਅਕਤੀਆਂ ਵੱਲੋਂ ਕੀਤੀਆਂ ਅਨੇਕਾਂ ਬੇਨਤੀਆਂ ਉਪਰੰਤ ਗਵਰਨਰ ਨੇ 15 ਮਾਰਚ ਨੂੰ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਸੀ ਤੇ ਆਦੇਸ਼ ਦਿੱਤਾ ਸੀ ਕਿ ਅਮਰੀਕੀਆਂ ਨੂੰ ਹੈਤੀ ਵਿਚੋਂ ਕੱਢਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਪਹਿਲਾ ਜਹਾਜ਼ ਪਿਛਲੇ ਹਫਤੇ 14 ਅਮਰੀਕੀਆਂ ਨੂੰ ਲੈ ਕੇ ਓਰਲੈਂਡੋ ਸੈਨਫੋਰਡ ਇੰਟਰਨੈਸ਼ਨਲ ਏਅਰਪੋਰਟ 'ਤੇ ਪੁੱਜਾ ਸੀ।

# ਅਮਰੀਕਾ ਵਿਚ ਸਕੂਲ ਦੀ ਬੱਸ ਨਾਲ ਟੱਕਰ ਮਾਰਨ ਵਾਲੇ ਟਰੱਕ ਦੇ ਡਰਾਈਵਰ ਨੂੰ ਕੀਤਾ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਪਿਛਲੇ ਹਫਤੇ ਟੈਕਸਾਸ ਵਿਚ ਪ੍ਰੀ ਕੇ ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਬੱਸ ਨਾਲ ਟੱਕਰ ਮਾਰਨ ਵਾਲੇ ਇਕ ਕੰਕਰੀਟ ਟਰੱਕ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲੈਣ ਤੇ ਉਸ ਵੱਲੋਂ ਹਾਦਸੇ ਤੋਂ ਪਹਿਲਾਂ ਸ਼ੌਕੀਆ ਡਰੱਗ ਲੈਣ ਦੀ ਗੱਲ ਮੰਨ ਲੈਣ ਦੀ ਖਬਰ ਹੈ। ਇਸ ਹਾਦਸੇ ਵਿਚ ਇਕ ਵਿਦਿਆਰਥੀ ਸਮੇਤ 2 ਵਿਅਕਤੀ ਮਾਰੇ ਗਏ ਸਨ। ਇਹ ਹਾਦਸਾ ਉਸ ਸਮੇ ਹੋਇਆ ਸੀ ਜਦੋਂ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ ਪ੍ਰੀ-ਕੇ ਸ਼੍ਰੇਣੀ ਦੇ 40 ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਸਮੇਤ 51 ਵਿਅਕਤੀਆਂ ਨੂੰ ਲੈ ਕੇ ਬੱਸ ਬਸਟਰਾਪ ਕਾਊਂਟੀ ਦੇ ਇਕ ਚਿੜਿਆ ਘਰ ਤੋਂ ਵਾਪਿਸ ਪਰਤ ਰਹੀ ਸੀ। ਹਾਦਸੇ ਉਪਰੰਤ ਜਖਮੀ ਹੋਏ 32 ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇਸ ਹਾਦਸੇ ਵਿਚ ਵਿਦਿਆਰਥੀ ਉਲੀਸਸ ਰੌਡਰਿਗਜ਼ ਮੋਨਟੋਇਆ ਤੇ 33 ਸਾਲਾ ਵਿਅਕਤੀ ਰਿਆਨ ਵਾਲੇਸ ਦੀ ਮੌਤ ਹੋ ਗਈ ਸੀ। ਗ੍ਰਿਫਤਾਰ ਕੀਤੇ ਡਰਾਈਵਰ 42 ਸਾਲਾ ਜੈਰੀ ਹਰਨਾਂਡੇਜ਼ ਵਿਰੁੱਧ ਅਪਰਾਧਕ ਲਾਪਰਵਾਹੀ ਵਰਤਣ ਦੇ ਦੋਸ਼ ਲਾਏ ਗਏ ਹਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਦੇ ਇੰਡਿਆਨਾਪੋਲਿਸ ਸ਼ਹਿਰ ਵਿਚ ਵਾਪਰੀ ਗੋਲੀਬਾਰੀ ਦੀ ਤਾਜਾ ਘਟਨਾ ਵਿਚ 7 ਨੌਜਵਾਨ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਇੰਡਿਆਨਾ ਰਾਜ ਦੀ ਰਾਜਧਾਨੀ ਇੰਡਿਆਨਾਪੋਲਿਸ ਦੇ ਹੇਠਲੇ ਖੇਤਰ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ 12 ਤੋਂ 17 ਸਾਲਾਂ ਦੇ 7 ਨਬਾਲਗਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਇੰਡਿਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਅਨੁਸਾਰ ਸਥਾਨਕ ਸਮੇ ਅਨੁਸਾਰ ਰਾਤ 11।30 ਵਜੇ ਦੇ ਆਸ ਪਾਸ ਸਰਕਲ ਸੈਂਟਰ ਮਾਲ ਨੇੜੇ ਗਸ਼ਤ ਕਰ ਰਹੇ ਪੁਲਿਸ ਅਫਸਰਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਜਿਥੇ ਵੱਡੀ ਗਿਣਤੀ ਵਿਚ ਨੌਜਵਾਨ ਮੌਜੂਦ ਸਨ। ਇੰਡਿਆਨਾਪੋਲਿਸ ਪੁਲਿਸ ਡਿਪਟੀ ਚੀਫ ਤਾਨੀਆ ਟੈਰੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 6 ਨਬਾਲਗ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਸਾਰੇ ਨਬਾਲਗਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਬਾਅਦ ਵਿਚ ਇਕ ਹੋਰ ਬੱਚਾ ਕਿਸੇ ਹੋਰ ਹਸਪਤਾਲ ਵਿਚ ਜਖਮੀ ਹਾਲਤ ਵਿਚ ਪੁੱਜਾ। ਡਿਪਟੀ ਚੀਫ ਅਨੁਸਾਰ ਸਾਰੇ ਪੀੜਤਾਂ ਦੀ ਹਾਲਤ ਸਥਿੱਰ ਹੈ। ਉਨਾਂ ਕਿਹਾ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਪਿੱਛੇ ਕਾਰਨ ਕੀ ਹੈ ਜਾਂ ਕਿੰਨੇ ਲੋਕਾਂ ਨੇ ਗੋਲੀਆਂ ਚਲਾਈਆਂ। ਇਸ ਮਾਮਲੇ ਵਿਚ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ। ਟੈਰੀ ਨੇ ਕਿਹਾ ਹੈ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਵਿਚ ਵੱਖ ਵੱਖ ਕਿਸਮ ਦੇ ਹਥਿਆਰਾਂ ਦੀ ਵਰਤੋਂ ਹੋਈ ਹੈ। ਉਨਾਂ ਕਿਹਾ ਕਿ ਇਹ ਬਹੁਤ ਚਿੰਤਾ ਵਾਲੀ ਗੱਲ ਹੈ ਕਿ ਨੌਜਵਾਨ ਆਪਸੀ ਮਸਲੇ ਗੋਲੀਬਾਰੀ ਨਾਲ ਹੱਲ ਕਰਨਾ ਚਹੁੰਦੇ ਹਨ । ਇਸ ਪ੍ਰਵ੍ਰਿਤੀ ਨੂੰ ਰੋਕਣਾ ਪਵੇਗਾ।



# ਅਮਰੀਕਾ ਦੀ ਇਕ ਅਦਾਲਤ ਨੇ 2 ਦਹਾਕੇ ਤੋਂ ਵਧ ਸਮਾਂ ਕੈਦ ਕੱਟਣ ਉਪਰੰਤ 3 ਕੈਦੀਆਂ ਨੂੰ ਕੀਤਾ ਬਰੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਇਕ ਜੱਜ ਵੱਲੋਂ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਹੇ 3 ਵਿਅਕਤੀਆਂ ਜੋ 'ਚੈਸਟਰ ਤਿਕੜੀ' ਦੇ ਨਾਂ ਨਾਲ ਪ੍ਰਸਿੱਧ ਹਨ, ਨੂੰ ਬਰੀ ਕਰ ਦੇਣ ਦੀ ਖਬਰ ਹੈ ਜੋ 2 ਦਹਾਕੇ ਤੋਂ ਵਧ ਸਮਾਂ ਕੈਦ ਕੱਟ ਚੁੱਕੇ ਹਨ। ਡੈਰਿਕ ਚੈਪਲ (41), ਮੋਰਟਨ ਜੌਹਨਸਨ (44) ਤੇ ਸੈਮੂਏਲ ਗਰਾਸਟੀ (47) ਨੂੰ 1997 ਵਿਚ ਚੈਸਟਰ, ਪੈਨਸਿਲਵਾਨੀਆ ਵਿਚ 70 ਸਾਲਾ ਵਿਅਕਤੀ ਹੈਨਰੀਏਟਾ ਨਿਕਨਸ ਦੀ ਹੱਤਿਆ ਦੇ ਮਾਮਲੇ ਵਿੱਚ 2000 ਤੇ 2001 ਵਿਚ ਸੈਕੰਡ ਡਿਗਰੀ ਹੱਤਿਆ ਤੇ ਹੋਰ ਦੋਸ਼ਾਂ ਤਹਿਤ ਵੱਖ ਵੱਖ ਸੁਣਵਾਈ ਦੌਰਾਨ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਨਿਰੰਤਰ ਆਪਣੇ ਆਪ ਨੂੰ ਨਿਰਦੋਸ਼ ਕਹਿੰਦੇ ਰਹੇ ਹਨ। ਪਿਛਲੇ ਸਾਲ ਇਨਾਂ ਤਿੰਨਾਂ ਨੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਮੁਕੱਦਮੇ ਦੀ ਦੁਬਾਰਾ ਸੁਣਵਾਈ ਦਾ ਆਦੇਸ਼ ਦਿੱਤਾ ਜਾਵੇ ਕਿਉਂਕਿ ਨਵਾਂ ਡੀ ਐਨ ਏ ਸਬੂਤ ਕਿਸੇ ਹੋਰ ਅਣਪਛਾਤੇ ਵਿਅਕਤੀ ਦੇ ਦੋਸ਼ੀ ਹੋਣ ਵੱਲ ਇਸ਼ਾਰਾ ਕਰਦਾ ਹੈ। ਡੇਲਵੇਅਰ ਕਾਊਂਟੀ ਜੱਜ ਮੈਰੀ ਬਰੀਨਾਨ ਨੇ ਇਸ ਨਾਲ ਸਹਿਮਤੀ ਹੁੰਦਿਆਂ ਉਨਾਂ ਦੀ ਸਜ਼ਾ ਰੱਦ ਕਰਨ ਦਾ ਆਦੇਸ਼ ਦਿੱਤਾ ਹੈ ਤੇ ਉਨਾਂ ਦੇ ਮੁਕੱਦਮੇ ਦੀ ਨਵੇਂ ਸਿਰੇ ਤੋਂ ਸੁਣਵਾਈ ਦੀ ਬੇਨਤੀ ਪ੍ਰਵਾਨ ਕਰ ਲਈ ਹੈ।

# ਮਿਸ਼ਨਰੀ ਗੀਤਕਾਰ ਰੱਤੂ ਰੰਧਾਵੇ ਵਾਲਾ ਮਨੈਰਵੀਓ (ਬਰੇਸ਼ੀਆਂ) ਵਿਖੇ ਗੋਲਡ ਮੈਡਲ ਨਾਲ ਸਨਮਾਨਿਤ





**ਰੋਮ (ਇਟਲੀ) ਟੇਕ ਚੰਦ ਜਗਤਪੁਰ–** ਅਨੇਕਾਂ ਹਿੱਟ ਗੀਤਾ ਦੇ ਚਰਚਿਤ ਗੀਤਕਾਰ ਰੱਤੂ ਰੰਧਾਵੇ ਵਾਲਾ ਇਨੀਂ ਦਿਨੀ ਯੂਰਪ ਦੌਰੇ ਤੇ ਆਏ ਹੋਏ ਹਨ। ਜਰਮਨੀ ਤੋਂ ਬਾਅਦ ਇਟਲੀ ਪਹੁੰਚ ਕੇ ਜਿਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਉਥੇ ਹੀ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਵੀਓ (ਬਰੇਸ਼ੀਆਂ) ਵਿਖੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਅਹੁਦੇਦਾਰਾਂ ਵਲੋ ਗੋਲਡ ਮੈਂਡਲ ਨਾਲ ਸਨਮਾਨਿਤ ਕੀਤਾ ਗਿਆ। ਰੱਤੂ ਰੰਧਾਵੇ ਵਾਲਾ ਨੂੰ ਇਹ ਸਨਮਾਨ ਪਿਛਲੇ ਲਗਭਗ 40 ਸਾਲਾਂ ਤੋ ਗੀਤਕਾਰੀ ਦੇ ਖੇਤਰ 'ਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਦਿੱਤਾ ਗਿਆ।ਇਸ ਖੁਸ਼ੀ ਦੇ ਮੌਕੇ ਤੇ ਰੱਤੂ ਰੰਧਾਵਾ ਵਾਲੇ ਨੇ ਕਿਹਾ ਕਿ ਇਸ ਸਨਮਾਨ ਨਾਲ ਉਸ ਦੀ ਸਮਾਜ ਪ੍ਰਤੀ ਹੋਰ ਜਿੰਮੇਵਾਰੀ ਵੱਧ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਉਸ ਨੇ ਹਮੇਸ਼ਾਂ ਹੀ ਮਿਆਰੀ ਗੀਤਾਂ ਨੂੰ ਪਹਿਲ ਦਿੱਤੀ ਹੈ।

ਉਹ ਮਿਸ਼ਨ ਲਈ ਹਮੇਸ਼ਾਂ ਸਮਰਪਿਤ ਭਾਵਨਾ ਨਾਲ ਗੀਤਕਾਰੀ ਦੇ ਜਰੀਓ ਆਪਣਾ ਯੋਗਦਾਨ ਪਾਉਦੇ ਰਹਿਣਗੇ। ਇਸ ਮੌਕੇ ਤੇ ਸ੍ਰੀ ਅਮਰੀਕ ਲਾਲ ਦੋਲੀਕੇ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਬਰੇਸ਼ੀਆਂ, ਸਰਬਜੀਤ ਵਿਰਕ, ਗਾਇਕ ਸੋਡੀ ਮੱਲ, ਪੰਮਾ ਲਧਾਣਾ, ਸ੍ਰੀ ਕੇਸ਼ਵ ਢੰਡਾ ਚੇਅਰਮੈਨ ਗਲੋਬਲ ਰਵਿਦਾਸੀਆਂ ਵੈਲਫੇਅਰ ਆਰਗੇਨਾਈਜੇਸ਼ਨ ਯੂਰਪ, ਅਸ਼ੋਕ ਕੁਮਾਰ ਚੰਦੜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ, ਅ਼ਸ਼ਵਨੀ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰੇਮੋਨਾ, ਡਾ ਖੁਸ਼ੀ ਰਾਮ ਸੁੰਮਨ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਭਵਨ ਤਰਵੀਜੋ, ਨਵਦੀਪ ਸਿੰਘ ਜਗਤਪੁਰ ਜ ਸਕੱਤਰ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ, ਕਸ਼ਮੀਰ ਲਾਲ ਮਹਿੰਮੀ ਪਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਮਿਲੀਆ, ਆਦਿ ਹਾਜਰ ਸਨ।




# ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ ਜੀ ਦੇ ਨਮਿੱਤ ਅੰਤਿਮ ਅਰਦਾਸ ਸ਼ਰਧਾਂਜਲੀ ਸਮਾਗਮ ਮੌਕੇ ਬੇਗਮਪੁਰਾ ਮਿਸ਼ਨ ਡਾਇਰੀ ਰਿਲੀਜ਼ ਕੀਤੀ ਗਈ

**ਭੋਗਪੁਰ (ਡੀ.ਡੀ.ਬੀ.)–** ਮਾਂ ਦਾ ਰੁਤਬਾ ਸਭ ਤੋਂ ਉੱਚਾ ਹੁੰਦਾ ਹੈ। ਮਾਂ ਨੂੰ ਜਗਤ ਦੀ ਜਨਨੀ ਕਿਹਾ ਜਾਂਦਾ ਹੈ। ਮਾਂ ਹੀ ਮਨੁੱਖ ਦਾ ਪਹਿਲਾ ਗੁਰੂ ਹੁੰਦੀ ਹੈ। ਆਦਿ ਵਾਸੀ ਸਮਾਜ ਦੀਆਂ ਮਾਵਾਂ ਬਹੁਤ ਮਿਹਨਤੀ, ਸਿਰੜੀ ਅਤੇ ਤਿਆਗ ਦੀਆਂ ਮੂਰਤਾਂ ਹਨ। ਉਨ੍ਹਾਂ ਨੇ ਅੱਤ ਦੀ ਗਰੀਬੀ ਨਾਲ ਜੂਝਦਿਆਂ, ਹੱਡ ਭੰਨਵੀ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ। ਇਸੇ ਤਰ੍ਹਾਂ ਦੇ ਹੀ ਨਿਮਰਤਾ ਅਤੇ ਤਿਆਗ ਦੀ ਮੂਰਤ, ਮਿਠ ਬੋਲੜੇ ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ ਜੀ ਜੋ ਪਿਛਲੇ ਦਿਨੀ ਇਸ ਸੰਸਾਰ ਤੋਂ ਰੁਖਸਤ ਹੋ ਗਏ ਉਨ੍ਹਾਂ ਨਮਿਤ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਕੀਰਤਨ, ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 24 ਮਾਰਚ 2024 ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬਿਨਪਾਲਕੇ ਜਿਲਾ ਜਲੰਧਰ ਵਿਖੇ ਹੋਇਆ। ਇਸ ਮੌਕੇ ਸਤਿਗੁਰੂ ਜੀ ਦੀ ਵੈਰਾਗਮਈ ਬਾਣੀ ਦਾ ਕੀਰਤਨ ਭਾਈ ਪ੍ਰਭਜੀਤ ਸਿੰਘ ਪੰਡੋਰੀ ਨਿੱਝਰਾਂ ਵਾਲਿਆਂ ਨੇ ਕੀਤਾ। ਬੁਲਾਰਿਆਂ ਵਿੱਚ ਬੀਬੀ ਜਗਦੀਸ਼ ਕੌਰ ਲੁ–ਧਿਆਣਾ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੀਬੀ ਜੀ ਦਾ ਪਰਿਵਾਰ ਸ੍ਰੀ ਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ। ਬੀਬੀ ਜੀ ਦੇ ਪਤੀ ਸਤਿਕਾਰਯੋਗ ਸ੍ਰੀ ਅਰਜਨ ਰਾਮ ਜੀ 34 ਸਾਲ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨੇ ਸਕੂਲੀ ਵਿਦਿਆ ਤਾਂ ਨਹੀਂ ਲਈ ਸੀ ਪਰ ਆਪਣੇ ਮਾਮਾ ਸ। ਬਸੰਤ ਸਿੰਘ ਜੀ ਤੋਂ ਗੁਰਬਾਣੀ ਸਿੱਖ ਲਈ ਸੀ ਜਿਸ ਦਾ ਉਹ ਨਿਤਨੇਮ ਕਰਦੇ ਸਨ ਇਸ ਤਰ੍ਹਾਂ ਉਨਾਂ ਨੇ ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਉਹ ਵੀ ਬਹੁਤ ਮਿਹਨਤੀ, ਨਿਮਰਤਾ ਅਤੇ ਮਿੱਠ ਬੋਲੜੇ ਸਨ ਅਤੇ ਕੱਪੜਾ ਬੁਣਨ ਦਾ ਕਿੱਤਾ ਕਰਦੇ ਸਨ। ਬੀਬੀ ਜੀ ਨੇ ਬੜੀ ਮਿਹਨਤ ਮਸ਼ੱਕਤ ਨਾਲ ਆਪਣੇ ਬੱਚਿਆਂ ਨੂੰ ਅੱਗੇ ਵਧਾਇਆ। ਬੀਬੀ ਜੀ ਦੇ ਸਪੁੱਤਰ ਨਰੰਜਨ ਜੀਤ, ਇੰਦਰਜੀਤ ਅਤੇ ਸਪੁੱਤਰੀ ਜਸਵਿੰਦਰ ਕੌਰ ਸਤਿਗੁਰਾਂ ਦੇ ਮਿਸ਼ਨ ਦੀ ਸੇਵਾ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਸਪੁੱਤਰ ਚਰਨਜੀਤ ਸਿੰਘ ਬਿਨਪਾਲਕੇ ਅਤੇ ਨੂੰਹ ਸ਼ਾਂਤੀ ਰਾਣੀ ਪਿਛਲੇ 30 ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ। ਬਿਨਪਾਲਕੇ ਦੇ ਮਾਧਿਅਮ ਤੋਂ ਸਤਿਗੁਰਾਂ ਦੇ ਮਿਸ਼ਨ ਪ੍ਰਚਾਰ ਲਈ ਦਿਨ–ਰਾਤ ਸੇਵਾ ਕਰ ਰਹੇ ਹਨ। ਸਭ ਤੋਂ ਛੋਟਾ ਸਪੁੱਤਰ ਭਾਈ ਦਿਲਬਾਗ ਸਿੰਘ ਜੋ ਅੱਜ ਕੱਲ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵਿਖੇ ਗੁਰੂ ਘਰ ਦੇ ਗ੍ਰੰਥੀ ਅਤੇ ਕੀਰਤਨ ਦੀ ਸੇਵਾ ਨਿਭਾ ਰਿਹਾ ਹੈ। ਬੀਬੀ ਜੀ ਦੀ ਸਾਰੀ ਫੁਲਵਾੜੀ ਸਤਿਗੁਰਾਂ ਦੇ ਮਿਸ਼ਨ ਨੂੰ ਸਮਰਪਿਤ ਹੈ। ਉਘੇ ਵਿਦਵਾਨ ਰੂਪ ਲਾਲ ਭੇਲ ਨੇ ਗੁਰੂ ਰਵਿਦਾਸ ਜੀ ਦੀ ਜਗਨਨਾਥਪੁਰੀ ਦੀ ਯਾਤਰਾ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਐਕਸੀਅਨ ਜਸਵੰਤ ਰਾਏ, ਐਡਵੋਕੇਟ ਬਲਵਿੰਦਰ ਕੁਮਾਰ, ਹਰਬਲਿੰਦਰ ਸਿੰਘ ਬੋਲੀਨਾ ਅਤੇ ਪੂਜਾ ਅੰਬੇਡਕਰ ਨੇ ਆਪਣੀ ਵਿਚਾਰ ਰੱਖੇ। ਅੰਤ ਵਿੱਚ ਬੀਬੀ ਜੀ ਦੀ ਪੋਤਰੀ ਏਂਜਲ ਕੌਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੂਰਤੀ ਲਾਲ ਨੇ ਨਿਭਾਈ। ਭਾਈ ਕੇਵਲ ਸਿੰਘ ਚਾਕਰ ਮੁੱਖ ਪ੍ਰਬੰਧਕ ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦਾ ਸ਼ੋਕ ਸੰਦੇਸ਼ ਪੜ ਕੇ ਸੁਣਾਇਆ ਗਿਆ। ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ, ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਕੈਲੀਫੋਰਨੀਆ, ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਤੋਂ ਐਡਵੋਕੇਟ ਡਾ. ਹਰਦੀਪ ਸਿੰਘ ਭਟੋਆ ਅਤੇ ਡਾ. ਬੀ. ਆਰ. ਅੰਬੇਡਕਰ ਚੇਤਨਾ ਸੋਸਾਇਟੀ ਭੋਗਪੁਰ ਦਾ ਸ਼ੋਕ ਸੰਦੇਸ਼ ਪੜ੍ਹ ਕੇ ਹਾਜ਼ਰੀ ਲਗਵਾਈ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਸੰਮਤ 647 (ਸਾਲ 2024–25) ਦੀ ਬੇਗਮਪੁਰਾ ਮਿਸ਼ਨ ਡਾਇਰੀ ਵੀ ਭੇਟ ਕੀਤੀ ਗਈ ਜੋ ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਪ੍ਰਕਾਸ਼ਨ ਹੇਠ ਤਿਆਰ ਕੀਤੀ ਬੇਗਮਪੁਰਾ ਮਿਸ਼ਨ ਡਾਇਰੀ।



































ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੁੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ।

ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ। ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ। ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ।

ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ**

ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਜੀ ਦੀ ਆਪਣੀ ਇਕ ਲਿਖਤ

# ਲੋਕ ਦਲ, ਲੋਕ ਸੁਪਨੇ ਅਤੇ ਚੋਣ



ਗੁਰਮੀਤ ਪਲਾਹੀ
91-98158-02070

ਆਪਣੇ ਲੋਕ-ਸਥਾਨ ਵਿੱਚ ਜਨਤਕ ਤੌਰ 'ਤੇ ਅੱਗੇ ਵਧਣ ਲਈ ਸੁਰਾਂ ਨੂੰ ਭਰਮ ਨੂੰ ਦਿਲਖਿੱਚਵਾਂ ਸੁਪਨੇ ਦਿਖਾਈ ਦਿੰਦਾ ਹੈ। ਬਿਜਲੀ ਦੇ ਵਿਕਾਸ ਕਰਨਾ, ਸਬਸਿਡੀਆਂ ਦੇਣਾ ਆਦਿ ਸੁਪਨਿਆਂ 'ਚ ਸ਼ਾਮਲ ਕਰਨਾ। ਜੇਕਰ ਤੁਸੀਂ ਇਸ ਨੂੰ ਹੋਰ ਵੀ ਕਹਿ ਸਕਦੇ ਹੋ ਤਾਂ ਹੋਮ ਲੋਕ ਸਭਾ ਚੋਣਾਂ ਵਿੱਚ ਇਹ ਭਰਮਾਰ ਹੀ ਹੋ ਸਕਦੀ ਹੈ। ਦੇਸ਼ ਦੇ ਆਗੂ ਧੜਾ-ਉੜਤ-ਉੜ-ਨਵੇਂ ਪ੍ਰੋਜੈਕਟਾਂ ਦਾ ਨੀਹ ਪੱਥਰ ਰੱਖਦੀ ਹੈ, ਕਈ ਪ੍ਰੋਜੈਕਟਾਂ, ਪ੍ਰੋਜੈਕਟਾਂ ਦੇ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ, ਜਿਸ ਨਾਲ ਇਹ ਪ੍ਰੋਜੈਕਟ ਆਪਣੇ ਆਪ ਨੂੰ ਪ੍ਰਭਾਵਿਤ ਕਰਨ ਵਾਲੇ ਸੁਪਨਿਆਂ ਦਾ ਸ਼ਿੰਗਾਰ ਬਣਾਉਂਦੇ ਹਨ?

ਦੇਸ਼ ਦੇ ਵਿਕਾਸ ਵਿਕਾਸ ਦੀ ਜ਼ੁੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਹੁੰਦੇ ਹਨ। ਹਰ ਵਿਕਾਸ ਸਰਕਾਰ ਵਿਕਾਸ ਨੂੰ ਅੰਕਿਤ ਕੀਤਾ ਗਿਆ ਹੈ। ਤੀ ਬਜ਼ਟ, ਫਿਰ ਸੋਧਿਆ ਬਜ਼ਟ ਅਤੇ ਉਸ ਤੋਂ ਅਸਲ ਬਜ਼ਟ। ਇਸ ਦੀ ਜਾਦੂਗਰੀ ਹੁੰਦੀ ਹੈ, ਨਾਲ ਹੀ ਨਾਲ/ਵੋਟਰਾਂ ਨੂੰ ਲੋਕ ਸਰਕਾਰਾਂ ਗੁਜ਼ਾਰਾ ਕਰਦੇ ਹਨ।

ਸਭ ਤੋਂ ਪਹਿਲਾਂ ਬਜ਼ਟ ਪੇਸ਼ ਕਰਨਾ ਲੱਗਦਾ ਹੈ ਉਨ੍ਹਾਂ ਨੂੰ ਸੁਪਨੇ ਦਿਖਾਏ ਜਾਂਦੇ ਹਨ। ਸੋਧੇ ਹੋਏ ਬਟਜ਼ ਵਿੱਚ ਕਈ ਥਾਂਵਾਂ 'ਤੇ ਨੁਕਤੇ 'ਤੇ ਸੁਪਨਿਆਂ ਦੇ ਅਧਾਰ ਦੇ ਆਧਾਰ 'ਤੇ ਸ਼ਾਮਲ ਹੁੰਦੇ ਹਨ ਅਤੇ ਵਿਕਾਸ ਸਾਲ ਸ਼ੁਰੂ ਕਰਦੇ ਹਨ। ਉਹਨਾਂ ਲੋਕਾਂ ਨੂੰ ਹੀ ਕਿਹਾ ਕਿ ਅਸਲ ਵਿੱਚ ਸੱਚਮੁੱਚ ਸਾਹਮਣੇ ਆਉਣਾ ਹੈ, ਆਮ ਲੋਕ ਲਹਿਰਾਂ ਵਿੱਚ ਉਹਨਾਂ ਦੇ ਸੁਪਨੇ ਪੂਰੇ ਹੁੰਦੇ ਹਨ, ਉਹਨਾਂ ਨੂੰ ਉਹਨਾਂ ਨੂੰ ਸਮਝਿਆ ਜਾਂਦਾ ਹੈ।

ਇਹ ਸਭ ਵਿਡੰਬਨਾ ਸਰਕਾਰਾਂ ਤੋਂ ਦੂਗਰੀ ਦਾ ਜਵਾਬ ਮੰਗਦਾ ਹੈ ਬਜ਼ਟ ਨੂੰ ਇੱਕ ਪਲਕ ਦੇ ਵਿਕਾਸ ਲਈ ਮਜ਼ਬੂਤੀ ਕਿ ਅਸਲ ਵਿੱਚ ਬਹੁਤ ਜ਼ਿਆਦਾ ਰਹਿ ਸਕਦਾ ਹੈ ਅਤੇ ਦੂਜੇ ਪਾਸੇ ਦੇ ਸਮਰਥਨ ਨੂੰ ਲਾਗੂ ਕਰਨ 'ਤੇ ਲਾਗੂ ਹੁੰਦਾ ਹੈ।



ਆਮ ਲੋਕ ਜਨਤਕ ਵਿਕਾਸ ਵਿਚਾਰਾਂ ਵਿੱਚ ਬਹੁਤ ਸਾਰੇ ਸ਼ਾਮਲ ਹਨ। ਮੋਟੇ ਤੌਰ 'ਤੇ 'ਉਨ੍ਹਾਂ ਨੂੰ ਤਨਖ਼ਾਹ ਖ਼ਾਹ' ਵਿੱਚ ਬਦਲਾਵ ਉਸੇ ਤਰ੍ਹਾਂ ਦੇ ਵਿਕਾਸ ਦੇ ਹਿੱਸੇ ਸਭ ਤੋਂ ਦਿਲ ਨੂੰ ਚੰਗਾ ਲੱਗਦਾ ਹੈ। ਉਨ੍ਹਾਂ ਸਾਰੇ ਲੋਕਾਂ ਵਿੱਚ ਉਨ੍ਹਾਂ ਨੂੰ ਯਾਦ ਕਰਨ ਲਈ ਕਿਹਾ ਹੈ, ਉਲਟਾ ਉਨ੍ਹਾਂ ਨੂੰ ਸ਼ਾਮਲ ਕਰਨ ਦੀ ਗੱਲ 'ਤੇ ਵਿਚਾਰ ਕਰਨਾ ਹੈ। ਆਮ ਤੌਰ 'ਤੇ ਇਸ ਵੇਲੇ ਆਮ ਤੌਰ 'ਤੇ ਅੱਗੇ ਵਧਦਾ ਹੈ, 'ਚੋਣ ਦੀਆਂ ਵਰਤੀਆਂ ਜਾਂਦੀਆਂ ਹਨ ਦੇ ਭਾਅ ਵਧਦੇ ਹਨ ਅਤੇ ਇਸ ਦਾ ਨਿਸ਼ਾਨਾ ਹੁੰਦਾ ਹੈ। ਵੈਸੇ ਆਮ ਮਹਿੰਗਾਈ ਨੂੰ ਤਾਂ ਉਹ ਸਾਈਕਲ ਦਾ ਇਕ ਹਿੱਸਾ ਸਮਝਦਾ ਹੈ। ਉਦਾਹਰਨ ਦੀ ਕੀਮਤ 20 ਪਿਆਰੋ ਕਿਲੋ ਕਿਲੋ ਹੋ ਅਤੇ ਫਿਰ 100 ਸਿੱਧ ਹਨ ਅਤੇ ਮੁੜ ਮੁੜ ਮੁੜ ਕਿ 30 ਕਿਲੋ ਕਿਲੋ ਕਿਲੋ।

ਥੋੜ੍ਹੇ ਸਮੇਂ ਲਈ ਗਰੰਟੀਆਂ ਸੁਪਨੇ ਵਿਖਾਉਣਗੀਆਂ। ਇਹ ਗਰੰਟੀ ਦੇ ਪ੍ਰਗਟਾਵੇ ਨੂੰ ਬਿਆਨ ਕਰਨ ਲਈ ਕਿਹਾ ਗਿਆ ਹੈ। ਜ਼ਾਬਤਾ ਸੁਣਾਉਣ ਤੋਂ ਲੈ ਕੇ ਬਿਆਨੀ ਸ਼ਬਦ ਹੈ।

ਵਪਾਰ ਸਰਕਾਰਾਂ ਦੀਆਂ ਦਸ ਗਰੰਟੀਆਂ ਵਿੱਚ ਵਿਕਾਸ ਅਤੇ ਵਿਕਾਸ ਵਿਕਾਸ ਦੀ ਗਰੰਟੀ ਨੂੰ ਪਹਿਲ ਹੈ। ਇਸ ਮੁੱਦੇ 'ਤੇ ਸਵਾਲਾਂ ਦੇ ਜਵਾਬ ਦੇਣ ਲਈ ਚੁਣੌਤੀ ਦਿੱਤੀ ਗਈ ਹੈ। ਇਹ ਸਭ ਦੇਸ਼ ਦੀ ਸਮੁੰਦਰੀ ਵਿਕਾਸ ਨਾਲ ਹਨ।

ਸਰਕਾਰ ਸਰਕਾਰ ਦਾ ਕਹਿਣਾ ਹੈ ਕਿ ਲੋਕ ਦਹਾਕੇ ਤੋਂ ਨਪੀੜੇ ਹਨ। ਉਹਨਾਂ ਦੀ ਮੰਗ ਲਈ ਗਰੰਟੀਆਂ ਹਨ। ਇਸ ਗਰਾਊਂਡ ਵਿੱਚ 80 ਬਰੋਡ ਮੁਫ਼ਤ ਪਾਵਰ ਪਾਵਰ, 100 ਪਾਵਰ ਪਾਵਰ ਕਨੈਕਸ਼ਨ, 14 ਸਕੋਰ 28 ਵਿਕਾਸ ਕਾਰਜਾਂ, 14 ਵਿਕਾਸ ਕਾਰਜਾਂ ਲਈ ਯੋਜਨਾਵਾਂ, ਵਿਕਾਸ ਦੇ ਵਿਕਾਸ ਦੇ ਇੱਕ ਅਕਾਊਂਟ ਖੋਲਣ, ਇੱਕ ਬ੍ਰੋਡ ਸਕੋਰ ਦੇ ਖੋਲ ਖੋਲਣ ਵਾਲੇ ਲੋਕ ਨਿਰਮਾਣ ਦੀ ਉਸਾਰੀ ਵਿੱਚ ਸ਼ਾਮਲ ਹਨ। ਸਭ ਤੋਂ ਉੱਚਾ ਦਰਜਾ ਪ੍ਰਾਪਤ ਕਰੋ। ਪਰ ਕੰਪਨੀ ਸਰਕਾਰ ਦਾ ਕਨੂੰਨ 2047 ਤੱਕ ਭਾਰਤ ਦੇਸ਼ ਨੂੰ ਕਾਇਮ ਰੱਖਣਾ ਅਤੇ ਇਹ ਯੋਜਨਾ "ਮੋਦੀ ਗਰੰਟੀ ਜਾਣੀ ਹਰ ਗਰੰਟੀ ਦੀ ਗਰੰਟੀ" ਨੂੰ ਮਾਨਤਾ ਜਾਗਦੀ ਹੈ, ਜਦੋਂ ਕਿ ਉਹਨਾਂ ਦੇ ਸੰਕਟ ਤੋਂ ਸੰਕਟ ਪ੍ਰੋਜੈਕਟ ਸ਼ੁਰੂ ਹੋਣ ਤੋਂ ਬਾਅਦ ਹੀ 'ਚ ਦੇਬੇ'। , "ਜਨ ਧਨ ਯੋਜਨਾ", ਧਨ ਨੂੰ ਚਿੱਟਾ ਕਰਕੇ ਹਰ ਪਾਲ ਦੇ ਖਾਤੇ ਦੇ ਖਾਤੇ 15 ਅਤੇ ਹਰ ਪਾਸੇ 2 ਕ੍ਰੋੜਾਂ ਵੀ ਤਾਂ ਮਿਲ ਕੇ ਸਨਦੇ, ਕਦੇ ਵੀ ਪੂਰਾ ਨਹੀਂ ਹੋ ਸਕਦਾ।

ਇਹ ਚੋਣ ਲੜਦੇ ਹਨ ਦੇ ਸੁਪਨਿਆਂ ਦੇ ਖੇਤਰ ਨੂੰ ਲੱਭਦਾ ਜਾ ਰਿਹਾ ਹੈ। ਉਂਜ ਵੀ ਵੱਡੇ ਪੱਧਰ ਦੇ ਪ੍ਰਾਜੈਕਟਾਂ ਦੇ ਸੇਵਾਦਾਰਾਂ ਨੂੰ ਲੈ ਕੇ ਉਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਹੀ ਸਿਰਫ਼ ਪ੍ਰਮਾਤਮਾ, ਸ਼ੁਕਰਮਰੀ, ਗਰੀਬੀ ਨਾਲ ਨਪੀੜੇ ਵਾਲੇ ਹੋਰ ਕਹਿਰ ਸੁਣਾਉਣ ਦੀ ਵਰਤੋਂ ਕਰਦੇ ਹਨ।

ਜ਼ਰਾ ਕੁਜ਼ਾਬ ਸ਼ੇਅਰ ਕਰੋ ਤਾਂ ਕ੍ਰਿਪਾ ਕਰੋ 2023 ਤੱਕ 205 ਲੱਖ ਲੱਖ, ਜੂਨ 2023 ਵਿੱਚ 200 ਲੱਖ ਕਰੋੜ ਸੀ। ਭਾਵ ਉਚਾਰਣ 'ਚ' 5 ਲਖ ਕਰਜ਼ਾ ਵਧਿਆ ਹੈ ਅਤੇ ਸਮਝਣਾ ਜਾ ਸਕਦਾ ਹੈ ਕਿ ਇਸ ਨੂੰ ਸਮਝਿਆ ਜਾ ਸਕਦਾ ਹੈ ਕਿ ਇਸ ਨੂੰ ਸਮਝਣਾ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ। ਪਰ ਇਹ ਜ਼ਰੂਰੀ ਹੈ ਕਿ ਇਹ ਕਿੰਤੂ-ਪ੍ਰੰਤੂ ਕਿਵੇਂ ਵਿਕਾਸ ਕਰਨਾ ਹੈ? ਕੀ ਕਰਜ਼ ਲੈ ਕੇ ਉਸਾਰੇ ਮਹਿਲ ਦੇਸ਼ ਦੇ ਅਰਥ ਚਾਰੇ ਨੂੰ ਸੁਖ ਦੇਣ ਜਾਂ ਇਹ ਬਣਾਉਣਾ ਹੈ। ਕੀ ਆਮ ਲੋਕਾਂ ਦੇ ਵਿਕਾਸ ਲਈ ਸੁਧਾਰ ਕੀਤੇ ਜਾਂਦੇ ਹਨ।

ਆਮ ਤੌਰ 'ਤੇ 'ਤੇ ਮੰਤਰੀ ਅਤੇ ਸਰਕਾਰ ਦੇ ਸਾਲ ਦੇ ਬਜ਼ਟ ਵਿੱਚ ਆਪਣੇ ਬਿਆਨ ਨੂੰ ਸਮਝ ਕੇ ਵਿਚਾਰੇ ਹਨ। ਕਈ ਸਰਕਾਰਾਂ ਤਾਂ ਹੀ ਘਾਟੇ ਦਾ ਬਜ਼ਟ ਪੇਸ਼ ਕਰਦਾ ਹੈ। ਪਖੰਡੀ ਘਾਟੇ ਨੂੰ ਵਿਰੋਧੀ ਸਮਝਦੇ ਹਨ।

ਉਦਾਹਰਣ ਦੇ ਤੌਰ 'ਤੇ ਖੁਸ਼ੀ ਦੇ ਬਜ਼ਟ ਵਿੱਚ ਨੁਕਸਾਨਾ ਜੀਡੀਪੀ ਦਾ ਸ਼ਾਨਦਾਰ ਪ੍ਰਦਰਸ਼ਨ, ਲਗਾਤਾਰ ਜਿੱਤਾਂ ਦੇ ਨਤੀਜੇ 'ਚ ਪੇਸ਼ ਬਜ਼ਟ ਵਿੱਚ ਇਹ ਘਾਟਾ ਦੋਸ਼ੀ 89 ਮਹੱਤਵਪੂਰਨ ਗਿਆ। ਇਹ ਅਸਲ ਵਿੱਚ ਜਿੱਤ ਦੀ ਕੀਮਤ ਦੀ ਦੁਰਦਸ਼ਾ ਚਲਦੀ ਹੈ। ਇਸ ਲਈ ਇਹ ਹੈ ਕਿ ਸੱਤਾ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਇੱਕ ਰਾਜਕੀ ਘਾਟੇ ਦੀ ਪੂਰਤੀ ਲਈ ਬਰਾਦਰੀ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਨਿਸ਼ਚਤ ਤੌਰ 'ਤੇ ਕਿਲ ਕਿਲ ਭਾਜਪਾ, ਤੋਂ 73 ਤੱਕ ਪਹੁੰਚ ਹੈ।

16,000 ਬਰਾਦਰੀ ਖੁਸ਼ਹਾਲ ਵੰਡ 'ਚ 50, 500 ਕ੍ਰੋੜ ਦੀ ਦੂਰੀ ਦਾ ਬਚਾਅ ਕੀਤਾ ਗਿਆ, ਪਰ ਸ਼ਾਂਤੀ 1600 ਬਰਾਦਰੀ 16, 16, 16, ਜਿਸ ਨਾਲ ਵਪਾਰ ਦਾ ਰਾਜਸੀ ਘਾਟਾ ਤਿੰਨ ਗੁਣਾ ਵਧ ਗਿਆ। ਇਹ ਅੰਕੜਾ ਅੰਕੜਾ ਹੈ ਕਿ ਕਿਲ ਦੀ ਗਠਜੋੜ ਲਾਭਦਾਏ ਜਾਦੂ ਘਾਟਾ 5 ਗੁਣ ਦਿਖਾਏ ਜਾਉ। ਹੋਰਾਂ ਤੋਂ ਸਰਪ੍ਰਸਤੀ ਵੀ ਮਿਲਦੀ ਹੈ। ਪਰ ਤੁਹਾਨੂੰ ਆਪਣੇ ਸਬੰਧ 'ਤੇ ਸੱਚ ਹੋਰ ਹੈ। ਅਸਲ 'ਚ ਤਾਂ ਦੇ ਸੁਪਨਿਆਂ ਦਾ ਸੌਦਾ ਹੁੰਦਾ ਹੈ।

ਪੰਜਾਬ ਨੂੰ ਭਾਰਤ ਵਿੱਚ ਇੱਕ ਨਿਪਟਾਰਾ ਸਮਝਿਆ ਜਾਂਦਾ ਹੈ। ਇਹ ਮਾਨਤਾ ਪ੍ਰਗਟ ਕਰਦਾ ਹੈ ਕਿ ਪ੍ਰਤੀ ਜੀਅ ਸਮਝਦਾ ਹੈ। ਜ਼ਾਹਰ ਦੀ ਲੜਾਈ ਨੇ ਸਭ ਤੋਂ ਅੱਗੇ ਵਧਣਾ ਹੈ। ਭਾਰਤ ਵਿੱਚ ਸਭ ਤੋਂ ਵੱਧ ਮਹਿੰਗੀਆਂ ਪਾਰਟੀਆਂ ਦੀ ਮਾਰਕੀਟ ਕੀਮਤ, ਦਿੱਲੀ ਅਤੇ ਚੰਡੀਗੜ੍ਹ ਤੋਂ ਪੰਜਾਬ ਦੇ ਲੁਧਿਆਣਾ 'ਚ ਹੋਵੇਗਾ। ਇਹ ਵੀ ਬੋਲਦਾ ਹੈ ਹੈ ਕਿ ਸਹਾਰਾ ਵਿੱਚ ਖੁਸ਼ੀ ਦੇ ਨਾਲ-ਪੰਜਾਬ ਨੂੰ ਇਹੋ ਜਿਹਾ ਪਸੰਦ ਕੀਤਾ ਗਿਆ ਹੈ। ਪਰ ਪੰਜਾਬੀ ਦੀ ਅਰਥਵਿਵਥਾ ਦੇ ਅੰਕੜੇ ਕੁਝ ਹੋਰ ਹੀ ਕਹਿੰਦੇ ਹਨ।

ਇੱਥੇ ਰਾਜ ਦੇ ਖਜ਼ਾਨੇ ਦਾ ਘਾਟਾ 5 ਮੁੱਖ ਦੇ ਆਸ ਪਾਸ ਚੱਲ ਰਿਹਾ ਹੈ। ਬਜ਼ਟ ਘਾਟਾ ਵੀ ਚੱਲ ਰਿਹਾ ਹੈ, ਜੋ ਜੀਪੀ ਦਾ 2.8 ਮੁੱਖ ਹੈ। ਇਸ ਕਰਕੇ ਹੁਣ ਪੰਜਾਬ ਦੇ 17 ਰਾਜਾਂ ਨੂੰ ਸ਼ਾਮਲ ਕਰਨਾ, ਉਸ ਨੂੰ ਉੱਚਾ ਚੁੱਕਣ ਲਈ ਸ਼ਰਨਿੰਗ ਅਤੇ ਪਾਵਰਕੌਮ ਹੈ।

ਪੰਜਾਬ ਦੇ ਖਾਨੇ ਦੇ ਘਾਟੇ ਦਾ ਹੋਮ ਹੀ ਰਿਹਾ ਹੈ, ਅਤੇ ਰਾਜ ਲਈ ਚੁਣਿਆ ਗਿਆ ਹੈ, ਵਿਆਜ 76 ਚੋਣ ਨਿਸ਼ਾਨ ਬਣ ਸਕਦੇ ਹਨ। ਇਸ ਗੱਲ ਦਾ ਜ਼ਿਕਰ ਹੈ ਕਿ ਇਸ ਮੁੱਦੇ ਦਾ ਮੁੱਖ ਹਿੱਸਾ 3 ਸੀ, ਚੋਣ ਪੰਜਾਬ ਉੱਤਰ ਪ੍ਰਦੇਸ਼ ਅਤੇ ਪਾਰਟੀ ਦੇ ਇਸ ਮੁੱਦੇ 'ਤੇ ਚਰਚਾ ਵਾਲਾ ਮੁੱਦਾ ਹੈ।

ਭਿੰਨ ਭਿੰਨ ਪੰਜਾਬੀਆਂ ਨੂੰ ਵੀ ਪਸੰਦ ਕਰਦੇ ਹਨ। ਜਾਰੀ ਹੋਣ ਜਾ ਰਹੇ ਹਨ ਮੁਫਤ ਦਾ ਜਿੱਤਾ ਜਿੱਤਾ ਹੀ ਵੀਹਣੀ ਜਿੱਤ ਦੇ ਬਰਾਬਰ ਹੈ, ਪੰਜਾਬ ਦੀ ਜਿੱਤ ਦਾ 19 ਮੁੱਖ ਹਿੱਸਾ ਹੈ। 76 ਮੁੱਖ ਨੇਤਾ, ਬਕਾਇਦਾ ਅਤੇ ਕਰਜ਼ੇ 'ਤੇ ਵਜਾਉਣ ਦੇ ਨਤੀਜੇ ਵਜੋਂ ਇਸ ਵਿੱਚ ਸ਼ਾਮਲ ਹੋ ਸਕਦੇ ਹਨ, ਜਿਸ ਵਿੱਚ ਪੰਜਾਬ ਕੋਲ ਇੱਕ ਜਿੱਤ ਦਾ ਚੋਣ ਨਿਸ਼ਾਨ ਹੀ ਮੌਜੂਦ ਹੈ। ਇਸ ਲਈ ਪੰਜਾਬ ਵੀਕਾਂ ਦੀਆਂ ਸ਼ਰਤਾਂ ਮੰਨਣ ਲਈ ਸੁਭਾਅ 'ਤੇ ਸਿੱਟਾ ਹੀ ਨਿਕਲਦਾ ਹੈ। ਲੋਕ ਹਿਤੈਸ਼ੀ ਨੂੰ ਲੋਕ ਹਿਤੈਸ਼ੀ ਲਈ ਲੋਕ-ਲੁਭਾ ਨੂੰ ਲਾਗੂ ਕਰਨ ਦੀ ਕਾਰਵਾਈ ਦੀ ਨਿਰਪੱਖਤਾ ਨੂੰ ਲਾਗੂ ਕਰਨਾ ਹੈ। ਸਾਲ 191 ਵਿੱਚ ਦੇਸ਼ ਦੀ ਸੰਖਿਆ 84 ਕਰੋੜ ਸੀ ਜੋ ਹੁਣ 141 ਕਰੋੜ ਦੀ ਸੀਮਾ ਨੂੰ ਖਤਮ ਕਰ ਰਿਹਾ ਹੈ ਅਤੇ 2040 ਤੱਕ 157 ਤੱਕ ਜਿੱਤ ਦਾ ਨਿਸ਼ਾਨਾ ਹੈ। ਇਸ ਦੀ ਸਥਿਰਤਾ ਦੀ ਮਜ਼ਬੂਤੀ ਦੂਰ ਕਰਨ ਦੀ ਸਥਿਤੀ ਨੂੰ ਕੰਟਰੋਲ ਕਰਨ ਦੀ ਵਿਵਸਥਾ, ਲੋੜੀਂਦੇ ਪੂਰਤੀ ਲਈ ਦੇਸ਼ ਦੀ ਸ਼ਕਤੀ, ਸ਼ਕਤੀਆਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਸ਼ਾਂਤੀ ਸ਼ਕਤੀ ਦਲਾਂ ਦੇ ਬਹੁਤ ਜ਼ਿਆਦਾ, ਸਹੀ ਗੱਲ-ਬਾਤੀਂ ਗਰੰਟੀਆਂ ਨਾਲ ਕੀ ਹੋ ਸਕਦਾ ਹੈ।

ਭਾਰਤ ਦੇਸ਼, ਸੰਸਾਰ ਭਰ 'ਚ ਸਭ ਤੋਂ ਵੱਡਾ ਅੰਨ ਪੈਦਾ ਹੁੰਦਾ ਹੈ। 2023 ਵਿੱਚ ਦੇਸ਼ ਦਾ ਅੰਨ ਆਨੰਦ 31.1 ਕ੍ਰੋਟਨ ਤੱਕ ਬਹੁਤ ਬਹੁਤ ਗਿਆ ਹੈ। ਪਰ ਇਸ ਦੇ ਨੇੜੇ ਦੇਸ਼ 'ਚਮਰੀ ਅਤੇ ਗਰੀਬੀ ਹੈ। 24 ਭੁੱਡਾਂ ਨੂੰ ਮਸਾਣ ਇੱਕ ਡੰਗ ਦੀ ਰੋਟੀ ਨਸੀਬ ਹੁੰਦਾ ਹੈ। (ਰਿਪੋਰਟ ਐਸ ਓ ਗਲੋ ਪਾਵਰੋ ਆਈ-2023) ਭੁੱਖਮਰੀ ਦੇ ਇਲਾਕੇ 'ਚ 125 ਕੰਟਰੋਲ ਵਿਚ ਭਾਰਤ ਦਾ ਸਥਾਨ 11 ਵਾਂ ਹੈ (ਰਿਪੋਰਟਬਲ ਹਨਗਰ ਇੰਡੈਕਸ-2023)

ਕੀ ਨਾ ਦਲਦਲ, ਸ਼ੁਕਰਾਨੇ, ਮਰ ਰਹੇ ਗਰੀਬੀ ਤੇ ਗਰੀਬੀ ਨੂੰ ਦੇਖ ਰਹੇ ਹਨ ਉਨ੍ਹਾਂ ਨੂੰ ਚੰਗਾ ਲੱਗਦਾ ਹੈ, ਨਾ ਦੇ ਕੰਮ ਆ ਜਾਂ ਫਿਰ ਚੋਣ ਜੁਮਲੇ ਨਾਲ ਨਿਸ਼ਾਨ ਲਗਾਓ।

# ਪਾਰਮਾ(ਪਿਚੈਂਸਾ) ਵਲੋ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਅਤੇ ਡਾ ਅੰਬੇਡਕਰ ਸਾਹਿਬ ਜੀ ਦਾ ਜਨਮ ਦਿਨ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ

**ਰੋਮ (ਇਟਲੀ), ਟੇਕ ਚੰਦ ਜਗਤਪੁਰ-** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647 ਵਾਂ ਆਗਮਨ ਪੁਰਬ ਅਤੇ ਭਾਰਤੀ ਸਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਡਕਰ ਸਾਹਿਬ ਜੀ ਦਾ 133ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ, ਪਿਚੈਂਸਾ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ 14ਅਪ੍ਰੈਲ ਦਿਨ ਐਤਵਾਰ ਨੂੰ ਕੌਰਤਾਮਾਜੂਰੇ (ਪਾਰਮਾ)ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਹ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਭੁੱਟੋ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਪਿਚੈਸਾ ਨੇ ਪ੍ਰੈਸ ਨਾਲ ਗੱਲਬਾਤ ਦੋਰਾਨ ਕੀਤਾ। ਉਨਾਂ ਅੱਗੇ ਕਿਹਾ ਕਿ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਇਟਲੀ ਦੇ ਨਾਮਵਰ ਗਾਇਕ ਸੋਡੀ ਮੱਲ ਅਤੇ ਹੋਰ ਗਾਇਕ ਆਪਣੇ ਮਿਸ਼ਨਰੀ ਗੀਤਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਸਮਾਗਮ ਵਿਚ ਸੰਤ ਕਿਰਪਾਲ ਦਾਸ ਭਾਰਟਾ ਗਣੇਸ਼ਪੁਰ ਪੰਜਾਬ ਤੋਂ ਉਚੇਚੇ ਤੌਰ ਤੇ ਸ਼ਿਰਕਤ ਕਰਨਗੇ।ਇਨ੍ਹਾਂ ਤੋਂ ਇਲਾਵਾ ਮਹਾਨ ਬੁਲਾਰੇ ,ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਅਤੇ ਡਾ ਬੀ ਆਰ ਅੰਬੇਡਕਰ ਸਾਹਿਬ ਦੀ ਜੀਵਨੀ ਤੋ ਸੰਗਤਾਂ ਨੂੰ ਜਾਣੂ ਕਰਵਾਉਣਗੇ।ਉਨਾਂ ਸਮੂੰਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਮੁਬਾਰਕ ਮੌਕੇ ਤੇ ਹੁੰਮ ਹੁੰਮਾ ਕੇ ਪਹੁੰਚਣ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਜਪਾ ਨੇ ਠਾਕੁਰ ਦਿਨੇਸ਼ ਸਿੰਘ ਬੱਬੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਭਾਰਤੀਆ ਜਨਤਾ ਪਾਰਟੀ ਨੇ ਗੁਰਦਾਸਪੁਰ ਲੋਕ ਸਭਾ ਸੀਟ ਲਈ ਠਾਕੁਰ ਦਿਨੇਸ਼ ਸਿੰਘ ਬੱਬੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਵਰਨਣਯੋਗ ਹੈ ਕਿ ਸ੍ਰੀ ਬੱਬੂ ਹਲਕਾ ਸੁਜਾਨਪੁਰ ਤੋਂ ਤਿੰਨ ਵਾਰ ਵਿਧਾਇਕ ਰਹੇ ਅਤੇ 2022 ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ। ਇਸ ਵਾਰ ਭਾਰਤੀ ਜਨਤਾ ਪਾਰਟੀ ਨੇ ਕਿਸੇ ਫਿਲਮੀ ਅਦਾਕਾਰ ਨੂੰ ਟਿਕਟ ਦੇਣ ਦੀ ਬਜਾਏ ਠਾਕੁਰ ਦਿਨੇਸ਼ ਸਿੰਘ ਬੱਬੂ ਤੇ ਵਿਸ਼ਵਾਸ ਪ੍ਰਗਟਾਇਆ ਹੈ ਕਿਉਂਕੀ ਪੰਜਾਬ ਭਾਜਪਾ ਅੰਦਰ ਉਹ ਪਹਿਲੀ ਕਤਾਰ ਵਾਲੇ ਪ੍ਰਮੁੱਖ ਆਗੂ ਵਿੱਚੋ ਇੱਕ ਹਨ। ਵਰਨਣਯੋਗ ਹੈ ਕਿ ਠਾਕੁਰ ਦਿਨੇਸ਼ ਸਿੰਘ ਬੱਬੂ ਹੁਰਾਂ 1995 ਵਿੱਚ ਭਾਰਤੀਆ ਜਨਤਾ ਪਾਰਟੀ ਵਿੱਚ ਇੱਕ ਕਾਰਜਕਰਤਾ ਦੇ ਰੂਪ ਵਿੱਚ ਪੈਰ ਪਾਏ।



ਠਾਕੁਰ ਦਿਨੇਸ਼ ਸਿੰਘ ਬੱਬੂ ਨੂੰ ਭਾਜਪਾ ਨੇ 2007 ਵਿੱਚ ਪਹਿਲੀ ਵਾਰ ਹਲਕਾ ਸੁਜਾਨਪੁਰ ਤੋਂ ਟਿਕਟ ਦਿੱਤੀ ਤੇ ਉਨ੍ਹਾਂ ਜਿੱਤ ਦਰਜ ਕਰਾਈ। ਮੁੜ ਉਹ 2012 ਵਿੱਚ ਅਤੇ 2017 ਵਿੱਚ ਨਿਰੰਤਰ ਜਿੱਤ ਦਰਜ ਕਰਾਉਂਦੇ ਰਹੇ। ਉਹ ਪਹਿਲੀ ਵਾਰ 2022 ਵਿੱਚ ਸੁਜਾਨਪੁਰ ਵਿੱਚ ਕਾਂਗਰਸ ਦੇ ਉਮੀਦਵਾਰ ਨਰੇਸ਼ਪੁਰੀ ਤੋਂ ਚੋਣ ਹਾਰ ਗਏ। ਇਸ ਦੇ ਬਾਵਜੂਦ ਵੀ ਉਹ ਲੋਕਾ ਦੇ ਸੰਪਰਕ ਵਿੱਚ ਹਨ। ਮਿਠ ਬੋਲੜੇ, ਬੜੇ ਨਿੱਘੇ ਸੁਭਾਅ ਦੇ ਮਾਲਕ ਹਨ ਉੱਥੇ ਹਲਕੇ ਦੇ ਲੋਕਾਂ ਦੇ ਹਰ ਦੁੱਖ ਸੁੱਖ ਦੇ ਭਾਈਵਾਲ ਹਨ। ਵਿਧਾਇਕ ਕਾਰਜਕਾਲ ਦੌਰਾਨ ਸਵੇਰ 5 ਵੱਜੇ ਹੀ ਆਪਣੇ ਘਰ ਦੇ ਸਾਹਮਣੇ ਬਣਾਏ ਦਫ਼ਤਰ ਵਿੱਚ ਲੋਕਾਂ ਦੀਆਂ ਸਮੱਸਿਆਵਾ ਸੁਣਕੇ ਉਸ ਨੂੰ ਅਮਲੀ ਰੂਪ ਦੇਣ ਕਿਸੇ ਤੋਂ ਲੁਕਿਆ ਛੱਪਿਆ ਨਹੀ।

# ਰਾਕੇਸ਼ ਸੁੰਮਨ ਹੋਣਗੇ ਹੁਸ਼ਿਆਰਪੁਰ ਤੋਂ ਬਸਪਾ ਉਮੀਦਵਾਰ

**ਕਨੇਡਾ/ਵੈਨਕੂਵਰ (ਕੁਲਦੀਪ ਚੁੰਬਰ)–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਹੁਸ਼ਿਆਰਪੁਰ (ਰਾਖਵੇਂ) ਤੋਂ ਉਮੀਦਵਾਰ ਸ੍ਰੀ ਰਾਕੇਸ਼ ਸੁੰਮਨ ਜੀ ਹੋਣਗੇ। ਸ੍ਰੀ ਬੈਣੀਵਾਲ ਜੀ ਨੇ ਅੱਗੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ, ਸਾਰੇ ਉਮੀਦਵਾਰਾਂ ਦੇ ਪੈਨਲ ਤੇ ਅੰਤਿਮ ਫੈਂਸਲਾ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਸ਼ ਜਸਵੀਰ ਸਿੰਘ ਗੜ੍ਹੀ ਨੇ ਜਾਣਕਾਰੀ ਦਿੰਦਿਆਂ ਕਿਹਾ



ਰਾਜਨੀਤੀਕ ਪਿਛੋਕੜ ਨਾਲ ਸਬੰਧਿਤ ਸ਼੍ਰੀ ਰਾਕੇਸ਼ ਸੁੰਮਨ ਦੇ ਦਾਦਾ ਜੀ ਦੇ ਭਰਾ ਮਰਹੂਮ ਸ਼੍ਰੀ ਕਰਮ ਚੰਦ ਜੀ ਵਿਧਾਨ ਸਭਾ ਹੁਸ਼ਿਆਰਪੁਰ ਤੋਂ ਉਪਚੋਣ ਤਹਿਤ ਸੰਨ 1957 ਵਿੱਚ ਕਾਂਗਰਸ ਨੂੰ 13000 ਵੋਟਾਂ ਨਾਲ ਹਰਾ ਕੇ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਦੀ ਪਾਰਟੀ ਸੈਡੀਊਲ ਕਾਸਟ ਫੈਡਰੇਸ਼ਨ ਪਾਰਟੀ ਤੋਂ ਵਿਧਾਇਕ ਜਿੱਤੇ ਸਨ। ਓਹਨਾ ਦੇ ਪਿਤਾ ਫੌਜ ਵਿੱਚ ਮਿਲਟਰੀ ਇੰਜੀਨੀਅਰ ਸਰਵਿਸ ਵਿਚ ਸੇਵਾ ਕੀਤੀ ਹੈ। ਉਹ ਖੁਦ ਆਪ ਇਲਾਕੇ ਦੇ ਨਾਮਵਰ ਸਮਾਜਸੇਵੀ ਹਨ ਜੋਕਿ ਰੋਕੀ ਨਿਕਨੇਮ ਦੇ ਨਾਮ ਮਸ਼ਹੂਰ ਨੌਜਵਾਨ ਆਗੂ ਹਨ। ਸ. ਗੜ੍ਹੀ ਨੇ ਅੱਗੇ ਕਿਹਾ ਕਿ ਲੋਕ ਸਭਾ ਹੁਸ਼ਿਆਰਪੁਰ ਵਿੱਚ ਬਸਪਾ ਦੇ ਸੰਗਠਨ ਦੀ ਲਾਮਬੰਦੀ ਸਬੰਧੀ ਜਰੂਰੀ ਦਿਸ਼ਾ ਨਿਰਦੇਸ਼ 3 ਅਪ੍ਰੈਲ ਨੂੰ ਮੀਟਿੰਗ ਕਰਕੇ ਬਸਪਾ ਦੀ ਲੀਡਰਸ਼ਿਪ ਨੂੰ ਦਿੱਤੇ ਜਾਣਗੇ।

# ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਜਾ ਰਹੀ ਗੱਡੀ ਹੋਈ ਹਾਦਸਾਗ੍ਰਸਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਪਰਤ ਰਹੀ ਸ਼ਰਧਾਲੂਆਂ ਨਾਲ ਭਰੀ ਇੱਕ ਪਿਕਅੱਪ ਗੱਡੀ ਬੇ ਕਾਬੂ ਹੋ ਕੇ 150 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ। ਖੁਸ਼ ਕਿਸਮਤੀ ਨਾਲ ਸਾਰੇ ਸ਼ਰਧਾਲੂਆਂ ਦਾ ਬਚਾਅ ਹੋ ਗਿਆ। ਸਿਰਫ ਅੱਧਾ ਦਰਜਣ ਸ਼ਰਧਾਲੂਆਂ ਨੂੰ ਸੱਟਾ ਲੱਗੀਆਂ ਸਾਰੇ ਖਤਰੇ ਤੋਂ ਬਾਹਰ ਹਨ। ਜਾਣਕਾਰੀ ਮੁਤਾਵਿਕ ਥਾਣਾ ਮੇਹਟੀਆਣਾ(ਹੁਸ਼ਿਆਰ-ਪੁਰ) ਦੇ ਪਿੰਡ ਹੁੱਕੜਾਂ ਦੀ ਸੰਗਤ ਮਹਿੰਦਰਾਂ ਪਿਕਅੱਪ ਨੰਬਰ ਪੀ ਬੀ 07 ਡਬਲਯੂ/ 0437 ਵਿੱਚ ਸਵਾਰ ਹੋ ਕੇ ਸ਼੍ਰੀ ਖੁਰਾਲਗੜ੍ਹ ਸਾਹਿਬ ਮੱਥਾ ਟੇਕ ਕੇ ਪਰਤ ਰਹੀ ਸੀ। ਗੱਡੀ ਵਿੱਚ ਬੱਚਿਆਂ ਔਰਤਾਂ ਸਣੇ 23 ਲੋਕ ਸਵਾਰ ਸਨ। ਗੱਡੀ ਨੂੰ ਹਰਬੰਸ ਲਾਲ ਡਰਾਈਵਰ ਚਲਾ ਰਿਹਾ ਸੀ। ਜਦ ਗੱਡੀ ਖੁਰਾਲਗੜ੍ਹ ਤੋਂ ਚਲ ਕੇ ਗੜ੍ਹੀ ਮਾਨਸੋਵਾਲ ਵਾਲੀ ਤਿੱਖੀ ਚੜ੍ਹਾਈ ਚੜ ਰਹੀ ਸੀ ਤਾਂ ਗੱਡੀ ਅਚਾਨਕ ਪਿਛਾਂਹ ਵਲ ਨੂੰ ਚਲ ਪਈ ਅਤੇ ਬੇਕਾਬੂ ਹੋ ਕੇ ਨਾਲ ਲੱਗਦੀ ਕਰੀਬ 150 ਫੁੱਟ ਡੂੰਘੀ ਖੱਡ ਵਿੱਚ ਡਿੱਗ ਪਈ। ਬਚਾਅ ਰਿਹਾ ਕਿ ਗੱਡੀ ਪਲਟੀ ਨਹੀਂ ਸਗੋਂ ਸਿੱਧੀ ਥੱਲੇ ਚਲੀ ਗਈ। ਇਸ ਹਾਦਸੇ ਵਿੱਚ ਕਰੀਬ ਅੱਧਾ ਦਰਜਣ ਸ਼ਰਧਾਲੂਆਂ ਨੂੰ ਸੱਟਾਂ ਲੱਗੀਆਂ ਜਿਨਾਂ ਨੂੰ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਮੁੱਢਲੀ ਡਾਕਟਰੀ ਸਹਾਇਤਾ ਤੋਂ ਬਾਅਦ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ। ਜਖਮੀਆਂ ਵਿੱਚ ਪੁਸ਼ਪਾ ਰਾਣੀ ਪਤਨੀ ਰੌਣਕੀ ਰਾਮ,ਗਿਆਨ ਚੰਦ ਪੁੱਤਰ ਸ਼ੰਕਰ ਦਾਸ,ਮਨਜੀਤ ਕੌਰ ਪਤਨੀ ਜਰਨੈਲ ਰਾਏ ਅਤੇ ਰਾਣੀ ਪਤਨੀ ਹਰਮੇਸ਼ ਲਾਲ ਦੱਸੇ ਜਾਂਦੇ ਹਨ। ਜਿਕਰਯੋਗ ਹੈ ਕਿ ਇਸ ਥਾਂ ਤੇ ਮਾਰਚ ਮਹੀਨੇ ਵਿੱਚ ਦੂਸਰੀ ਦੁਰਘਟਨਾ ਹੋਈ ਹੈ। ਬੀਤੀ ਤਿੰਨ ਮਾਰਚ ਨੂੰ ਵੀ ਇਸੇ ਥਾਂ ਤੇ ਬਸ ਪਲਟੀ ਸੀ ਅਤੇ 15 ਸ਼ਰਧਾਲੂ ਜੱਖਮੀ ਹੋਏ ਸਨ। ਪਰ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਕੰਨਾਂ ਤੇ ਜੂੰ ਤਕ ਨਹੀ ਸਰਕੀ ਅਜ ਫਿਰ ਹਾਦਸਾ ਹੋ ਗਿਆ। ਖੁਸ਼ਕਿਸਮਤੀ ਨਾਲ ਜਾਨੀ ਨੁਕਸਾਨ ਹੋਣੋ ਬਚ ਗਿਆ।ਜਦ ਕਿ ਲੋਕ ਅਤੇ ਖੁਰਾਲਗੜ੍ਹ ਸਾਹਿਬ ਪ੍ਰਬੰਧਤ ਕਮੇਟੀ ਵਾਰ ਵਾਰ ਪੁਲਿਸ ਪ੍ਰਸ਼ਾਸਨ ਤੋਂ ਇਸ ਸੜਕ ਤੇ ਮੁਲਾਜਮ ਤਾਇਨਾਤ ਕਰਨ ਦੀ ਮੰਗ ਕਰ ਰਹੀ ਹੈ।



# ਸ਼ਰੀਂਹ ਪੀ ਬੀ ਰੈਡ ਨੇ ਫਿਫਟੀ ਪਲੱਸ ਹਾਕੀ ਟੂਰਨਾਮੈਂਟ ਸਮਰਾਲਾ 'ਚ ਜਿੱਤਿਆ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਮਾਸਟਰਜ਼ ਹਾਕੀ ਵੈਲਫੇਅਰ ਸੋਸਾਇਟੀ ਸਮਰਾਲਾ ਪੰਜਾਬ ਵੱਲੋਂ ਦੂਜੀ ਮਾਸਟਰਜ਼ ਹਾਕੀ ਲੀਗ ਆਈ ਟੀ ਆਈ ਸਮਰਾਲਾ ਲੁਧਿਆਣਾ ਵਿਖੇ ਪੂਰੀ ਸ਼ਾਨੋ ਸ਼ੌਕਤ ਨਾਲ ਕਰਵਾਈ ਗਈ। ਜਿਸ ਵਿੱਚ ਭਾਰਤ ਭਰ ਤੋਂ ਟੀਮਾਂ ਨੇ ਸ਼ਿਰਕਤ ਕੀਤੀ ਅਤੇ ਆਪਣੀ ਹਾਕੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਬੰਧਕਾਂ ਵੱਲੋਂ ਇਸ ਹਾਕੀ ਲੀਗ ਦੇ ਬਹੁਤ ਹੀ ਸ਼ਲਾਘਾਯੋਗ ਪ੍ਰਬੰਧ ਕੀਤੇ ਗਏ। ਵੱਖ ਵੱਖ ਉਮਰ ਦੇ ਹਾਕੀ ਮੁਕਾਬਲੇ ਕਰਵਾਏ ਗਏ, ਜਿਨਾਂ ਦਾ ਖੇਡ ਪ੍ਰੇਮੀਆਂ ਨੇ ਰੱਜ ਕੇ ਆਨੰਦ ਮਾਣਿਆ। ਇਸ ਮੌਕੇ 50 ਪਲੱਸ ਮੈਨ ਦਾ ਫਾਈਨਲ ਮੁਕਾਬਲਾ ਪੰਜਾਬ ਬਲੂ ਸਮ-ਰਾਲਾ ਅਤੇ ਪੰਜਾਬ ਪੀਬੀ ਰੈਡ ਸ਼ਰੀਂਹ ਜਲੰਧਰ ਵਿਚਕਾਰ ਹੋਇਆ। ਇਸ ਸ਼ਾਨਦਾਰ ਮੁਕਾਬਲੇ ਵਿੱਚ ਪੰਜਾਬ ਪੀ ਬੀ ਰੈਡ ਸ਼ਰੀਂਹ ਨੇ ਮੇਜਬਾਨ ਪੰਜਾਬ ਬਲੂ ਸਮਰਾਲਾ ਦੀ ਟੀਮ ਨੂੰ ਤਿੰਨ ਸਿਫਰ ਦੇ ਅੰਕ ਨਾਲ ਹਰਾ ਕੇ ਵਿਨਰ ਟਰਾਫੀ ਤੇ ਕਬਜ਼ਾ ਕੀਤਾ। ਹਲਕੇ ਦੇ ਵਿਧਾਇਕ ਵੱਲੋਂ ਇਸ ਮੌਕੇ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦਿਆਂ ਕਿਹਾ ਕਿ ਉਹਨਾਂ ਨੂੰ ਇਸ ਟੂਰਨਾਮੈਂਟ ਵਿੱਚ ਸ਼ਿਰਕਤ ਕਰਕੇ ਬਹੁਤ ਹੀ ਚੰਗਾ ਲੱਗਾ ਅਤੇ ਉਨਾਂ ਨੇ ਖੇਡਾਂ ਨੂੰ ਪ੍ਰਮੋਟ ਕਰਨ ਲਈ ਆਪਣਾ ਪੂਰਾ ਸਹਿਯੋਗ ਦੇਣਗੇ। ਪੀ ਬੀ ਰੈਡ ਸ਼ਰੀਂਹ ਦੀ ਟੀਮ ਵਿੱਚ ਧੁਦਿਆਲ ਜਲੰਧਰ ਦੇ ਖਿਡਾਰੀਆਂ ਨੇ ਵੀ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਕੇ ਸਭ ਦਾ ਦਿਲ ਜਿੱਤਿਆ। ਗੁਰੂ ਗੋਬਿੰਦ ਸਿੰਘ ਹਾਕੀ ਕਲੱਬ ਧੁਦਿਆਲ ਦੀ ਟੀਮ ਅਤੇ ਸਾਰੇ ਖਿਡਾਰੀਆਂ ਨੇ ਇਸ ਜਿੱਤ ਦੀ ਖੁਸ਼ੀ ਵਿੱਚ ਗੁਰੂ ਘਰ ਜਾ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।









# ਅੰਬੇਡਕਰ ਜੈਯੰਤੀ ਦਾ ਮੁੱਖ ਸਮਾਗਮ ਅੰਬੇਡਕਰ ਭਵਨ ਜਲੰਧਰ ਵਿਖੇ ਮਨਾਇਆ ਜਾਵੇਗਾ

**ਜਲੰਧਰ (ਡੀਡੀਬੀ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ "ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੰਬੇਡਕਰ ਭਵਨ ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 133 ਵਾਂ ਜਨਮ ਉਤਸਵ 14 ਅਪ੍ਰੈਲ ਨੂੰ ਮਨਾਉਣ ਸੰਬੰਧੀ ਵਿਚਾਰ ਚਰਚਾ ਕੀਤੀ ਗਈ, ਜੋ ਕਿ ਬਾਬਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ ਮਨਾਇਆ ਜਾ ਰਿਹਾ ਹੈ।



ਯਾਦ ਰਹੇ ਇਹ ਸਮਾਗਮ ਲੱਗਭਗ ਪਿਛਲੇ ਪੰਜਾਹ ਸਾਲ ਤੋਂ ਸੁਸਾਇਟੀ ਦੇ ਸੰਸਥਾਪਕ ਉੱਘੇ ਅੰਬੇਡਕਰੀ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ੁਰੂ ਕੀਤਾ ਸੀ ਜੋਂ ਲਗਾਤਾਰ ਅੱਜ ਤੱਕ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਸਮੇਂ ਸਮੇਂ ਤੇ ਭਾਰਤ ਦੇ ਉੱਚ ਕੋਟੀ ਦੇ ਬੁੱਧੀਜੀਵੀ ਆਪਣੀ ਹਾਜ਼ਰੀ ਲਗਵਾ ਚੁੱਕੇ ਹਨ। ਅੰਬੇਡਕਰ ਜੈਂਤੀ ਦੇ ਇਸ ਬਾਰ ਦੇ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਉੱਘੇ ਅੰਬੇਡਕਰਵਾਦੀ ਸ੍ਰੀ ਸੁਭਾਸ਼ ਮੁਸਾਫਿਰ (ਹਿਮਾਚਲ ਪ੍ਰਦੇਸ਼) ਸ਼ਿਰਕਤ ਕਰਨਗੇ ਅਤੇ ਉਹਨਾਂ ਦੇ ਨਾਲ ਡਾ। ਰਿੱਤੂ ਸਿੰਘ (ਅਸਿਸਟੈਂਟ ਪ੍ਰੋਫੈਸਰ) ਦਿੱਲੀ ਯੂਨੀਵਰਸਿਟੀ ਨਵੀਂ ਦਿੱਲੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਆਪਣੀ ਹਾਜ਼ਰੀ ਲਗਵਾਉਣਗੇ। ਡਾ. ਜੀ ਸੀ ਕੌਲ ਪੀਐਚਡੀ, ਸ੍ਰੀ ਸੋਹਣ ਲਾਲ ਸਾਬਕਾ ਡੀਪੀਆਈ ਕਾਲਜਾਂ ਤੇ ਚੇਅਰਮੈਨ ਅੰਬੇਡਕਰ ਭਵਨ ਟਰਸਟ ਜਲੰਧਰ ਅਤੇ ਜਸਵਿੰਦਰ ਵਰਿਆਣਾ ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਵਿਸ਼ੇਸ਼ ਬੁਲਾਰਿਆਂ ਵਜੋਂ ਸ਼ਿਰਕਤ ਕਰਨਗੇ। ਮਿਸ਼ਨਰੀ ਕਲਾਕਾਰ ਜੀਵਨ ਮਹਿਮੀ ਬਾਬਾ ਸਾਹਿਬ ਦੇ ਮਿਸ਼ਨ ਤੇ ਸ਼ਰੋਤਿਆਂ ਨੂੰ ਆਪਣੇ ਗੀਤਾਂ ਰਾਹੀਂ ਜਾਗ੍ਰਿਤ ਕਰਨਗੇ।

ਸੋਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਇਸ ਸਮਾਗਮ ਨੂੰ ਸਫਲ ਕਰਨ ਲਈ ਲੋਕਾਂ ਨੂੰ ਤਨ ਮਨ ਧਨ ਨਾਲ ਸਹਿਯੋਗ ਕਰਨ ਲਈ ਅਪੀਲ ਕੀਤੀ ਅਤੇ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਵਸ ਅੰਬੇਡਕਰ ਭਵਨ ਜਲੰਧਰ ਵਿਖੇ ਬਹੁਤ ਹੀ ਧੂਮ-ਧਾਮ ਅਤੇ ਸ਼ਰਧਾ ਪੂਰਵਕ ਮਨਾਉਣ ਲਈ ਸਭ ਨੂੰ ਸਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਬਲਬੀਰ, ਸੋਹਨ ਲਾਲ ਸਾਬਕਾ ਡੀ ਪੀ ਆਈ (ਕਾਲਜਾਂ), ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਣ ਐਡਵੋਕੇਟ, ਰਾਜ ਕੁਮਾਰ ਵਰਿਆਣਾ, ਕਮਲਸ਼ੀਲ ਬਾਲੀ, ਪਿਸ਼ੋਰੀ ਲਾਲ ਸੰਧੂ, ਸੋਮ ਲਾਲ ਮੱਲ (ਰਿ. ਪ੍ਰਿੰਸੀਪਲ), ਰਾਜ ਕੁਮਾਰ ਮੱਲਣ (ਬੈਂਕ ਮੈਨੇਜਰ) ਅਤੇ ਡਾ. ਮਹਿੰਦਰ ਸੰਧੂ ਹਾਜ਼ਰ ਸਨ।

# ਡਾ. ਅੰਬੇਡਕਰ ਸਕੂਲ ਬੁਲੰਦਪੁਰ 'ਚ ਅੱਵਲ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ

**ਜਲੰਧਰ (ਡੀਡੀਬੀ)** ਅੱਜ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਦਾ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਐਡਵੋਕੇਟ ਸ੍ਰੀ ਹਰਭਜਨ ਸਾਂਪਲਾ ਜੀ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਸ਼ਾਦੀ ਲਾਲ ਮਹੇ ਜੀ ਨੇ ਸ਼ਿਰਕਤ ਕੀਤੀ। ਮਹਿਮਾਨਾਂ ਨੇ ਕਿਹਾ ਚੰਗੀ ਮਿਆਰੀ ਸਿੱਖਿਆ ਗ੍ਰਹਿਣ ਕਰਨ ਨਾਲ ਵਿਦਿਆਰਥੀਆਂ ਦਾ ਭਵਿੱਖ ਉਜਵੱਲ ਹੁੰਦਾ ਹੈ। ਬਾਬਾ ਸਾਹਿਬ ਡਾ। ਅੰਬੇਡਕਰ ਜੀ ਐਜੂਕੇਸ਼ਨ ਨੂੰ ਜਿਆਦਾ ਮਹੱਤਵ ਦਿੰਦੇ ਸਨ, ਜਿਸ ਨਾਲ ਅਸੀਂ ਸਾਰੇ ਮਸਲੇ ਹੱਲ ਕਰ ਸਕਦੇ ਹਾਂ। ਕਲਾਸਾਂ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਅਤੇ ਮੁੱਖ ਮਹਿਮਾਨਾਂ ਵਲੋਂ ਇਨਾਮ ਵੰਡ ਕੇ ਉਹਨਾਂ ਦੀ ਹੌਸਲਾ ਅਫ਼ਜਾਈ ਕੀਤੀ ਗਈ। ਯੂ. ਐਸ. ਏ. ਦੇ ਮਿਸ਼ਨਰੀ ਸਾਥੀਆਂ ਸ੍ਰੀ ਅਮਨਦੀਪ ਮਹੇ, ਸ੍ਰੀ ਯੋਗ ਰਾਜ ਗੱਡੂ ਅਤੇ ਸ੍ਰੀ ਰਵੀ ਕੁਮਾਰ ਬਾਂਸਲ ਵੱਲੋਂ ਡਾ. ਅੰਬੇਡਕਰ ਸਕੂਲ ਦੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਸਮਾਰਟ ਕਲਾਸਾਂ ਲਈ 03 ਐਲ.ਈ.ਡੀਜ਼ ਦਾਨ ਕੀਤੀਆਂ ।ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਦਾਨੀ ਸੱਜਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਪ੍ਰਿੰਸੀਪਲ ਨੇ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ। ਸਕੂਲ ਪ੍ਰਬੰਧਕਾਂ ਵੱਲੋਂ ਦਾਨੀ ਸੱਜਣਾਂ ,ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ 'ਚ ਹਾਜ਼ਰ ਵਿਦਿਆਰਥੀਆਂ, ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਖੁਸ਼ੀ 'ਚ ਫਰੂਟ ਵੀ ਵੰਡੇ ਗਏ। ਵਾਇਸ ਪ੍ਰਿੰਸੀਪਲ ਮੈਡਮ ਸਤਵਿੰਦਰ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।




# ਪੰਜਾਬ ਦੇ 107 ਵਿਦਿਆਰਥੀ ਮਨਾਲੀ ਵਿਚ ਲੈ ਰਹੇ ਹਨ ਸਰਕਾਰੀ ਸੰਸਥਾ ਤੋਂ ਟ੍ਰੇਨਿੰਗ





**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)**-ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਵਿਚੋਂ 107 ਪ੍ਰਤਿਭਾਸ਼ਾਲੀ ਵਿਦਿਆਰਥੀਆਂ ਤੇ ਨੌਜਵਾਨਾਂ ਦੀ ਚੋਣ ਕਰਕੇ ਉਹਨਾਂ ਨੂੰ ਮਾਉਨਟੇਨਰਿੰਗ ਅਤੇ ਕੁਦਰਤੀ ਆਫਤਾਂ ਸਮੇਂ ਬਚਾਅ ਕਾਰਜਾਂ ਸਬੰਧੀ ਜਾਣਕਾਰੀ ਦੇਣ ਲਈ ਸਰਕਾਰੀ ਸੰਸਥਾ ਮਨਾਲੀ ਵਿਖੇ ਟ੍ਰੇਨਿੰਗ ਕੋਰਸ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੈਂਪ ਦੇ ਪ੍ਰੋਗਰਾਮ ਅਫ਼ਸਰ ਲੈਕਚਰਾਰ ਗੁਰਿੰਦਰ ਸਿੰਘ ਨੇ ਦੱਸਿਆ ਕਿ ਸਿਖਿਆਰਥੀਆਂ ਦੇ ਕੋਰਸ, ਰਿਹਾਇਸ਼ ਤੇ ਖਾਣ ਪੀਣ ਆਦਿ ਦੇ ਸਮੁੱਚੇ ਪ੍ਰਬੰਧ ਦਾ ਖਰਚਾ ਯੁਵਕ ਸੇਵਾਵਾਂ ਵਿਭਾਗ ਪੰਜਾਬ ਵਲੋਂ ਕੀਤਾ ਗਿਆ ਹੈ । ਕੋਰਸ ਦੇ ਨਾਲ ਨਾਲ ਸਿਖਿਆਰਥੀਆਂ ਨੂੰ ਸਭਿਆਚਾਰਿਕ ਸਰਗਰਮੀਆਂ ਭੰਗੜਾ, ਗੀਤ, ਕਵਿਤਾਵਾਂ, ਖੇਡਾਂ, ਕਬੱਡੀ ਤੇ ਮੋਟੀਵੇਸ਼ਨਲ ਸੰਵਾਦ ਰਾਹੀਂ ਸਿਰਜਣਾਤਮਕ ਕਾਰਜਾਂ ਨਾਲ ਵੀ ਜੋੜਿਆ ਜਾ ਰਿਹਾ ਹੈ ਤਾਂ ਜੋ ਨੌਜਵਾਨ ਆਪਣੀ ਊਰਜਾ ਨੂੰ ਉਸਾਰੂ ਕੰਮਾਂ ਵਿਚ ਲਗਾਉਣ।

ਕੈਂਪ ਵਿੱਚ ਸਿਖਿਆਰਥੀਆਂ ਨੂੰ 15 -15 ਕਿਲੋਮੀਟਰ ਟਰੈਕਿੰਗ ਕਰਵਾ ਕੇ , ਵੱਖ ਵੱਖ ਤਰਾਂ ਦੀਆਂ ਪਹਾੜੀਆਂ ਉੱਤੇ ਚੜ੍ਹਨ - ਉਤਰਨ ਤੇ ਨਦੀਆਂ ਪਾਰ ਕਰਨ ਆਦਿ ਦੀ ਵਿਵਹਾਰਿਕ ਪ੍ਰੈਕਟਿਸ ਕਰਵਾ ਕੇ ਸਰੀਰਿਕ ਤੌਰ ਤੇ ਮਜ਼ਬੂਤ ਤੇ ਸਾਹਸੀ ਬਣਾਇਆ ਜਾ ਰਿਹਾ ਹੈ। ਜਿਕਰਯੋਗ ਹੈ ਕਿ 19 ਸਾਲ ਦੀ ਛੋਟੀ ਉਮਰ ਵਿੱਚ ਮਾਊਂਟ ਐਵਰੈਸਟ ਚੋਟੀ ਫਤਹਿ ਕਰਨ ਦਾ ਰਿਕਾਰਡ ਬਣਾਉਣ ਵਾਲੀ ਮੈਡਮ ਡਿੱਕੀ ਡੌਲਮਾ ਇਸੇ ਸੰਸਥਾ ਵਿਚ ਡਿਊਟੀ ਨਿਭਾ ਰਹੀ ਹੈ । ਟ੍ਰੇਨਿੰਗ ਲੈ ਰਹੇ ਸਿਖਿਆਰਥੀਆਂ ਨੇ ਓਹਨਾਂ ਨੂੰ ਬਿਨਾਂ ਕਿਸੇ ਖਰਚੇ ਦੇ ਇਹ ਕੋਰਸ ਕਰਵਾਉਣ ਲਈ ਯੁਵਕ ਸੇਵਾਵਾਂ ਵਿਭਾਗ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ।






# ਸਵੀਪ ਗਤੀਵਿਧੀਆਂ ਤਹਿਤ ਵੋਟਰਾਂ ਨੂੰ ਵੋਟ ਦੀ ਅਹਿਮੀਅਤ ਦਾ ਸੁਨੇਹਾ ਦੇਣ ਲਈ ਸਾਇਕਲ ਰੈਲੀ ਦਾ ਆਯੋਜਨ

**ਸੰਗਰੂਰ, (ਦਲਜੀਤ ਕੌਰ)**–ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਵਿਖੇ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ ਇਨ੍ਹੀਂ ਦਿਨੀਂ ਸਵੀਪ ਗਤੀਵਿਧੀਆਂ ਜੋਸ਼ੋ ਖਰੋਸ਼ ਨਾਲ ਚੱਲ ਰਹੀਆਂ ਹਨ। ਅੱਜ ਸਵੀਪ ਦੇ ਜ਼ਿਲ੍ਹਾ ਨੋਡਲ ਅਫ਼ਸਰ ਵਿਨੀਤ ਕੁਮਾਰ ਦੀ ਮੌਜੂਦਗੀ ਵਿੱਚ ਸੰਗਰੂਰ ਸ਼ਹਿਰ ਵਿੱਚ ਸਾਇਕਲ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਡੀ।ਸੀ ਕੰਪਲੈਕਸ ਸੰਗਰੂਰ ਤੋਂ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਆਕਾਸ਼ ਬਾਂਸਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਰੈਲੀ ਵਿੱਚ ਵੱਡੀ ਗਿਣਤੀ ਸਕੂਲੀ ਵਿਦਿਆਰਥੀ ਤੇ ਆਮ ਲੋਕ ਸ਼ਾਮਲ ਹੋਏ ਅਤੇ ਇਹ ਰੈਲੀ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚੋਂ ਲੰਘਦੀ ਹੋਈ ਵਾਰ ਹੀਰੋਜ਼ ਸਟੇਡੀਅਮ ਵਿਖੇ ਜਾ ਕੇ ਸਮਾਪਤ ਹੋਈ। ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਤਹਿਤ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਵੱਧ ਤੋਂ ਵੱਧ ਨਾਗਰਿਕਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਾਇਕਲ ਰੈਲੀ ਵੀ ਇਸ ਟੀਚੇ ਦੀ ਪ੍ਰਾਪਤੀ ਵੱਲ ਇੱਕ ਕਦਮ ਹੈ। ਉਨ੍ਹਾਂ ਕਿਹਾ ਕਿ ਸਵੀਪ ਟੀਮਾਂ ਨਿਰੰਤਰ ਜਾਗਰੂਕਤਾ ਕਾਰਵਾਈਆਂ ਕਰ ਰਹੀਆਂ ਹਨ ਅਤੇ ਸਾਨੂੰ ਉਮੀਦ ਹੈ ਕਿ ਅਸੀਂ ਇਲੈਕਸ਼ਨ ਕਮਿਸ਼ਨ ਵੱਲੋਂ ਦਿੱਤੇ ਟੀਚੇ ਨੂੰ ਪਾਰ ਜ਼ਰੂਰ ਕਰਾਂਗੇ। ਉਨ੍ਹਾਂ ਨੇ ਸਾਇਕਲ ਰੈਲੀ ਵਿੱਚ ਸ਼ਾਮਲ ਹੋਏ ਵਲੰਟੀਅਰਾਂ ਦੀ ਹੌਸਲਾ ਅਫਜਾਈ ਕਰਦਿਆਂ ਲਗਾਤਾਰ ਅਜਿਹੇ ਵੋਟਰ ਪੱਖੀ ਉਦਮ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਤਾਂ ਜੋ ਆਉਣ ਵਾਲੀ 1 ਜੂਨ ਨੂੰ ਵੋਟਾਂ ਵਾਲੇ ਦਿਨ ਜ਼ਿਲ੍ਹਾ ਸੰਗਰੂਰ ਦੇ ਵੱਧ ਤੋਂ ਵੱਧ ਵੋਟਰ ਆਪਣੀ ਵੋਟ ਪਾ ਕੇ ਲੋਕਤੰਤਰ ਨੂੰ ਮਜਬੂਤ ਕਰ ਸਕਣ।





ਸ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਮੋਰਿੰਡਾ ਰਿਹਾਇਸ਼ ਤੇ ਰੱਖੇ ਧਾਰਮਿਕ ਸਮਾਗਮ ਦੌਰਾਨ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦੇ ਹੋਏ ਸੁਖਵਿੰਦਰ ਸਿੰਘ ਕੋਟਲੀ ਵਿਧਾਇਕ ਆਦਮਪੁਰ ਅਤੇ ਅੰਮ੍ਰਿਤਪਾਲ ਭੌਂਸਲੇ (ਫਿਲੌਰ) ਕੋ-ਆਰਡੀਨੇਟਰ ਹਲਕਾ ਆਦਮਪੁਰ। **ਫੋਟੋ ਤੇ ਵੇਰਵਾ ਬੀ. ਕੇ. ਰੱਤੂ**

# ਸੰਤ ਕੁਲਵੰਤ ਰਾਮ ਨੂੰ ਜਾਨੋ ਮਾਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ - ਚੇਅਰਮੈਨ ਘੇੜਾ

**ਫਗਵਾੜਾ 2 ਅਪ੍ਰੈਲ (ਬੀ.ਕੇ. ਰੱਤੂ)** ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ। ਪੰਜਾਬ ਦੇ ਪ੍ਰਧਾਨ ਅਤੇ ਡੇਰਾ 108 ਸੰਤ ਬਾਬਾ ਮੇਲਾ ਰਾਮ ਪਿੰਡ ਭਰੋਮਜਾਰਾ ਦੇ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਨੂੰ ਫੋਨ ਕਾਲ ਰਾਹੀਂ ਜਾਨੋ ਮਾਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ। ਉਕਤ ਵਿਚਾਰਾ ਦਾ ਪ੍ਰਗਟਾਵਾ ਅੰਬੇਡਕਰ ਸੈਨਾ ਪੰਜਾਬ ਦੇ ਚੇਅਰਮੈਨ ਰਜਿੰਦਰ ਘੇੜਾ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਕੀਤਾ। ਘੇੜਾ ਨੇ ਕਿਹਾ ਕਿ ਸੰਤ ਕੁਲਵੰਤ ਰਾਮ ਜੀ ਸਮੁੱਚੀ ਰਵਿਦਾਸੀਆ ਕੌਮ ਦੇ ਬਹੁਤ ਸਤਿਕਾਰਯੋਗ ਸੰਤ ਹਨ। ਰਜਿੰਦਰ ਘੇੜਾ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਆਪਣੀ ਕਾਰਵਾਈ ਨੂੰ ਤੇਜ ਕਰਦੇ ਹੋਏ ਫੋਨ ਕਾਲ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਅਣਪਛਾਤੇ ਵਿਅਕਤੀ ਦੀ ਤਲਾਸ਼ ਕਰਕੇ ਬਣਦੀ ਕਾਨੂੰਨੀ ਕਾਰਵਾਈ ਕਰਕੇ ਗ੍ਰਿਫਤਾਰ ਕਰੇ। ਜੇਕਰ ਪੁਲਿਸ ਪ੍ਰਸ਼ਾਸਨ ਵੱਲੋਂ ਇਸ ਕੇਸ ਨੂੰ ਹੱਲ ਕਰਨ 'ਚ ਢਿੱਲਮੱਠ ਵਰਤੀ ਤਾਂ ਅੰਬੇਡਕਰ ਸੈਨਾ ਪੰਜਾਬ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ।

ਘੇੜਾ ਇਹ ਵੀ ਕਿਹਾ ਕਿ ਜੇਕਰ ਸਤਿਕਾਰਯੋਗ ਸੰਤ ਕੁਲਵੰਤ ਰਾਮ ਜੀ ਦਾ ਮਾਲੀ ਜਾਂ ਜਾਨੀ ਨੁਕਸਾਨ ਹੋਇਆ ਤਾਂ ਉਸ ਦੀ ਸਾਰੀ ਜੁੰਮੇਵਾਰੀ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

# ਪੰਜਾਬ ਦੀਆਂ ਫਸਲਾਂ ਅਤੇ ਨਸਲਾਂ ਦਾ ਨਹੀਂ ਕੋਈ ਵਾਲੀ-ਵਾਰਸ: ਅਰਵਿੰਦ ਖੰਨਾ

**ਚੰਡੀਗੜ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀਆਂ ਫਸਲਾਂ ਅਤੇ ਨਸਲਾਂ ਇਸ ਸਮੇਂ ਪੂਰੀ ਤਰ੍ਹਾਂ ਲਾਵਾਰਿਸ ਮਹਿਸੂਸ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਸਲਾਂ ਨੂੰ ਕੁਦਰਤ ਦੀ ਕਰੋਪੀ ਨੇ ਝਿੰਝੋੜ ਰੱਖਿਆ ਹੈ ਅਤੇ ਨਸਲਾਂ ਨੂੰ ਚਿੱਟੇ ਦੀ ਕਰੋਪੀ ਨੇ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਪੰਜਾਬ ਦਾ ਕੋਈ ਵਾਲੀ^ਵਾਰਿਸ ਨਹੀਂ ਰਹਿ ਗਿਆ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਲੋਕ ਹਿੱਤਾਂ ਨੂੰ ਅਣਗੌਲਿਆਂ ਕਰਕੇ ਆਪਣੇ ਭ੍ਰਿਸ਼ਟ ਆਕਾ ਨੂੰ ਬਚਾਉਣ ਲਈ ਦਿੱਲੀ ਦੇ ਗੇੜਿਆਂ ਨੂੰ ਪਹਿਲ ਦੇ ਰਹੇ ਹਨ ਪਰ ਮੌਸਮ ਕਾਰਨ ਤਬਾਹ ਹੋਈਆਂ ਫਸਲਾਂ ਦੀ ਕੋਈ ਖ਼ਬਰ ਨਹੀਂ ਲੈ ਰਹੇ।



ਸ਼੍ਰੀ ਖੰਨਾ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਸੱਤਾ ਵਿੱਚ ਆਉਣ ਤੋਂ ਕੁੱਝ ਮਹੀਨਿਆਂ ਵਿੱਚ ਹੀ ਪੰਜਾਬ ਨੂੰ ਕਰਜ਼ੇ ਤੋਂ ਮੁਕਤ ਕਰਵਾ ਦਿੱਤਾ ਜਾਵੇਗਾ ਜਦਕਿ ਸਥਿਤੀ ਉਲਟ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਨਵੇਂ ਵਿੱਤੀ ਵਰ੍ਹੇ ਦੇ ਪਹਿਲੇ ਦਿਨਾਂ ਵਿੱਚ ਹੀ ਰਿਪੋਰਟ ਮਿਲੀ ਹੈ ਕਿ ਪੰਜਾਬ ਸਰਕਾਰ ਨੇ ਤਿੰਨ ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਕਰ ਲਈ ਹੈ ਅਤੇ ਇਹ ਸਿਲਸਿਲਾ ਰੁਕਣ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਰਿਜ਼ਰਵ ਬੈਂਕ ਦੀ ਸੂਚਨਾ ਮੁਤਾਬਿਕ ਸੂਬਾ ਸਰਕਾਰ ਨੇ 25 ਜੂਨ ਤੱਕ 12 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕ ਲੈਣਾ ਹੈ।

ਉਨ੍ਹਾਂ ਕਿਹਾ ਕਿ ਇੰਨ੍ਹਾਂ ਰਿਪੋਰਟਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਸਰਕਾਰ ਦੀ ਨਲਾਇਕੀ ਕਾਰਨ ਸੂਬਾ ਬੁਰੀ ਤਰ੍ਹਾਂ ਕਰਜ਼ੇ ਦੀ ਮਾਰ ਹੇਠ ਆ ਜਾਵੇਗਾ, ਜਿਸ ਨੂੰ ਉਤਾਰਨ ਲਈ ਸਰਕਾਰ ਕੋਲ ਕੋਈ ਠੋਸ ਯੋਜਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਪਣੇ ਸੂਬੇ ਨੂੰ ਕੰਗਾਲ ਕਰਕੇ ਇਸ ਦਾ ਪੈਸਾ ਆਮ ਆਦਮੀ ਪਾਰਟੀ ਵੱਲੋਂ ਬਾਹਰਲੇ ਸੂਬਿਆਂ ਵਿੱਚ ਕੀਤੇ ਜਾਣ ਵਾਲੇ ਚੋਣ ਪ੍ਰਚਾਰ ਤੇ ਖਰਚਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਪਾਰਟੀ ਦੀ ਇਸ ਕਰਤੂਤ ਦਾ ਬਦਲਾ ਲੋਕ ਅਗਾਮੀ ਚੋਣਾਂ ਵਿੱਚ ਲੈ ਲੈਣਗੇ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ:ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਨੂੰ ਮਿਲੀ ਧਮਕੀ ਦੇ ਰੋਸ 'ਚ ਸੰਤ ਸਮਾਜ ਤੇ ਸੰਗਤਾਂ ਦਾ ਡੇਰੇ ਵਿਖੇ ਹੋਇਆ ਭਾਰੀ ਇਕੱਠ

**ਫਗਵਾੜਾ (ਬੀ.ਕੇ. ਰੱਤੂ)** ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੂੰ ਕਿਸੇ ਅਣਪਛਾਤੇ ਵਿਅਕਤੀ ਵਲੋਂ ਫੋਨ ਤੇ ਜਾਨੋ ਮਾਰਨ ਦੀ ਧਮਕੀ ਦਿੱਤੀ ਗਈ ਸੀ।ਇਸ ਦੇ ਸਬੰਧ ਚ



ਸੰਤ ਕੁਲਵੰਤ ਰਾਮ ਵਲੋਂ ਐਸ।ਐਸ।ਪੀ ਸ਼ਹੀਦ ਭਗਤ ਸਿੰਘ ਨਗਰ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਸੀ।ਮਿਤੀ 03 ਅਪ੍ਰੈਲ 2024 ਨੂੰ ਡੇਰਾ ਭਰੋਮਜਾਰਾ ਵਿਖੇ ਰੋਸ ਵਿੱਚ ਸੰਤ ਸਮਾਜ ਅਤੇ ਸੰਗਤਾਂ ਦਾ ਭਾਰੀ ਇਕੱਠ ਹੋਇਆ। ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ:ਪੰਜਾਬ ਦੇ ਸੰਤ ਮਹਾਂਪੁਰਸ਼, ਸ਼੍ਰੀ ਗੁਰੂ ਰਵਿਦਾਸ ਸਭਾਵਾਂ,ਡਾ।ਅੰਬੇਡਕਰ ਸਭਾਵਾਂ ,ਗੁਰੂ ਰਵਿਦਾਸ ਟਾਈਗਰ ਫੋਰਸ, ਬੇਗਮਪੁਰਾ ਟਾਈਗਰ ਫੋਰਸ,ਇਲਾਕੇ ਦੇ ਸਰਪੰਚ, ਪੰਚ ਅਤੇ ਸੰਗਤਾਂ ਵਲੋਂ ਭਾਰੀ ਗਿਣਤੀ ਵਿੱਚ ਇਕੱਠ ਕੀਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਧਮਕੀ ਦੇਣ ਵਾਲੇ ਤੇ ਪਰਚਾ ਦਰਜ ਕਰਕੇ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾ ਕਿਹਾ ਕਿ ਜੇ ਪ੍ਰਸ਼ਾਸ਼ਨ ਨੇ ਪਰਚਾ ਦਰਜ ਨਾ ਕੀਤਾ ਤਾਂ ਸੜਕਾਂ ਜਾਮ ਕਰ ਦਿਆਂਗੇ।ਸੰਗਤਾਂ ਚ ਭਾਰੀ ਰੋਸ ਨੂੰ ਵੇਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਹਰਕਤ ਚ ਆਇਆ।ਡੇਰੇ ਵਿੱਚ ਐਸ ਡੀ ਐਮ ਬੰਗਾ ਵਿਕਰਮਜੀਤ ਸਿੰਘ,ਐਸ ਪੀ ਡੀ ਮੁਕੇਸ਼ ਕੁਮਾਰ, ਡੀ ਐਸ ਪੀ ਬੰਗਾ ਦਲਜੀਤ ਸਿੰਘ ਖੱਖ, ਐਸ ਐਚ ਓ ਬਹਿਰਾਮ ਰਾਜੀਵ ਕੁਮਾਰ ਪੁਲਿਸ ਫੋਰਸ ਨਾਲ ਪਹੁੰਚੇ। ਜਿਨ੍ਹਾ ਸੰਤਾਂ ਅਤੇ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਧਮਕੀ ਦੇਣ ਵਾਲੇ ਤਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਉਦੇਸੀਆ ਜਿਲ੍ਹਾ ਜਲੰਧਰ ਦਿਹਾਤੀ ਤੇ ਧਾਰਾ 506 ਆਈ.ਪੀ.ਸੀ ਤਹਿਤ ਪਰਚਾ ਦਰਜ ਕੀਤਾ ਗਿਆ।

# ਮਨੈਰਵੀਓ (ਬਰੇਸ਼ੀਆਂ) ਵਿਖੇ ਮਨਾਇਆ ਗਿਆ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)**–ਧੰਨ -ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਵੀਓ (ਬਰੇਸ਼ੀਆਂ) ਵਲੋ ਵੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਵਿਚ ਇਟਲੀ ਭਰ ਚੋਂ ਸੰਗਤਾਂ ਨੇ ਵੱਧ ਚੜ ਕੇ ਸ਼ਮੂਲੀਅਤ ਕੀਤੀ।ਇਸ ਸਮਾਗਮ ਵਿਚ ਗੀਤਕਾਰ ਰੱਤੂ ਰੰਧਾਵੇ ਵਾਲਾ ਅਤੇ ਸ੍ਰੀ ਕੇਸ਼ਵ ਢੰਡਾ ਚੇਅਰਮੈਨ ਗਲੋਬਲ ਰਵਿਦਾਸੀਆਂ ਵੈਲਫੇਅਰ ਆਰਗੇਨਾਈਜੇਸ਼ਨ ਯੂਰਪ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ "ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਖੰਡ ਜਾਪ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਪ੍ਰਧਾਨ ਅਮਰੀਕ ਲਾਲ ਦੋਲੀਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਚਾਰੀ ਗਈ ਬਾਣੀ ਅੱਜ ਵੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਵਜੋਂ ਕੰਮ ਕਰਦੀ ਹੈ ਜੋ ਸਮਾਜ ਵਿਚ ਫੈਲੇ ਅੰਧ-ਵਿਸ਼ਵਾਸ਼, ਜਾਤ-ਪਾਤ, ਛੂਆ-ਛਾਤ ਦੇ ਹਨੇਰੇ ਚੋ ਕੱਢ ਕੇ ਬਰਾਬਰਤਾ, ਸਮਾਨਤਾ ਅਤੇ ਸਤੁੰਤਰਤਾ ਦਾ ਸੰਦੇਸ਼ ਦਿੰਦੀ ਹੈ।

ਉਪਰੰਤ ਉਚੇਚੇ ਤੌਰ ਤੇ ਪਹੁੰਚੇ ਗਾਇਕ ਸੋਡੀ ਮੱਲ ਨੇ ਆਪਣੀ ਬੁਲੰਦ ਅਵਾਜ ਵਿਚ "ਖੁਦ ਨੂੰ ਜਾਗਣਾ ਪੈਂਣਾ ਜਾਗੋ ਕੱਢਣੇ ਦੀ ਲੋੜ ਨਹੀਂ, "ਨਾਲ ਸੁਰੂਆਤ ਕਰਕੇ" ਚਾਹੁੰਦਾ ਹਾਂ ਰਾਜ ਮੈਂ ਐਸਾ ਦਿੱਲੀ ਦਿਆ ਹਾਕਮਾਂ,, ਸਮੇਤ ਅਨੇਕਾਂ ਸ਼ਬਦਾ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਪੰਮਾ ਲਧਾਣਾ ਨੇ ਕੱਲਾ-ਕੱਲਾ ਸਾਹ ਆਪਣਾ ਰਵਿਦਾਸੀਆ ਧਰਮ ਲੇਖੇ ਲਾਉਣਾ, ਵਿਜੇ ਸਫਰੀ, ਕੁਮਾਰ ਇਟਲੀ ਤੋ ਇਲਾਵਾ ਹੋਰ ਗਾਇਕਾਂ ਨੇ ਵੀ ਹਾਜਰੀ ਲਗਵਾਈ। ਸਰਬਜੀਤ ਵਿਰਕ ਚੇਅਰਮੈਨ ਡਾ ਅੰਬੇਡਕਰ ਵੈਲਫੇਅਰ ਐਸੋਸੀਏਸ਼ਨ ਇਟਲੀ ਵਲੋ ਆਈਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ।

## ਸ਼ੇਰ ਦੇ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਤੇ ਇਕ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਕੈਲੀਫੋਰਨੀਆ ਵਿਚ ਪਿਛਲੇ 20 ਸਾਲਾਂ ਦੌਰਾਨ ਵਾਪਰੀ ਪਹਿਲੀ ਘਟਨਾ ਵਿਚ ਇਕ ਜੰਗਲੀ ਸ਼ੇਰ ਵੱਲੋਂ ਕੀਤੇ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ ਇਕ ਹੋਰ ਦੇ ਜ਼ਖਮੀ ਹੋਣ ਦੀ ਖਬਰ ਹੈ। ਐਲ ਡੋਰਾਡੋ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਨੀਵਾਰ ਨੂੰ ਸਥਾਨਕ ਸਮੇ ਅਨੁਸਾਰ ਦੁਪਹਿਰ 1।13 ਵਜੇ ਇਕ 18 ਸਾਲਾ ਵਿਅਕਤੀ ਨੇ ਫੋਨ ਕੀਤਾ ਕਿ ਇਕ ਸ਼ੇਰ ਵੱਲੋਂ ਮੇਰੇ ਤੇ ਮੇਰੇ 21 ਸਾਲਾ ਭਰਾ ਉਪਰ ਹਮਲਾ ਕੀਤਾ ਗਿਆ ਹੈ। ਬਿਆਨ ਅਨੁਸਾਰ ਸ਼ੇਰ ਦੇ ਹਮਲੇ ਦੌਰਾਨ ਫੋਨ ਕਰਨ ਵਾਲਾ ਵਿਅਕਤੀ ਆਪਣੇ ਭਰਾ ਤੋਂ ਵਿਛੜ ਗਿਆ ਸੀ ਜੋ ਬਾਅਦ ਵਿਚ ਜ਼ਖਮੀ ਹਾਲਤ ਵਿਚ ਮਿਲਿਆ। ਉਸ ਨੂੰ ਇਲਾਜ਼ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਫਸਰਾਂ ਵੱਲੋਂ ਉਸ ਦੇ ਭਰਾ ਦੀ ਲਾਸ਼ ਜੰਗਲ ਵਿਚੋਂ ਬਰਾਮਦ ਕਰ ਲਈ ਗਈ ਹੈ।



ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਜਿਲ੍ਹਾ ਚੋਣ ਅਫਸਰ ਨੇ ਪੁਲਿਸ ਪ੍ਰਸਾਸਨ ਨਾਲ ਮੀਟਿੰਗ ਕਰਕੇ ਲੋਕ ਸਭਾ ਚੋਣਾਂ-2024 ਕਰਵਾਉਣ ਲਈ ਦਿੱਤੇ ਦਿਸਾ ਨਿਰਦੇਸ

**ਪਠਾਨਕੋਟ-** ਲੋਕ ਸਭਾ ਚੋਣਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਦੇ ਲਈ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ਵੱਲੋਂ ਜਿਲ੍ਹਾ ਪੁਲਿਸ ਪ੍ਰਸਾਸਨ ਨਾਲ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸ੍ਰੀ ਸੁਹੇਲ ਕਾਸਿਮ ਮੀਰ ਐਸ.ਐਸ.ਪੀ. ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ)-ਕਮ-ਏ.ਆਰ.ਓ। ਲੋਕ ਸਭਾ ਸੈਗਮੈਂਟ ਭੋਆ, ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ-ਕਮ-ਏ.ਆਰ.ਓ। ਲੋਕ ਸਭਾ ਸੈਗਮੈਂਟ ਪਠਾਨਕੋਟ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ-ਕਮ-ਏ.ਆਰ.ਓ। ਲੋਕ ਸਭਾ ਸੈਗਮੈਂਟ ਸੁਜਾਨਪੁਰ ਅਤੇ ਜਿਲ੍ਹਾ ਪਠਾਨਕੋਟ ਦੇ ਸਾਰੇ ਥਾਨਿਆਂ ਦੇ ਐਸ.ਐਚ.ਓ। ਹਾਜ਼ਰ ਹੋਏ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ-ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਸੰਬੋਧਤ ਕਰਦਿਆਂ ਕਿਹਾ ਕਿ ਜਿਵੇਂ ਕਿ ਲੋਕ ਸਭਾ ਚੋਣਾਂ-2024 ਦਾ ਆਗਾਜ ਹੋ ਚੁੱਕਿਆ ਹੈ ਅਤੇ ਚੋਣ ਕਮਿਸਨ ਵੱਲੋਂ ਆਦਰਸ ਚੋਣ ਜਾਬਤਾ ਵੀ ਲਾਗੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੋਰਾਨ ਜਿਲ੍ਹਾ ਪਠਾਨਕੋਟ ਦੇ ਸਾਰੇ ਪੁਲਿਸ ਥਾਨਿਆਂ ਦੇ ਐਸ.ਐਚ.ਓ. ਸਾਹਿਬਾਨ ਸਫਲਤਾਂ ਪੂਰਵਕ ਲੋਕ ਸਭਾ ਚੋਣਾਂ ਨੂੰ ਨੇਪਰੇ ਚਾੜਨ ਦੇ ਲਈ ਅਪਣਾ ਸਹਿਯੋਗ ਦੇਣਗੇ ਤਾਂ ਜੋ ਚੋਣਾਂ ਦੇ ਦੋਰਾਨ ਹਰੇਕ ਤਰ੍ਹਾਂ ਦੀ ਅਪਰਾਧਿਕ ਗਤਿਵਿਧੀਆਂ ਨੂੰ ਰੋਕਿਆ ਜਾ ਸਕੇ।



ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ-2024 ਨੂੰ ਧਿਆਨ ਵਿੱਚ ਰੱਖਦਿਆਂ ਅਪਣੇ ਇਲਾਕਿਆਂ ਅੰਦਰ ਨਿਰਧਾਰਤ ਸਮੇਂ ਵਿੱਚ ਜਿਨ੍ਹਾਂ ਲੋਕਾਂ ਕੋਲ ਅਪਣੇ ਲਾਇਸੈਂਸੀ ਹਥਿਆਰ ਹਨ ਉਨ੍ਹਾਂ ਨੂੰ ਜਮ੍ਹਾਂ ਕਰਵਾਉਂਣ ਦੇ ਆਦੇਸ ਦਿੱਤੇ ਜਾਣ ਅਤੇ ਯਕੀਨੀ ਬਣਾਇਆ ਜਾਵੈ ਕਿ ਕਿਸੇ ਵੀ ਲਾਇਸੈਂਸੀ ਹਥਿਆਰ ਨੂੰ ਬਿਨ੍ਹਾਂ ਜਿਲ੍ਹਾ ਚੋਣ ਅਫਸਰ ਦੇ ਛੋਟ ਨਾ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਦੇ ਲਈ ਪੁਲਿਸ ਨਾਕਿਆਂ ਤੇ ਮੁਸਤੈਦੀ ਵਧਾਈ ਜਾਵੈ ਅਤੇ ਯਕੀਨੀ ਬਣਾਇਆ ਜਾਵੈ ਕਿ ਸਹਿਰ ਅੰਦਰ ਚੱਲਣ ਵਾਲੇ ਪੀ.ਸੀ.ਆਰ. ਨੂੰ ਵੀ ਮੁਸਤੈਦੀ ਨਾਲ ਅਪਣੀ ਡਿਊਟੀ ਨਿਭਾਉਂਣ ਲਈ ਪਾਬੰਦ ਕੀਤਾ ਜਾਵੇ।

# ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿਲ੍ਹਾ ਪਠਾਨਕੋਟ ਦਾ ਕੀਤਾ ਨਾਮ ਰੋਸਨ- ਡਿਪਟੀ ਕਮਿਸਨਰ

**ਪਠਾਨਕੋਟ-** ਜਿਲ੍ਹਾ ਪਠਾਨਕੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਤਿਹਾਸ ਦੀ ਸਿਰਜਨਾ ਕਰਦਿਆਂ ਪੂਰੇ ਪੰਜਾਬ ਅੰਦਰ ਪੰਜਾਵੀਂ ਕਲਾਸ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਥੇ ਜਿਲ੍ਹਾ ਪਠਾਨਕੋਟ ਦਾ ਮਾਣ ਵਧਾਇਆ ਹੈ ਉੱਥੇ ਹੀ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਵੱਖਰੀ ਪਹਿਚਾਣ ਦਿੱਤੀ ਹੈ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪ੍ਰਾਇਮਰੀ ਸਕੂਲ ਵਿੱਚ ਪੜਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਂ-ਪਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਹਾਦਿੱਕ ਸੁਭਕਾਮਨਾਵਾਂ ਦਿੱਤੀਆਂ। ਜਾਣਕਾਰੀ ਦਿੰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿੱਚ 376 ਸਰਕਾਰੀ ਪ੍ਰਾਇਮਰੀ ਸਕੂਲ ਚਲ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਕਲਾਸ ਵਿੱਚ ਪੜਨ ਵਾਲੇ 5695 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਵਿੱਚੋਂ 5693 ਵਿਦਿਆਰਥੀਆਂ ਨੇ ਪਾਸ ਹੋ ਕੇ ਪੂਰੇ ਪੰਜਾਬ ਅੰਦਰ 99।96 ਪ੍ਰਤੀਸਤ ਨਤੀਜੇ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਵੈਂ ਕਿ ਅੱਜ ਦੇ ਸਮੇਂ ਵਿੱਚ ਬੇਟੀ ਵੀ ਬੇਟੇ ਤੋਂ ਅੱਗੇ ਨਿਕਲ ਕੇ ਅਪਣੇ ਮਾਪਿਆਂ ਦਾ ਨਾਮ ਰੋਸਨ ਕਰ ਰਹੀ ਹੈ ਅਤੇ ਜਿਲ੍ਹਾ ਪਠਾਨਕੋਟ ਅੰਦਰ ਬੇਟੀਆਂ ਨੇ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਇੱਕ ਵਿਲੱਖਣ ਪਹਿਚਾਣ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਜਿਲ੍ਹਾ ਵਾਸੀਆਂ ਅਤੇ ਸਰਕਾਰੀ ਸਕੂਲਾਂ ਅੰਦਰ ਪੜਨ ਵਾਲੇ ਬੱਚਿਆਂ ਦੇ ਮਾਤਾ ਪਿਤਾ ਨੂੰ ਹਾਰਦਿੱਕ ਸੁਭਕਾਮਨਾਵਾਂ ਦਿੰਦੇ ਹਨ। ਉਨ੍ਹਾਂ ਜਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਬੱਚਿਆਂ ਨੂੰ ਦਾਖਲ ਕਰਵਾਓ ਅਤੇ ਵਧੀਆ ਕਵਾਲਿਟੀ ਦੀ ਸਿੱਖਿਆ ਬੱਚਿਆਂ ਨੂੰ ਦਿਓ। ਉਨ੍ਹਾਂ ਕਿਹਾ ਕਿ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਸ. ਹਰਭਗਵੰਤ ਸਿੰਘ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ , ਸ੍ਰੀ ਡੀ.ਜੀ. ਸਿੰਘ ਉੱਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ ਅਤੇ ਸਰਕਾਰੀ ਸਕੂਲਾਂ ਦੇ ਸਟਾਫ ਨੂੰ ਵੀ ਹਾਰਦਿੱਕ ਸੁਭਕਾਮਨਾਵਾਂ ਦਿੱਤੀਆ।



# ਪਠਾਨਕੋਟ ਪੁਲਿਸ ਵਲੋਂ ਕੱਢਿਆ ਫਲੈਗ ਮਾਰਚ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਅੱਜ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ ਪਠਾਨਕੋਟ ਆਦਿੱਤਿਆ ਉੱਪਲ, ਸੁਹੇਲ ਕਾਸਿਮ ਮੀਰ ਐਸ.ਐਸ.ਪੀ. ਪਠਾਨਕੋਟ ਦੀ ਮੌਜੂਦਗੀ ਵਿਚ ਫਲੈਗ ਮਾਰਚ ਕੱਢਿਆ ਗਿਆ। ਇਸ ਫਲੈਗ ਮਾਰਚ ਵਿਚ ਲਗਭਗ 110 ਮੁਲਾਜਮਾਂ ਨੇ ਹਿੱਸਾ ਲਿਆ। ਇਸ ਮੌਕੇ ਐਸ।ਐਸ।ਪੀ। ਪਠਾਨਕੋਟ ਨੇ ਦੱਸਿਆ ਕਿ ਫਲੈਗ ਮਾਰਚ ਕੱਢਣ ਦਾ ਮੁੱਖ ਮਕਸਦ ਅਮਨ ਅਤੇ ਸ਼ਾਂਤੀ ਨਾਲ ਚੋਣਾਂ ਕਰਵਾਉਣਾਂ ਹੈ। ਉਹਨਾਂ ਕਿਹਾ ਕਿ ਪੁਲਿਸ ਹਮੇਸ਼ਾ ਲੋਕਾਂ ਦੇ ਨਾਲ ਹੈ। ਇਸ ਦੇ ਨਾਲ ਹੀ ਕਿਸੇ ਵੀ ਸਰਾਰਤੀ ਵਿਅਕਤੀ ਨੂੰ ਬਕਸਿਆਂ ਨਹੀਂ ਜਾਵੇਗਾ। ਇਸ ਦੇ ਨਾਲ ਹੀ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਚੋਣਾਂ ਦੇ ਦੌਰਾਨ ਹਰੇਕ ਤਰ੍ਹਾਂ ਦੀ ਅਪਰਾਧਿਕ ਗਤਿਵਿਧੀਆਂ ਨੂੰ ਰੋਕਿਆ ਜਾ ਸਕੇ ਅਤੇ ਲੋਕ ਸਭਾ ਚੋਣਾਂ ਨੂੰ ਸਫਲਤਾਂ ਪੂਰਵਕ ਕਰਵਾਇਆ ਜਾ ਸਕੇ। ਇਹ ਫਲੈਗ ਮਾਰਚ ਥਾਣਾ ਡਵੀਜਨ ਨੰਬਰ 1 ਤੋਂ ਸ਼ੁਰੂ ਹੋ ਕੇ ਬੱਸ ਸਟੈਂਡ, ਯੂ ਨਾਈਟ ਹੋਟਲ, ਬਾਲਮੀਕੀ ਚੌਕ, ਗਾਂਧੀ ਚੌਕ, ਗਾੜੀ ਅਹਾਤਾ ਚੌਕ, ਲਾਈਟਾ ਵਾਲਾ ਚੌਕ, ਪੀਰ ਬਾਬਾ ਚੌਕ ਤੋਂ ਹੁੰਦੇ ਹੋਏ ਸ਼ਹੀਦ ਭਗਤ ਚੌਕ ਵਿਚ ਸਮਾਪਤ ਹੋਇਆ।




NSB Insurance

for Insurance Call:
NIRMAL SINGH BADHAN
707-228-2020



Lic #0144676

NIRMAL SINGH BADHAN

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834



# ਐਸ ਸੀ ਕਮਿਸ਼ਨ ਦਾ ਐਸ ਸੀ ਨੂੰ ਚੇਅਰਮੈਨ ਨਾ ਲਗਾਉਣਾ ਆਪ ਪਾਰਟੀ ਦੇ ਐਸ ਸੀ ਵਰਕਰਾਂ ਦਾ ਅਪਮਾਨ- ਪ੍ਰਦੀਪ ਜੱਸੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)--** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸ਼੍ਰੀ ਪ੍ਰਦੀਪ ਜੱਸੀ ਨੇ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਪੰਜਾਬ ਦੇ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਵੱਡਾ ਯੋਗਦਾਨ ਹੈ ਲ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਦਿਲੋਂ ਹਮਾਇਤ ਕੀਤੀ ਅਤੇ ਵੋਟਾਂ ਪਾਈਆਂ ਲ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ ਪਿਛਲੇ ਦੋ ਸਾਲਾ ਤੋ ਐਸ. ਸੀ. ਕਮਿਸ਼ਨ ਪੰਜਾਬ ਦਾ ਚੇਅਰਮੈਨ ਲਗਾਉਣ ਲਈ ਸ਼ਾਇਦ ਉਹਨਾਂ ਨੂੰ ਕੋਈ ਐਸ. ਸੀ. ਯੋਗ ਵਿਅਕਤੀ ਨਹੀਂ ਦਿਸਿਆ। ਜਿਸ ਕਰਕੇ ਆਪ ਸਰਕਾਰ ਨੇ ਐਸ। ਸੀ। ਕਮਿਸ਼ਨ ਪੰਜਾਬ ਦਾ ਪਿਛਲੇ ਦੋ ਸਾਲਾ ਤੋਂ ਚੇਅਰਮੈਨ ਨਿਯੁਕਤ ਨਹੀਂ ਕੀਤਾ । ਜਿਸ ਕਾਰਨ ਅਨੁਸੂਚਿਤ ਜਾਤੀ ਵਰਗ ਨਾਲ ਧੱਕੇਸਾਹੀ, ਜਾਤੀ ਵਿਤਕਰਾ ਤੇ ਅਪਮਾਨਤ ਹੋਣ ਦੀਆਂ ਘਟਨਾਵਾਂ ਵਧੀਆ ਹਨ। ਪਰੰਤੂ ਹੁਣ ਸਰਕਾਰ ਨੇ ਜਾਣ ਬੁਝ ਕੇ ਐਸ।ਸੀ।ਸਮਾਜ ਨਾਲ ਮਤਰੇਈ ਮਾਂ ਵਾਲਾ ਰਵੱਈਆ ਵਰਤਦੇ ਹੋਏ ਸਾਜਿਸ ਦੇ ਤਹਿਤ ਪਹਿਲਾਂ ਐਸ।ਸੀ। ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਦਸ ਤੋਂ ਘਟਾ ਕੇ ਪੰਜ ਕਰ ਦਿੱਤੀ ਹੈ। ਪੰਜਾਬ ਦੀ ਆਪ ਸਰਕਾਰ ਨੇ ਆਪਣਾ ਅਨੁਸੂਚਿਤ ਜਾਤੀ ਵਿਰੋਧੀ ਚਿਹਰਾ ਨੰਗਾ ਕਰਦਿਆ ਪੰਜਾਬ ਦੇ ਇੱਕ ਕਰੋੜ ਅਨੁਸੂਚਿਤ ਜਾਤੀ ਲੋਕਾਂ ਨੂੰ ਅਣਗੋਲਿਆ ਕਰਦੇ ਹੋਏ ਇਕ ਜਨਰਲ ਕੇਟਾਗਰੀ ਦੇ ਅਧਿਕਾਰੀ ਸ਼੍ਰੀ ਵੀ ਕੇ ਤਿਵਾੜੀ ਨੂੰ ਇਹ ਅਹੁਦਾ ਸੰਭਾਲ ਕੇ ਵੱਡਾ ਧੋਖਾ ਕੀਤਾ ਹੈ ਜਦੋਂ ਕਿ ਨਿਯਮਾਂ ਅਨੁਸਾਰ ਜਨਰਲ ਕੈਟਾਗਿਰੀ ਦੇ ਅਧਿਕਾਰੀ ਨੂੰ ਕਮਿਸ਼ਨ ਦੀਆਂ ਫਾਈਲਾਂ ਦੇਖਣ



ਦਾ, ਕੱਢਣ ਦਾ ਅਧਿਕਾਰ ਹੀ ਨਹੀਂ ਹੈ ਅਤੇ ਨਾ ਹੀ ਜਨਰਲ ਕੈਟਾਗਿਰੀ ਦੇ ਅਧਿਕਾਰੀ ਨੂੰ ਚਾਰਜ ਦਿੱਤਾ ਜਾ ਸਕਦਾ ਹੈ। ਆਪ ਸਰਕਾਰ ਨੂੰ ਪੰਜਾਬ ਵਿੱਚ ਕੋਈ ਯੋਗ ਐਸ ਸੀ ਸਮਾਜ ਦਾ ਰਿਟਾਇਡ ਆਈ ਏ ਐਸ./ਆਈ ਪੀ ਐਸ ਅਧਿਕਾਰੀ ਜਾਂ ਕੋਈ ਹੋਰ ਯੋਗ ਵਿਅਕਤੀ ਨਹੀਂ ਦਿਸ ਰਿਹਾ। ਜਦੋਂ ਕਿ ਅਨੁਸੂਚਿਤ ਜਾਤੀ ਵਿੱਚ ਬਹੁਤ ਹੀ ਸੂਝਵਾਨ, ਤਜਰਬੇਕਾਰ ਅਤੇ ਮਿਹਨਤੀ ਆਈ ਏ ਐਸ ਅਧਿਕਾਰੀ ਅਤੇ ਅਫਸਰ ਹਨ । ਆਪ ਪਾਰਟੀ ਨੇ ਦਲਿਤ ਸਮਾਜ ਵਿੱਚੋ ਚੇਅਰਮੈਨ ਨਾ ਲਗਾ ਕਿ ਆਪ ਪਾਰਟੀ ਦੇ ਅਨੁਸੂਚਿਤ ਜਾਤੀ ਦੇ ਵਰਕਰਾਂ ਅਤੇ ਸਮਰਥਕਾਂ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਹੈ। ਐਸ।ਸੀ ਸਮਾਜ ਨੂੰ ਯੋਗ ਨਾ ਸਮਝਣਾ ਆਪ ਸਰਕਾਰ ਦੀ ਨੀਤੀ ਹੈ ਲ ਜਿਸ ਕਰਕੇ ਇਸ ਅਹੁਦੇ ਤੇ ਜਨਰਲ ਅਧਿਕਾਰੀ ਨੂੰ ਲਗਾਇਆ ਹੈ। ਉਨਾਂ ਕਿਹਾ ਕਿ ਇਹ ਸਰਾਸਰ ਕਮਿਸ਼ਨ ਖਤਮ ਕਰਨ ਤਹਿਤ ਹੋ ਰਿਹਾ ਹੈ। ਜਿਸਦੀਆਂ ਬਹੁਤ ਸਾਰੀਆਂ ਉਦਾਹਰਣਾਂ ਅਰਵਿੰਦ ਕੇਜਰੀਵਾਲ ਵੱਲੋਂ ਰਿਜ਼ਰਵੇਸ਼ਨ ਵਿਰੋਧੀ ਦਿੱਤੇ ਬਿਆਨ ਹਨ। ਆਪ ਸਰਕਾਰ ਡਾ। ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਸਰਕਾਰੀ ਦਫਤਰਾ ਵਿੱਚ ਫੋਟੋਆਂ ਲਗਾ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ।

ਅਖੀਰ ਵਿਚ ਬਸਪਾ ਆਗੂ ਸ਼੍ਰੀ ਪ੍ਰਦੀਪ ਜੱਸੀ ਨੇ ਕਿਹਾ ਕਿ ਅਸੀਂ ਚੋਣ ਕਮਿਸ਼ਨਰ ਭਾਰਤ ਸਰਕਾਰ ਤੇ ਚੋਣ ਕਮਿਸ਼ਨਰ ਪੰਜਾਬ ਤੋਂ ਮੰਗ ਕਰਦੇ ਹਾਂ ਕਿ ਉਪਰੋਕਰ ਨੂੰ ਧਿਆਨ ਵਿੱਚ ਰੱਖਦੇ ਹੋਏ ਐਸ ਸੀ ਕਮਿਸ਼ਨ ਦਾ ਉਪਰੋਕਤ ਅਧਿਕਾਰੀ ਤੋਂ ਚੈਅਰਮੈਨ ਦਾ ਚਾਰਜ ਵਾਪਿਸ ਲੈਕੇ ਯੋਗ ਐਸ ਸੀ ਸਮਾਜ ਦੇ ਵਿਅਕਤੀ ਨੂੰ ਦਿੱਤਾ ਜਾਵੇ ਤਾਂ ਜੋ ਐਸ ਸੀ ਸਮਾਜ ਦੇ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਇਸ ਮੌਕੇ ਬਸਪਾ ਆਗੂ ਬੀਬੀ ਮਨਜੀਤ ਕੌਰ ਨੇ ਕਿਹਾ ਕਿ ਜਦੋ ਐਸ ਸੀ ਕਮਿਸ਼ਨ ਦੀ ਚੇਅਰਮੈਨ ਆਈ ਏ ਐਸ ਅਧਿਕਾਰੀ ਸ਼੍ਰੀ ਮਤੀ ਤਜਿੰਦਰ ਕੌਰ ਜੀ ਸਨ ਤਾਂ ਉਸ ਸਮੇਂ ਔਰਤਾਂ ਦੀ ਅਤੇ ਦਲਿਤ ਸਮਾਜ ਦੇ ਹੱਕਾਂ ਦੀ ਪੂਰੀ ਸੁਣਵਾਈ ਸੀ ਉਹਨਾਂ ਨੇ ਵੀ ਐਸ ਸੀ ਕਮਿਸ਼ਨ ਦਾ ਐਸ ਸੀ ਚੇਅਰਮੈਨ ਲਗਾਉਣ ਦੀ ਮੰਗ ਪੰਜਾਬ ਸਰਕਾਰ ਤੋਂ ਕੀਤੀ। ਇਸ ਮੌਕੇ ਬਸਪਾ ਆਗੂ ਸ਼੍ਰੀ ਪ੍ਰਦੀਪ ਜੱਸੀ ਦੇ ਨਾਲ ਸ਼੍ਰੀ ਹਰਮੇਸ਼ ਵਿਰਦੀ ਬਸਪਾ ਆਗੂ ਦੁਸਾਂਝ ਕਲਾਂ, ਬੀਬੀ ਮਨਜੀਤ ਕੌਰ, ਮੱਖਣ ਸਿੰਘ ,ਪਰਮਜੀਤ ਸੱਲਣ, ਗੁਰਪ੍ਰੀਤ ਸਿੰਘ, ਡਾਕਟਰ ਮਨੀਸ਼ ਜੱਸੀ, ਜਸਵਿੰਦਰ ਸਿੰਘ, ਪਰਮਜੀਤ ਅਤੇ ਹੋਰ ਸਾਥੀ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੱਲ ਕਲਾਂ ਵਿਖੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੱਲ੍ਹ ਕਲਾਂ ਵਿਖੇ ਅੱਜ. ਖਘ ਤੋਂ 4ਟਹ ਕਲਾਸ ਦੇ ਬੱਚਿਆਂ ਦਾ ਨਤੀਜਾ ਐਲਾਨਣ ਲਈ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਇਸ ਪ੍ਰੋਗਰਾਮ ਲਈ ਸ. ਮਿਲਖਾ ਸਿੰਘ ਯਾਦਗਾਰੀ ਟਰੱਸਟ ਸੱਲ੍ਹ ਕਲਾਂ ਵੱਲੋਂ ਬੱਚਿਆਂ ਨੂੰ ਇਨਾਮ ਵੰਡਣ , ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਅਤੇ ਰਝਾਰਝਸਹਮਝਨਟ ਦੇਣ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸ। ਸਮਿੰਦਰ ਸਿੰਘ ਗਰਚਾ ਵੱਲੋਂ ਬੱਚਿਆਂ ਨੂੰ ਅਤੇ ਹਾਜ਼ਰੀਨ ਲਈ ਜੂਸ ਦਾ ਲੰਗਰ ਲਾਇਆ ਗਿਆ। ਸਕੂਲ ਦੀ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਪਿੰਡ ਤੋਂ ਹੋਣ ਹਾਰ ਅਧਿਆਪਕ ਸੁਭਾਸ਼ ਸੱਲ੍ਹਵੀ ਨੇ ਆਪਣੇ ਜੱਦੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਲਈ ਆਪਣੇ ਬੇਟੇ ਦੀ ਨੇਕ ਕਮਾਈ ਵਿਚੋਂ ਲਿਖਣ ਸਮੱਗਰੀ ਦਾ ਪ੍ਰਬੰਧ ਕਰਕੇ ਦਿੱਤਾ। ਬੱਚਿਆਂ ਦੀ ਪੇਸ਼ਕਾਰੀ ਤੋਂ ਪ੍ਰਭਾਵਿਤ ਹੋਏ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਿਮਰ ਗਰਚਾ ਅਤੇ ਮਨਦੀਪ ਗਰਚਾ ਨੇ ਆਪਣਾ ਵੱਡਮੁੱਲਾ ਅਸ਼ੀਰਵਾਦ ਦਿੱਤਾ ਅਤੇ ਸਕੂਲ ਨਾ.ਲ ਹਮੇਸ਼ਾ ਜੁੜੇ ਰਹਿਣ ਦਾ ਵਾਇਦਾ ਕੀਤਾ। ਇਸ ਮੌਕੇ ਸ ਜਸਵਿੰਦਰ ਸਿੰਘ ਗਰਚਾ ਨੇ ਆਪਣੇ ਸੰਬੋਧਨ ਦੌਰਾਨ ਐਲਾਨ ਕੀਤਾ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਹਮੇਸ਼ਾ ਸਕੂਲ ਨਾ.ਲ ਖੜ੍ਹੇ ਰਹਿਣਗੇ ਅਤੇ ਸਕੂਲ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ। ਅਖ਼ੀਰ 'ਤੇ ਪਿੰਡ ਦੇ ਸਰਪੰਚ ਸ।ਸੁਖਦੀਪ ਸਿੰਘ ਖਾਲਸਾ ਨੇ ਸਭ ਹਾਜ਼ਰੀਨ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਤੇ ਸਕੂਲ ਦੇ ਹੈਡ ਮਾਸਟਰ ਰਾਜ ਕੁਮਾਰ ਜੀ, ਸਰਬਜੀਤ ਕੌਰ ਆਂਗਣਵਾੜੀ ਵਰਕਰ, ਕਮਲੇਸ਼ ਰਾਣੀ, ਮੈਡਮ ਬਖਸ਼ੋ ਰਾਣੀ, ਆਸ਼ਾ ਵਰਕਰ ਕੁਲਵਿੰਦਰ ਕੌਰ, ਗੀਤਾਂ ਰਾਣੀ, ਸਕੂਲ ਸਟਾਫ ਅਤੇ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ।




## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**

**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**



## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**

**(ਫੈਕਸ) 1-916-238-1393**

**www.deshdoaba.com**

**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਤਰਕਸ਼ੀਲ ਸੁਸਾਇਟੀ ਵੱਲੋਂ ਮਾਨਸਿਕ ਰੋਗਾਂ ਬਾਰੇ ਸੈਮੀਨਾਰ

**ਸੰਗਰੂਰ, (ਦਲਜੀਤ ਕੌਰ )–** ਸਮਾਜ 'ਚੋਂ ਅੰਧ ਵਿਸ਼ਵਾਸ, ਵਹਿਮ ਭਰਮ, ਸਮਾਜਿਕ ਬੁਰਾਈਆਂ, ਗੈਰ ਵਿਗਿਆਨਕ ਵਰਤਾਰਿਆਂ ਅਤੇ ਮਾਨਸਿਕ ਰੋਗਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਖਤਮ ਕਰਨ ਲਈ ਪਿਛਲੇ ਚਾਰ ਦਹਾਕਿਆਂ ਤੋਂ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਮਾਨਸਿਕ ਰੋਗਾਂ ਦੇ ਕਾਰਨ ਤੇ ਇਲਾਜ ਦੀ ਜਾਣਕਾਰੀ ਦੇਣ ਹਿੱਤ ਸਥਾਨਿਕ ਈਟਿੰਗ ਮਾਲ ਵਿਖੇ ਇਕਾਈ ਮੁਖੀ ਸੁਰਿੰਦਰ ਪਾਲ ਤੇ ਜੋਨ ਮੁਖੀ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਸੈਮੀਨਾਰ ਕਰਵਾਇਆ ਗਿਆ।



ਜ਼ੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਵੱਲੋਂ ਸੈਮੀਨਾਰ ਵਿੱਚ ਸ਼ਾਮਲ ਸਾਰਿਆਂ ਨੂੰ ਜੀ ਆਇਆਂ ਕਹਿਣ ਉਪਰੋਕਤ ਪਹਿਲੇ ਮੁੱਖ ਬੁਲਾਰੇ ਮਾਨਸਿਕ ਰੋਗ ਮਾਹਿਰ ਡਾਕਟਰ ਪਾਵੇਲ ਸਿੰਘ ਜਟਾਣਾ ਨੇ ਵੱਖ-ਵੱਖ ਮਾਨਸਿਕ ਬੀਮਾਰੀਆਂ ਉਦਾਸੀ, ਚਿੰਤਾ, ਫੋਬੀਆ, ਸ਼ੀਜੋਫਰੇਨੀਆ, ਓ ਸੀ ਡੀ ਆਦਿ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮਾਨਸਿਕ ਰੋਗਾਂ ਨੂੰ ਠੀਕ ਕਰਵਾਉਣ ਸਮੇਂ ਡਾਕਟਰ ਦੇ ਦੱਸੇ ਅਨੁਸਾਰ ਹੀ ਦਵਾਈ ਲੈਣੀ ਚਾਹੀਦੀ ਹੈ। ਪੂਰਨ ਇਲਾਜ ਪੂਰੀ ਦਵਾਈ ਨਾਲ਼ ਹੀ ਸੰਭਵ ਹੁੰਦਾ ਹੈ। ਮਾਨਸਿਕ ਰੋਗਾਂ ਦਾ ਪ੍ਰਗਟਾਅ ਹੌਲੀ ਹੌਲੀ ਹੁੰਦਾ ਹੈ ਤੇ ਕਈ ਵਾਰ ਇਨ੍ਹਾਂ ਦਾ ਇਲਾਜ ਵੀ ਵੱਧ ਸਮਾਂ ਲੈ ਜਾਂਦਾ ਹੈ। ਦੂਜੇ ਬੁਲਾਰੇ ਸਾਈਕੋਲੋਜਿਸਟ ਡਾਕਟਰ ਸ਼ਿਲਪਾ ਨੇ ਮਨ ਦਾ ਮਨੋ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਮਨ ਉਤੇ ਛੋਟੀ ਉਮਰ ਤੋਂ ਹੀ ਹਰ ਛੋਟੀ ਵੱਡੀ ਗਲ ਦਾ ਅਸਰ ਹੁੰਦਾ ਹੈ। ਉਨ੍ਹਾਂ ਕਿਹਾ ਕਿਹਾ ਕਿ ਮਾਨਸਿਕ ਬੀਮਾਰੀਆਂ ਦੇ ਕਾਰਨ ਮਨੋਵਿਗਿਆਨਕ ਪਰਿਵਾਰਕ, ਆਰਥਿਕ, ਸਮਾਜਿਕ, ਸਰੀਰਕ ਆਦਿ ਹੁੰਦੇ ਹਨ। ਮੁੱਖ ਲੱਛਣ ਡੂੰਘੀ ਉਦਾਸੀ, ਨਿਰਾਸ਼ਤਾ, ਚਿੰਤਾ, ਡਰ, ਤਣਾਅ ਆਦਿ ਹਨ ਜਿਨ੍ਹਾਂ ਦਾ ਪ੍ਰ ਗਟਾਅ ਵਿਅਕਤੀ ਭੁਖ ਤੇ ਨੀਂਦ ਦਾ ਘਟਣਾ ਘਬਰਾਹਟ ਹੋਣਾ, ਦੰਦਲਾਂ, ਦੌਰੇ ਪੈਣਾ ਆਦਿ ਦੇ ਰੂਪ ਵਿੱਚ ਕਰਦਾ ਹੈ। ਉਨ੍ਹਾਂ ਕਿਹਾ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਸਾਈਕੋ-ਥਰੈਪੀ ਤੇ ਕੌਂਸਲਿੰਗ ਰਾਹੀਂ ਸੰਭਵ ਹੈ। ਸਵਰਨਜੀਤ ਸਿੰਘ ਦੱਸਿਆ ਕਿ ਕਿਵੇਂ ਸਿਹਤ ਪ੍ਰਬੰਧ ਉਪਰ ਤੋਂ ਹੇਠਾਂ ਤਕ ਵਿਗੜਿਆ ਹੋਇਆ ਹੈ, ਜਿਸ ਕਰਕੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨਸ਼ੀਲੀਆਂ ਦਵਾਈਆਂ ਬਣਾ ਕੇ ਲੋਕਾਂ ਨੂੰ ਨਸ਼ੇੜੀ ਬਣਾ ਰਹੀਆਂ ਹਨ। ਉਨ੍ਹਾਂ ਤੰਦਰੁਸਤ ਸਿਹਤ ਸੰਬੰਧੀ ਉਪਜਾਊ ਵਿਚਾਰ ਵੀ ਰੱਖੇ। ਸਵਾਲ ਜਵਾਬ ਸੈਸ਼ਨ ਵਿੱਚ ਉਠੇ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ। ਤਰਕਸ਼ੀਲਾਂ ਵੱਲੋਂ ਮਾਨਸਿਕ ਰੋਗ ਮਾਹਿਰ ਡਾਕਟਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਅਖੀਰ ਵਿੱਚ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਪੀੜਿਤ ਪਰਿਵਾਰਾਂ ਦੇ ਮਾਨਸਿਕ ਸਮੱਸਿਆਵਾਂ ਤੇ ਰਹੱਸਮਈ ਜਾਪਦੀਆਂ ਘਟਨਾਵਾਂ ਦੇ ਕੇਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਲੋਕਾਂ ਨੂੰ ਅੰਧਵਿਸ਼ਵਾਸ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੱਦਾ ਦਿੱਤਾ। ਕੁਲਵੰਤ ਸਿੰਘ ਖਨੌਰੀ ਤੇ ਜੀਤ ਹਰਜੀਤ ਨੇ ਆਪਣੇ ਗੀਤਾਂ ਰਾਹੀਂ ਜਾਗਰੂਕਤਾ ਦਾ ਸੁਨੇਹਾ ਦਿੱਤਾ।ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਨੇ ਸਟੇਜ ਦੀ ਕਾਰਵਾਈ ਬਾਖ਼ੂਬੀ ਨਿਭਾਈ । ਸੈਮੀਨਾਰ ਨੂੰ ਸਫਲਤਾ ਪੂਰਵਕ ਸੰਪੰਨ ਕਰਨ ਵਿੱਚ ਗੁਰਦੀਪ ਸਿੰਘ ਲਹਿਰਾ, ਪਰਮਿੰਦਰ ਸਿੰਘ ਮਹਿਲਾਂ, ਪ੍ਰਗਟ ਬਾਲੀਆ, ਗੁਰਜੰਟ ਸਿੰਘ, ਪੂਰਨ ਸਿੰਘ ਗੁੱਜਰਾਂ, ਤਿਰਲੋਕੀ ਨਾਥ, ਅਮਰ ਨਾਥ, ਸੁਖਦੇਵ ਸਿੰਘ ਕਿਸ਼ਨਗੜ੍ਹ, ਅਮਰ ਸਿੰਘ, ਪ੍ਰਹਿਲਾਦ ਸਿੰਘ, ਰਮੇਸ਼ ਭਵਾਨੀਗੜ੍ਹ, ਨਛੱਤਰ ਸਿੰਘ, ਲੈਕਚਰਾਰ ਜਸਦੇਵ ਸਿੰਘ ਪਰਮਜੀਤ ਕੌਰ, ਵਨੀਤਾ ਰਾਣੀ, ਸੁਨੀਤਾ ਰਾਣੀ, ਦੇਵਿੰਦਰ ਕੌਰ, ਇਕਬਾਲ ਕੌਰ ਨੇ ਪੂਰਨ ਸਹਿਯੋਗ ਦਿੱਤਾ। ਸੈਮੀਨਾਰ ਵਿੱਚ ਪ੍ਰਿੰਸੀਪਲ ਪਰਵੀਨ ਮਨਚੰਦਾ, ਪਰਮਜੀਤ ਕੌਰ ਲੌਂਗੋਵਾਲ, ਰੋਹੀ ਸਿੰਘ ਮੰਗਵਾਲ, ਚਰਨਜੀਤ ਸਿੰਘ ਮੀਮਸਾ, ਰਘਵੀਰ ਸਿੰਘ ਭਵਾਨੀਗੜ੍ਹ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸੈਮੀਨਾਰ ਸਿੱਖਿਆਦਾਇਕ ਤੇ ਭਾਵਪੂਰਤ ਰਿਹਾ।

# ਮਹਾਨ ਸਮਰਾਟ ਅਸ਼ੋਕ ਜੀ ਦਾ ਜਨਮ ਦਿਨ 4 ਨੂੰ ਬੁੱਧ ਵਿਹਾਰ ਸੂੰਡ ਵਿਖੇ ਮਨਾਇਆ ਜਾਵੇਗਾ- ਡਾ ਕਸ਼ਮੀਰ ਚੰਦ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਾ ਅੰਬੇਡਕਰ ਬੁੱਧਿਸਟ ਟਰੱਸਟ ਬੰਗਾ ਵਲੋਂ ਡਾਕਟਰ ਅੰਬੇਡਕਰ ਬੁੱਧਇਸਟ ਰੀਸੋਰਸ ਸੈਂਟਰ ਸੂੰਢ ਦੇ ਸਹਿਯੋਗ ਨਾਲ ਬੋਧੀਸੱਤਵ ਮਹਾਨ ਅਸ਼ੋਕ ਜੀ ਦਾ ਜਨਮ ਦਿਨ 4 ਅਪ੍ਰੈਲ ਦਿਨ ਵੀਰਵਾਰ ਠੀਕ ਸਵੇਰੇ 11 ਵਜੇ ਤੋਂ 1 ਵਜੇ ਦੁਪਹਿਰ ਤੱਕ ਡਾ ਕਸ਼ਮੀਰ ਚੰਦ ਜੀ ਦੀ ਪ੍ਰਧਾਨਗੀ ਹੇਠ ਬੁੱਧ ਵਿਹਾਰ ਸੂੰਡ ਵਿਖੇ ਮਨਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ ਕਸ਼ਮੀਰ ਚੰਦ ਪ੍ਰਧਾਨ ਟਰੱਸਟ ਬੰਗਾ ਅਤੇ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਟਰੱਸਟ ਬੁੱਧ ਵਿਹਾਰ ਸੂੰਢ ਨੇ ਸਾਂਝੇ ਤੌਰ ਤੇ ਪ੍ਰੈੱਸ ਨੂੰ ਦਸਿਆ ਕਿ ਭਾਰਤ ਦੇ ਇਤਿਹਾਸ ਵਿੱਚ ਸਮਰਾਟ ਅਸ਼ੋਕ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੱਸਿਆ ਕਿ ਬੋਧੀਸੱਤਵ ਮਹਾਨ ਸਮਰਾਟ ਅਸ਼ੋਕ ਨੇ ਆਪਣਾ ਸਾਰਾ ਜੀਵਨ ਮਾਨਵਤਾਵਾਦੀ ਬੁੱਧ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਮਰਪਿਤ ਕਰ ਦਿੱਤਾ ਸੀ। ਡਾਕਟਰ ਕਸ਼ਮੀਰ ਚੰਦ ਤੇ ਐਡਵੋਕੇਟ ਭੱਟੀ ਸਾਹਿਬ ਨੇ ਸਾਂਝੇ ਤੌਰ ਅਗੇ ਦਸਿਆ ਕਿ ਇਸ ਸਮਾਗਮ ਵਿੱਚ ਵਿਸ਼ੇਸ਼ ਬੁਲਾਰੇ ਪਹੁੰਚ ਰਹੇ ਹਨ।



# ਮੱਲੂਪੋਤਾ ਸਕੂਲ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਿਦਿਆਰਥੀਆਂ ਨੂੰ ਮਿਲੇਗਾ 84,200 ਰੁਪਏ ਰਾਸ਼ੀ ਦਾ ਇਨਾਮ – ਪੂਜਾ ਮਹਿਮੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂਪੋਤਾ ਸਕੂਲ ਵਿੱਚ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ । ਜਿਸ ਵਿੱਚ ਵਿਦਿਆਰਥੀਆਂ ਅਤੇ ਮਾਪਿਆਂ ਨੇ ਵੱਧ ਚੜ ਕੇ ਹਿੱਸਾ ਲਿਆ । ਪ੍ਰੋਗਰਾਮ ਦੀ ਸ਼ੁਰੂਆਤ ਲੈਕਚਰਾਰ ਬਲਦੀਸ਼ ਲਾਲ ਜੀ ਵਲੋਂ ਸਕੂਲ ਵਿੱਚ ਆਏ ਵਿਦਿਆਰਥੀਆਂ ਤੇ ਮਾਪਿਆਂ ਦਾ ਸਵਾਗਤ ਕੀਤਾ ਗਿਆ । ਉਪਰੰਤ ਸ਼ਨੀ ਕੁਮਾਰ ਮੈਥ ਮਾਸਟਰ ਵੱਲੋਂ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ । ਜਿਸ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਲਾਨਾ ਨਤੀਜਾ ਘੋਸ਼ਿਤ ਕਰਨ ਸਮੇਂ ਸਕੂਲ ਦੀ ਪੁਰਾਣੀ ਵਿਦਿਆਰਥਣ ਪੂਜਾ ਮਹਿਮੀ ਪਤਨੀ ਸ਼੍ਰੀ ਇੰਦਰਜੀਤ ਮਹਿਮੀ ਵਾਸੀ ਮੱਲੂਪੋਤਾ ਹਾਲ ਵਾਸੀ ਇੰਗਲੈਂਡ ਅਤੇ ਉਨਾਂ ਦੇ ਮਾਤਾ ਪਿਤਾ ਸ੍ਰੀਮਤੀ ਸੱਤਿਆ ਦੇਵੀ ਅਤੇ ਸ੍ਰੀ ਬਲਵੀਰ ਰਾਮ ਸੋਢੀ ਜੀ ਵੀ ਉਚੇਚੇ ਤੌਰ ਤੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ।




Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸ਼ਹੀਦਾਂ ਦੀ ਸੋਚ ਨੂੰ ਸਮਰਪਿਤ ਮਾਈਦਿੱਤਾ ਵਿਖੇ ਚੇਤਨਾ ਸਮਾਗਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀ ਸ਼ਹੀਦੇ ਆਜਮ ਭਗਤ ਸਿੰਘ ਸਪੋਰਟਸ ਐਂਡ



ਵੈਲਫੇਅਰ ਕਲੱਬ ਮਾਈਦਿੱਤਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਵੱਲੋ 23 ਮਾਰਚ ਦੇ ਸ਼ਹੀਦਾ ਦੀ ਸੋਚ ਨੂੰ ਸਮਰਪਿਤ ਮਾਈਦਿੱਤਾ ਵਿਖੇ ਚੇਤਨਾ ਸਮਾਗਮ ਕਰਵਾਇਆ ਗਿਆ। ਜਿਸ ਦੇ ਮੁੱਖ ਬੁਲਾਰੇ ਸ।ਬੂਟਾ ਸਿੰਘ ਮਹਿਮੂਦਪੁਰ ਆਗੂ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋ ਬੋਲਦਿਆਂ ਕਿਹਾ ਗਿਆ, ਕਿ ਅੱਜ ਦੀ ਨੌਜਵਾਨੀ ਮੋਟਰਸਾਈਕਲ, ਗੱਡੀਆਂ ਤੇ ਮੁੱਛ ਨੂੰ ਵਟਾ ਦੇਣ ਵਾਲੀ, ਖੰਘੇ ਸੀ ਤਾ ਟੰਗੇ ਸੀ, ਜਾਂ ਲਗਦਾ ਮੈਨੂੰ ਫਿਰ ਆਉਣਾ ਪਊ ਅਜਿਹੀਆਂ ਤਸਵੀਰਾ ਲਾ ਕੇ ਭੁਲੇਖੇ 'ਚ ਹੈ। ਅਜਿਹੀ ਸੋਚ ਦੇ ਮਾਲਿਕ ਨਹੀਂ ਸਨ ਸ਼ਹੀਦ ਭਗਤ ਸਿੰਘ ਜਾਂ ਬਾਕੀ ਸ਼ਹੀਦ। ਉਹਨਾ ਨੂੰ ਜਾਨਣ ਲਈ ਉਹਨਾਂ ਦੀ ਜੇਲ੍ਹ ਡਾਇਰੀ ਤੇ ਲਿਖਤਾ ਦਾ ਅਧਿਐਨ ਕਰਨਾ ਪਏਗਾ। ਬਲਕਿ ਉਹ ਤਾ 21 ਸਾਲ ਦੀ ਉਮਰ ਵਿੱਚ ਕਿਤਾਬਾਂ ਪੜਨ ਤੇ ਬਹੁਤ ਹੀ ਸੰਜੀਦਾ ਅਤੇ ਕਿਰਤੀਆਂ, ਕਿਸਾਨਾ ਦੀਆ ਸਮੱਸਿਆਵਾ ਨੂੰ ਸਮਝਣ ਤੇ ਉਹਨਾਂ ਦੇ ਹੱਲ੍ਹ ਲਈ ਜੂਝਣ ਤੇ ਇਸ ਗਲੇ ਸੜੇ ਪ੍ਰਬੰਧ ਨੂੰ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ, ਬਾਬੇ ਨਾਨਕ ਦੇ ਸਰਬੱਤ ਦੇ ਭਲੇ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਮੂਲ ਮੰਤਰ ਪੜੋ ਜੁੜੋ ਸ਼ੰਘਰਸ਼ ਕਰੋ ਵਾਂਗ ਸੋਚਦੇ ਸਨ।

ਬੰਬਾਂ ਤੇ ਪਿਸਤੌਲਾਂ ਨਾਲ ਠਾਹ–ਠਾਹ ਕਰਨ ਵਾਲਾ, ਮਾਰ ਧਾੜ ਕਰਨ ਵਾਲਾ ਭਗਤ ਸਿੰਘ ਨਹੀਂ ਸੀ। ਜਿਸ ਤਰਾਂ ਫਿਲਮਾ ਤੇ ਗੀਤਾ 'ਚ ਦਿਖਾਇਆ ਜਾਦਾਂ ਹੈ। ਉਹਨਾਂ ਕਿਹਾ ਕਿ ਮੁਫ਼ਤ ਬਿਜਲੀ, ਮੁਫ਼ਤ ਕਿਰਾਇਆ ਸਾਡੇ ਮਸਲੇ ਨਹੀਂ ਹਨ। ਸਾਡੀ ਨੋਜਵਾਨੀ ਘਟੀਆ ਸਿਸਟਮ ਕਾਰਨ ਵਿਦੇਸ਼ ਚ 25–25 ਲੱਖ ਲਗਾ ਕੇ ਜਾ ਰਹੀ ਹੈ। ਸਾਡੀਆਂ ਮੁੱਖ ਲੋੜਾ ਸਿਹਤ, ਸਿੱਖਿਆ ਤੇ ਰੁਜ਼ਗਾਰ ਹੈ। ਸਰਕਾਰ ਹਰ ਹੱਥ ਨੂੰ ਰੁਜ਼ਗਾਰ ਦੇਵੇ ਵਜਾਏ ਨਸ਼ੇ, ਆਟਾ ਦਾਲ ਤੇ ਗੁਮਰਾਹ ਕਰਨ ਦੇ। ਇਸ ਮੌਕੇ ਬੇਟੀ ਕਿਰਨਦੀਪ ਵੱਲੋ ਜਿੰਦਗੀ ਤੇ ਕਵਿਤਾ ਪੜੀ ਗਈ।

ਇਸ ਮੌਕੇ ਨੋਜਵਾਨੀ ਨੂੰ ਭਗਤ ਸਿੰਘ ਜੀ ਦੀ ਵਿਚਾਰਧਾਰਾ ਤੋਂ ਜਾਣੂ ਕਰਾਉਦਾ ਕਿਤਾਬਚਾ (ਇੰਨਕਲਾਬ ਜਿੰਦਾਬਾਦ) ਵੀ ਵੰਡਿਆ ਗਿਆ। ਜੋ ਕਿ ਯੁਵਰਾਜ ਸਿੰਘ ਐਡਵੋਕੇਟ ਜਲੰਧਰ ਵੱਲੋ ਭੇਟਾ ਰਹਿਤ ਸੀ। ਇਸ ਮੌਕੇ ਖਜ਼ਾਨਚੀ ਪਰਸ਼ੋਤਮ ਸਿੰਘ, ਰਾਜਨ ਕੁਮਾਰ, ਕੁਲਦੀਪ ਰਾਮ, ਜਯੋਤੀ, ਅਕਾਸ਼ਦੀਪ, ਕੇਵਲ ਲਾਲ, ਅਮਨਦੀਪ, ਹਰਮਨ, ਮਨੀ, ਸੁਆਮੀ ਤੇ ਸਰਬਜੀਤ ਕੌਰ, ਰਾਜਵਿੰਦਰ ਕੌਰ, ਮਨਦੀਪ ਕੌਰ, ਚਰਨਜੀਤ ਕੌਰ ਅਤੇ ਅਨੀਤਾਰਾਜ ਹਾਜ਼ਰ ਸਨ।

ਅੰਤ ਵਿਚ ਬੂਟਾ ਸਿੰਘ ਮਹਿਮੂਦਪੁਰ ਜੀ ਦਾ ਸਨਮਾਨ ਵੀ ਕੀਤਾ ਗਿਆ। ਇਸ ਪੂਰੇ ਪ੍ਰੋਗਰਾਮ ਵਿਚ ਸਟੇਜ ਸਕੱਤਰ ਦੀ ਭੂਮਿਕਾ ਨਿੰਦਰ ਮਾਈਦਿੱਤਾ ਵੱਲੋ ਨਿਭਾਈ ਗਈ।

# ਪਿੰਡ ਸਮਰਾੜੀ ਵਿਖੇ ਮਨਾਇਆ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਗੁਰਪੁਰਬ ਪਿੰਡ ਸਮਰਾੜੀ ਨੇੜੇ ਅੱਪਰਾ ਵਿਖੇ ਮਨਾਇਆ ਗਿਆ। ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਪਿੰਡ ਸਮਰਾੜੀ ਦੇ ਵੱਖ ਵੱਖ ਪੜਾਵਾਂ ਤੇ ਵਿੱਕੀ ਬਹਾਦਰਕੇ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਨੂੰ ਬਹੁਤ ਹੀ ਪਿਆਰ ਨਾਲ ਸੰਗਤਾਂ ਦੇ ਰੁਬਰੂ ਕੀਤਾ। ਸੰਗਤਾਂ ਨੇ ਬਹੁਤ ਹੀ ਵਧੀਆ ਢੰਗ ਨਾਲ ਵਿੱਕੀ ਜੀ ਇਕੱਲੀ ਇਕੱਲੀ ਕ੍ਰਾਂਤੀਕਾਰੀ ਵਿਚਾਰ ਗੀਤਾਂ ਵਿੱਚ ਸੁਣ ਕੇ ਇਸ ਤਰ੍ਹਾਂ ਲੱਗਦਾ ਸੀ ਕਿ ਕੋਈ ਸੰਗਤ ਵਿੱਚੋਂ ਇਨਸਾਨ ਉੱਠਕ ਬੈਠਕ ਨਹੀਂ ਹੋ ਰਹੀ ਸੀ। ਜਿੱਥੇ ਸੰਗਤਾਂ ਵਲੋਂ ਬਹੁਤ ਪਿਆਰ ਮਿਲਿਆ। ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਬਜ਼ੁਰਗ, ਸਾਰੀ ਸੰਗਤ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਗੁਰਦੁਆਰਾ ਵਿੱਚ ਸ਼ਸ਼ੋਭਿਤ ਕਰਕੇ ਹੀ ਸੰਗਤਾਂ ਆਪਣੇ ਘਰਾਂ ਨੂੰ ਚਾਲੇ ਪਾਏ।

# ਯੂਨਾਈਟਡ ਸਿੱਖ ਮਿਸ਼ਨ ਯੂਐਸਏ ਦੇ ਸਹਿਯੋਗ ਨਾਲ ਪਿੰਡ ਕੱਟ 'ਚ ਅੱਖਾਂ ਦਾ ਮੁਫਤ ਕੈਂਪ ਲਗਾਇਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖ ਮਿਸ਼ਨ ਯੂਐਸਏ ਦੇ ਸਹਿਯੋਗ ਨਾਲ ਜਥੇਦਾਰ ਰਘਵੀਰ ਸਿੰਘ ਖੜੋਦ ਦੀ ਯਾਦ ਵਿੱਚ ਉੱਗੇ ਸਮਾਜ ਸੇਵਕ ਬੂਟਾ ਸਿੰਘ ਖੜੋਦ ਵੱਲੋਂ ਅੱਖਾਂ ਦਾ ਮੁਫਤ ਆਪਰੇਸ਼ਨ ਅਤੇ ਚੈੱਕ ਅਪ ਕੈਂਪ ਗੁਰਦੁਆਰਾ ਸਿੰਘ ਸਭਾ ਪਿੰਡ ਕੱਟ ਵਿਖੇ ਲਗਾਇਆ ਗਿਆ। ਉਕਤ ਕੈਂਪ ਦਾ ਉਦਘਾਟਨ ਸਰਦਾਰ ਬੂਟਾ ਸਿੰਘ ਖੜੋਦ ਯੂਐਸਏ ਦੇ ਪਰਿਵਾਰ ਅਤੇ ਇਮਾਨ ਸਿੰਘ ਮਾਨ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਕੈਂਪ ਦੌਰਾਨ ਸੁਪਰ ਆਈ ਕੇਅਰ ਹਸਪਤਾਲ ਦੀ ਟੀਮ ਵੱਲੋਂ 780 ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ। ਮਰੀਜ਼ਾਂ ਨੂੰ ਮੁਫਤ ਦਵਾਈਆਂ, ਐਨਕਾਂ ਅਤੇ ਜਰੂਰਤਮੰਦਾਂ ਦੇ ਲੈਂਜ ਪਾਉਣ ਲਈ ਪਰਚੀਆਂ ਦਿੱਤੀਆਂ ਗਈਆਂ, ਜਿਨਾਂ ਦੇ ਅਪਰੇਸ਼ਨ ਜਲੰਧਰ ਵਿਖੇ ਕਰਵਾਏ ਜਾਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ। ਇਸ ਮੌਕੇ ਇਮਾਨ ਸਿੰਘ ਮਾਨ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੁਸ਼ਲਪਾਲ ਸਿੰਘ ਮਾਨ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਬੀਬੀ ਪਰਮਿੰਦਰ ਕੌਰ, ਬੀਬੀ ਸਿਮਰਜੀਤ ਕੌਰ ਯੂਐਸਏ, ਇਵਨੀਤ ਸਿੰਘ ਖੜੌਦ ਯੂਐਸਏ, ਜਥੇਦਾਰ ਜੋਗਾ ਸਿੰਘ ਖੜੌਦ, ਜਸਵੀਰ ਸਿੰਘ ਨਾਗਰਾ ਬਹਿਰਾਮ, ਸਰਪੰਚ ਬੀਬੀ ਸੁਨੀਤਾ ਰਾਣੀ, ਪਰਮਜੀਤ ਸਿੰਘ, ਹਰਭਜਨ ਸਿੰਘ, ਸੁਰਿੰਦਰ ਸਿੰਘ, ਮੇਜਰ ਸਿੰਘ, ਮਲਕੀਤ ਚੰਦ, ਤੀਰਥ ਸਿੰਘ ਖੜੌਦ, ਜਗਦੀਪ ਪੰਚ, ਗੁਰਦੀਪ ਸਿੰਘ, ਸਾਬਕਾ ਪੰਚ ਅਮਰੀਕ ਸਿੰਘ, ਬੀਬੀ ਕੁਲਵਿੰਦਰ ਕੌਰ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਇਸਤਰੀ ਵਿੰਗ, ਬੀਬੀ ਪਰਮਿੰਦਰ ਕੌਰ ਗੋਸਲ, ਜਸਕਰਨ ਸਿੰਘ, ਭਗਤ ਸਿੰਘ ਕਰੀਹਾ, ਪ੍ਰੀਤਮ ਸਿੰਘ, ਸੰਦੀਪ ਸਿੰਘ, ਨੰਬਰਦਾਰ ਮੋਹਨ ਲਾਲ, ਰਾਜਵਿੰਦਰ ਸਿੰਘ, ਗੁਰਦੀਪ ਸਿੰਘ ਅਵਤਾਰ ਸਿੰਘ, ਸਤਨਾਮ ਸਿੰਘ, ਬੁੱਧ ਸਿੰਘ ਆਦਿ ਹਾਜਰ ਸਨ।

# ਮੋਦੀ ਸਰਕਾਰ ਵਲੋਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਨੂੰ ਕੈਦ ਕੀਤਾ ਜਾ ਰਿਹਾ ਹੈ- ਮਾਨ

**ਫਗਵਾੜਾ (ਬੀ.ਕੇ. ਰੱਤੂ)** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਸਿਆਸੀ ਦੁਰਭਾਵਨਾ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਆਪ ਪਾਰਟੀ ਦੇ ਵਿਧਾਨ ਸਭਾ ਹਲਕਾ ਫਗਵਾੜਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਇਸ



ਸਮੇਂ ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਦੀ ਸਥਿਤੀ ਬਣੀ ਹੋਈ ਹੈ। ਮੋਦੀ ਸਰਕਾਰ ਵਲੋਂ ਸੀ.ਬੀ.ਆਈ. ਅਤੇ ਈ।ਡੀ। ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਨੂੰ ਕੈਦ ਕੀਤਾ ਜਾ ਰਿਹਾ ਹੈ। ਉਹ ਸ਼ਨੀਵਾਰ ਦੇਰ ਸ਼ਾਮ 'ਆਪ' ਪਾਰਟੀ ਦੇ ਵਰਕਰਾਂ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ 'ਚ ਹੋਈ ਰੈਲੀ ਲਈ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਸਭ ਲੋਕ ਸਭਾ ਚੋਣਾਂ ਜਿੱਤਣ ਲਈ ਕੀਤਾ ਜਾ ਰਿਹਾ ਹੈ। ਭਾਜਪਾ ਵਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਾਮ, ਦਾਮ, ਦੰਡ, ਭੇਦ ਦੀ ਨੀਤੀ ਅਪਣਾ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੋ ਵੀ ਵਿਰੋਧੀ ਧਿਰ ਦਾ ਆਗੂ ਭਾਜਪਾ ਦੀ ਗੁੰਡਾਗਰਦੀ ਅੱਗੇ ਝੁਕਣ ਤੋਂ ਇਨਕਾਰ ਕਰਦਾ ਹੈ, ਉਸਨੂੰ ਕਿਸੇ ਨਾ ਕਿਸੇ ਬਹਾਨੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਇਸ ਸਮੇਂ ਭਾਜਪਾ ਅਤੇ ਦਿੱਲੀ ਦੀ ਸੱਤਾ ਵਿਚਕਾਰ ਸਭ ਤੋਂ ਮਜ਼ਬੂਤ ਕੰਧ ਬਣ ਕੇ ਖੜ੍ਹੇ ਹਨ। ਮੋਦੀ ਸਰਕਾਰ ਚਾਹੇ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਇਹ ਕੰਧ ਨਹੀਂ ਟੁੱਟਣ ਦਿੱਤੀ ਜਾਵੇਗੀ। ਇਸ ਵਾਰ ਜਮਹੂਰੀਅਤ ਨੂੰ ਬਚਾਉਣ ਦੀ ਲੜਾਈ ਹੈ। ਦੇਸ਼ ਦੇ ਲੋਕਾਂ ਵਿੱਚ ਮੋਦੀ ਸਰਕਾਰ ਨੂੰ ਲੈ ਕੇ ਕਾਫੀ ਗੁੱਸਾ ਹੈ। ਐਤਵਾਰ ਬਾਅਦ ਦੁਪਹਿਰ ਜੋਗਿੰਦਰ ਮਾਨ ਨੇ ਫਿਰ ਕਿਹਾ ਕਿ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਲੋਕਾਂ ਦੇ ਗੁੱਸੇ ਨੇ ਬਦਲਾਅ ਦਾ ਐਲਾਨ ਕਰ ਦਿੱਤਾ ਹੈ। ਜਦੋਂ 4 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣਗੇ ਤਾਂ ਦੇਸ਼ ਮੋਦੀ ਸਰਕਾਰ ਦੀ 10 ਸਾਲਾਂ ਦੀ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦੀ ਮਿਲੇਗੀ। ਦਿੱਲੀ ਜਾਣ ਵਾਲੇ ਕਾਫਿਲੇ ਵਿੱਚ ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ, ਨਰੇਸ਼ ਸ਼ਰਮਾ, ਸਮਰਜੀਤ ਗੁਪਤਾ, ਬਲਬੀਰ ਠਾਕੁਰ, ਰਾਜਾ ਕੌਂਸਲਰ, ਫੌਜੀ ਸ਼ੇਰਗਿੱਲ, ਆਸ਼ੂ ਜੱਸੀ, ਮਹਿਲਾ ਵਿੰਗ ਕੋਆਰਡੀਨੇਟਰ ਰਘਬੀਰ ਕੌਰ, ਯੂਥ ਕੋਆਰਡੀਨੇਟਰ ਆਸ਼ੂ ਮੱਟੂ ਅਤੇ ਹੋਰ ਵਰਕਰ ਸ਼ਾਮਲ ਸਨ।

# ਡਿਊਟੀ ਦੌਰਾਨ ਵਾਹਨਾਂ ਦੀ ਜਾਂਚ ਕਰ ਰਹੇ ਟ੍ਰੈਫਿਕ ਇੰਚਾਰਜ ਤੇ ਕੀਤਾ ਹਮਲਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੰਗਾ ਟ੍ਰੈਫਿਕ ਪੁਲਿਸ ਇੰਚਾਰਜ਼ ਵੱਲੋਂ ਥਾਣਾ ਸਿਟੀ ਅੱਗੇ



ਸਮੇਤ ਪੁਲਿਸ ਪਾਰਟੀ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਸੀ। ਟ੍ਰੈਫਿਕ ਇੰਚਾਰਜ਼ ਏ ਐਸ ਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਇਸ ਦੋਰਾਨ ਨਾਕਾਬੰਦੀ ਤੇ ਹਾਜ਼ਰ ਪੁਲਿਸ ਅਧਿਕਾਰੀ ਏ ਐਸ ਆਈ ਰੂਪ ਲਾਲ ਵੱਲੋਂ ਇਕ ਬੁਲੇਟ ਮੋਟਰ ਸਾਈਕਲ ਨੰਬਰ ਪੀ ਬੀ 08 ਸੀ ਪੀ 0826 ਜਿਸ ਦਾ ਚਾਲਕ ਮੋਟਰ ਸਾਈਕਲ ਤੇ ਸਵਾਰ ਹੋਕੇ ਮੁਕੰਦਪੁਰ ਰੋਡ ਤੋ ਆ ਰਿਹਾ ਸੀ ਅਤੇ ਉਸ ਦਾ ਮੋਟਰ ਸਾਈਕਲ ਕਾਫੀ ਉੱਚੀ ਆਵਾਜ਼ ਕਰ ਰਿਹਾ ਸੀ ਨੂੰ ਰੋਕਿਆ ਗਿਆ ਤੇ ਮੋਟਰ ਸਾਈਕਲ ਦੇ ਕਾਗਜ਼ਾਤ ਦੀ ਜਾਂਚ ਕਰਵਾਉਣ ਦੀ ਗੱਲ ਕਹੀ। ਪਰ ਮੋਟਰ ਸਾਈਕਲ ਚਾਲਕ ਨੇ ਕਾਗਜ਼ਾਤ ਦਿਖਾਉਣ ਤੋ ਸਾਫ ਇੰਨਕਾਰ ਕਰ ਦਿੱਤਾ। ਜਿਸ ਤੋ ਬਾਅਦ ਉਨਾਂ ਨੇ ਉਸ ਦਾ ਮੋਟਰ ਸਾਈਕਲ ਬਾਂਡ ਕਰ ਦਿੱਤਾ ਅਤੇ ਉਹ ਮੋਕੇ ਤੋ ਚਲਾ ਗਿਆ। ਏ ਐਸ ਆਈ ਗੁਰਦੇਵ ਸਿੰਘ ਦੱਸਿਆ ਕੁਝ ਕੁ ਮਿੰਟਾ ਬਾਅਦ ਉਕਤ ਮੋਟਰ ਸਾਈਕਲ ਚਾਲਕ ਆਪਣੇ ਇਕ ਹੋਰ ਸਾਥੀ ਨਾਲ ਇਕ ਕਾਰ ਵਿੱਚ ਸਵਾਰ ਹੋਕੇ ਆਇਆ ਤੇ ਉਕਤ ਦੋਵੇ ਜਣੇ ਉਨਾਂ ਨੂੰ ਗਲਤ ਬੋਲਣ ਲੱਗੇ ਤੇ ਬਾਡ ਕੀਤਾ ਮੋਟਰ ਸਾਈਲਕ ਜ਼ਬਰਦਸਤੀ ਲੈਕੇ ਜਾਣ ਦੀ ਕੋਸ਼ਿਸ ਕਰਨ ਲੱਗੇ ਅਤੇ ਉਨਾ ਦੇ ਰੋਕਣ ਤੇ ਉਨਾਂ ਨੇ ਉਸ ਤੇ ਹੱਥ ਵਿੱਚ ਫੜੀਆ ਬਰਛਾਂ ਨੁੰਮਾ ਸੋ–ਟੀਆਂ ਨਾਲ ਹਮਲਾ ਕਰ ਦਿੱਤਾ। ਮੌਕੇ ਤੇ ਇੱਕ ਨੂੰ ਕਾਬੂ ਕਰ ਲਿਆ ਤੇ ਜੋ ਕਾਰ ਵਿੱਚ ਆਇਆ ਸੀ ਉਹ ਸਮੇਤ ਕਾਰ ਮੋਕੇ ਤੋ ਭੱਜਣ ਵਿੱਚ ਕਾਮਯਾਬ ਹੋ ਗਿਆ। ਗੁਰਦੇਵ ਸਿੰਘ ਨੇ ਦੱਸਿਆ ਕਿ ਉਨਾਂ ਨੇ ਸਾਰਾ ਮਾਮਲਾ ਆਪਣੇ ਉੱਚ ਅਧਿਕਾਰੀ ਡੀ ਐਸ ਪੀ ਬੰਗਾ ਦਲਜੀਤ ਸਿੰਘ ਖੱਖ ਨੂੰ ਮਿਲਕੇ ਦੱਸਿਆ ਜਿਸ ਉਪੰਰਤ ਅਧਿਕਾਰੀਆ ਨੇ ਉਨਾਂ ਦੀ ਮਿਲੀ ਸ਼ਿਕਾਇਤ ਅਤੇ ਦਿੱਤੇ ਬਿਆਨਾ ਦੇ ਆਧਾਰ ਤੇ ਥਾਣਾ ਸਿਟੀ ਬੰਗਾ ਵਿੱਚ ਉਕਤ ਦੋਨਾ ਵਿਅਕਤੀ ਖਿਲਾਫ ਮਾਮਲਾ ਨੰਬਰ 13 ਅਧੀਨ ਧਾਰਾ 353, 186 ਤੇ 34 ਤਹਿਤ ਦਰਜ਼ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਉਨਾਂ ਦੱਸਿਆ ਕਿ ਕਾਬੂ ਆਏ ਇਕ ਵਿਅਕਤੀ ਦੀ ਪਹਿਚਾਨ ਜਗਰਾਜ ਸਿੰਘ ਨਿਵਾਸੀ ਸੱਲ ਕਲਾਂ ਜਦੋਂ ਕਿ ਇਸਦਾ ਦੂਜਾ ਸਾਥੀ ਜੋ ਕਾਰ ਵਿੱਚ ਭੱਜਣ ਵਿੱਚ ਕਾਮਯਾਬ ਹੋ ਗਿਆ ਦੀ ਪਹਿਚਾਣ ਗੁਰਵਿੰਦਰ ਸਿੰਘ ਨਿਵਾਸੀ ਬਾਹੜੋਵਾਲ ਵੱਜੋ ਹੋਈ ਹੈ।

# ਪੈਪਸੀਕੋ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੰਨੋਂ ਨੂੰ ਦਸ ਲੈਪਟਾਪ ਅਤੇ ਵਾਟਰਕੂਲਰ ਭੇਂਟ

**ਭਵਾਨੀਗੜ੍ਹ, (ਦਲਜੀਤ ਕੌਰ)** ਚੰਨੋ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੈਪਸੀਕੋ ਕੰਨਸਟ੍ਰੇਟ ਪਲਾਂਟ ਵੱਲੋਂ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਕੰਪਨੀ ਵੱਲੋਂ ਸੀਨੀਅਰ ਲੀਡਰਸ਼ਿਪ ਟੀਮ ਆਇਰਲੈਂਡ ਤੋਂ ਪਹੁੰਚੀ। ਜਿਸ ਦੀ ਅਗਵਾਈ ਸ੍ਰੀ ਰੈਂਡਲ ਲੋਵੋਰਨ, ਸ੍ਰੀ ਪੰਕਜ਼ ਅਗਰਵਾਲ, ਸ੍ਰੀ ਮੁਨੀਸ਼ ਅਗਰਵਾਲ, ਸ੍ਰੀ ਰਾਫਾ, ਸ੍ਰੀ ਜੋਸ਼ ਵਾਟ ਸਨ।




ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਸ੍ਰੀ ਰੈਂਡਲ ਲੋਵੋਰਨ ਨੇ ਅਪਣੇ ਸੰਬੋਧਨ ਵਿੱਚ ਕਿਹਾ ਕਿ ਪੈਪ–ਸੀਕੋ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ ਵਿੱਚ ਅੱਗੇ ਵਧਕੇ ਅਪਣਾ ਯੋਗਦਾਨ ਪਾਉਦੀ ਹੈ। ਸਿੱਖਿਆ ਦੇ ਖੇਤਰ ਅਤੇ ਬੱਚਿਆਂ ਨੂੰ ਪੌਸ਼ਟਿਕ ਅਹਾਰ ਦੇਣਾਂ ਕੰਪਨੀ ਵਲੋ ਪ੍ਰਮੁੱਖ ਟੀਚਾ ਅਪਣਾਇਆ ਹੈ। ਇਸ ਮੌਕੇ ਪੈਪਸੀਕੋ ਕੰਨਸਟ੍ਰੇਟ ਪਲਾਂਟ ਚੰਨੋਂ ਵੱਲੋਂ ਸਕੂਲ ਦੀ ਕੰਪਿਊਟਰ ਲੈਬ ਲਈ ਦਸ ਲੈਪਟਾਪ ਅਤੇ ਵਾਟਰ ਕੂਲਰ ਦਿੱਤਾ ਗਿਆ। ਇਸ ਮੌਕੇ ਹਰਪ੍ਰੀਤ ਭਾਟੀਆ ਪਲਾਂਟ ਮੈਨੇਜਰ ਅਤੇ ਆਸ਼ੂਤੋਸ਼ ਪੰਜਾਬੀ ਨੇ ਵਿਦਿਆਰਥੀਆਂ ਨਾਲ ਅਪਣੇ ਵਿਚਾਰ ਸਾਂਝੇ ਕੀਤੇ। ਸਕੂ.ਲ ਦੇ ਵਿਦਿਆਰਥੀਆਂ ਵੱਲੋ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪੈਪਸੀਕੋ ਵੱਲੋ ਮੈਡਮ ਰਾਜਦੀਪ ਕੌਰ ਨੇ ਅਪਣੇ ਵੱਲੋ ਸਮੇ ਸਮੇ ਤੇ ਸਕੂ.ਲ ਦੀ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿੱਤਾ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਨੇ ਪੈਪਸੀਕੋ ਕੰਨਸਟ੍ਰੇਟ ਪਲਾਂਟ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਜਗਤਾਰ ਸਿੰਘ ਕੰਪਿਊਟਰ ਫੈਕਲਟੀ, ਜਗਵਿੰਦਰ ਸਿੰਘ, ਮਨਦੀਪ ਸਿੰਘ, ਮੈਡਮ ਰਣਬੀਰ ਕੌਰ, ਪਰਮਜੀਤ ਕੌਰ ਵਿਰਕ, ਸਤਿੰਦਰਪਾਲ ਕੌਰ, ਬਲਜਿੰਦਰ ਕੌਰ, ਪਰਮੀਤ ਕੌਰ, ਮੋਨਿਕਾ ਸ਼ਰਮਾਂ, ਕਮਲਬੀਰ ਕੌਰ ਅਤੇ ਸਕੂ.ਲ ਦੇ ਵਿਦਿਆਰਥੀ ਅਤੇ ਸਕੂ.ਲ ਮੈਨੇਜ਼ਰ ਤਰਸੇਮ ਸਿੰਘ ਹਾਜ਼ਰ ਸਨ।

# ਡੀ.ਏ.ਵੀ. ਕਾਲਜ ਦੀਆਂ ਵਿਦਿਆਰਥਣਾਂ ਨੇ ਆਸ਼ਾ ਕਿਰਨ ਸਕੂਲ ਦਾ ਦੌਰਾ ਕੀਤਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** 150 ਵਿਦਿਆਰਥੀਆਂ ਨੇ ਡੀ।ਏ।ਵੀ ਕਾਲਜ ਆਫ਼ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਜੇ.ਐਸ.ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕੀਤਾ। ਪ੍ਰਿੰਸੀਪਲ ਡਾ: ਨਿਧੀ ਭੱਲਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਬੀ।ਐੱਡ ਦੇ ਵਿਦਿਆਰਥੀਆਂ ਨੇ ਦੌਰਾ ਕੀਤਾ ਅਤੇ ਉਨ੍ਹਾਂ ਦੇ ਨਾਲ ਕਾਲਜ ਦੇ ਪ੍ਰੋਫ਼ੈਸਰ ਡਾ: ਸਰਬਜੀਤ ਕੌਰ, ਪ੍ਰੋ. ਆਰਤੀ ਸ਼ਰਮਾ ਅਤੇ ਪ੍ਰੋ. ਰੋਮਾ ਹਾਜ਼ਰ ਸਨ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਲਾਹਕਾਰ ਪਰਮਜੀਤ ਸਿੰਘ ਸਚਦੇਵਾ ਨੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਜੀ ਆਇਆਂ ਕਿਹਾ ਅਤੇ ਸਕੂਲ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਆਸਰਾ ਪ੍ਰੋਜੈਕਟ ਦੇ ਚੇਅਰਮੈਨ ਕਰਨਲ ਗੁਰਮੀਤ ਸਿੰਘ ਨੇ ਆਸਰਾ ਪ੍ਰੋਜੈਕਟ ਅਤੇ ਹੋਸਟਲ ਬਾਰੇ ਜਾਣਕਾਰੀ ਸਾਂਝੀ ਕੀਤੀ। ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ ਨੇ ਡਿਪਲੋਮਾ ਇਨ ਸਪੈਸ਼ਲ ਐਜੂਕੇਸ਼ਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਸਕੂਲ ਦੀਆਂ ਗਤੀਵਿਧੀਆਂ ਅਤੇ ਵਿਸ਼ੇਸ਼ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬੀ।ਐੱਡ ਦੇ ਵਿਦਿਆਰਥੀਆਂ ਨੇ ਕਿਹਾ ਕਿ ਉਹ ਸਕੂਲ ਪਹੁੰਚ ਕੇ ਬਹੁਤ ਚੰਗਾ ਮਹਿਸੂਸ ਕਰ ਰਹੇ ਹਨ ਅਤੇ ਇਹ ਚੰਗੀ ਗੱਲ ਹੈ ਕਿ ਵਿਸ਼ੇਸ਼ ਬੱਚਿਆਂ ਲਈ ਚੰਗੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਸਮੇਂ ਡੀ।ਏ।ਵੀ ਕਾਲਜ ਦੀ ਤਰਫੋਂ ਡਾ: ਪ੍ਰੋ: ਸਰਬਜੀਤ ਕੌਰ ਨੇ ਆਸ਼ਾਦੀਪ ਦੇ ਸਮੂਹ ਮੈਂਬਰਾਂ ਅਤੇ ਸਕੂਲ ਸਟਾਫ਼ ਦਾ ਧੰਨਵਾਦ ਕੀਤਾ। ਇਸ ਮੌਕੇ ਸਕੱਤਰ ਹਰਬੰਸ ਸਿੰਘ ਨੇ ਸਮੂਹ ਬੱਚਿਆਂ ਅਤੇ ਸਟਾਫ਼ ਦਾ ਧੰਨਵਾਦ ਕੀਤਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਕਾਰਜਕਾਰੀ ਮੈਂਬਰ ਰਾਮ ਆਸਰਾ, ਮਲਕੀਤ ਸਿੰਘ ਮਹੇੜੂ, ਹਰਮੇਸ਼ ਤਲਵਾੜ, ਮਧੂਮੀਤ ਕੌਰ ਵੀ ਹਾਜ਼ਰ ਸਨ।

# ਅੰਤਰ-ਰਾਸ਼ਟਰੀ ਸਿਨੇਮਾ ਦਿਵਸ ਮਨਾਇਆ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਇੱਥੇ ਅੰਤਰਰਾਸ਼ਟਰੀ ਪੰਜਾਬੀ ਫਿਲਮ ਦਿਵਸ ਮੌਕੇ ਸ੍ਰੀ ਗ੍ਰੇਸਾ ਫਿਲਮਜ਼ ਵੱਲੋਂ ਕਲਾਕਾਰ ਮਿਲਣੀ ਅਤੇ ਵਿਚਾਰ-ਵਟਾਂਦਰਾ ਕਰਵਾਇਆ ਗਿਆ। ਇਸ ਮੌਕੇ ਫਿਲਮ ਅਦਾਕਾਰ ਨਿਰਦੇਸ਼ਕ ਚੰਦਰਮੋਹਨ, ਅਸ਼ੋਕ ਖੁਰਾਣਾ, ਨੈਨਸੀ ਅਰੋੜਾ, ਬ੍ਰਿਟਿਸ਼ ਗਾਇਕ ਸ਼ਿਵ ਕੁਮਾਰ ਅਤੇ ਡਾ। ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਪੰਜਾਬੀ ਫਿਲਮਾਂ ਦੀ ਮੌਜੂਦਾ ਸਥਿਤੀ ਅਤੇ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਸ੍ਰੀ ਚੰਦਰ ਮੋਹਨ ਨੇ ਕਿਹਾ ਕਿ ਪੰਜਾਬੀ ਸਿਨੇਮਾ ਹੁਣ ਵਿਸ਼ਵ ਪੱਧਰੀ ਬਣ ਗਿਆ ਹੈ ਅਤੇ ਇਸ ਦੀਆਂ ਸਮੱਸਿਆਵਾਂ ਵੀ ਭਾਰਤੀ ਸਿਨੇਮਾ ਅਤੇ ਹਾਲੀਵੁੱਡ ਦੀਆਂ ਸਮੱਸਿਆਵਾਂ ਵਰਗੀਆਂ ਹਨ। ਅਸ਼ੋਕ ਖੁਰਾਣਾ ਨੇ ਸਾਰੇ ਕਲਾਕਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਕਲਾਕਾਰਾਂ ਨੇ ਆਪਣੀ ਪ੍ਰਤਿਭਾ ਅਤੇ ਮਿਹਨਤ ਨਾਲ ਬਾਲੀਵੁੱਡ ਅਤੇ ਹਾਲੀਵੁੱਡ ਵਿੱਚ ਆਪਣਾ ਵਿਸ਼ੇਸ਼ ਸਥਾਨ ਹਾਸਲ ਕੀਤਾ ਹੈ। ਅਸ਼ੋਕ ਪੁਰੀ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ ਜਿਸ ਦੇ ਬਲਬੂਤੇ ਤੇ ਪੰਜਾਬੀਆਂ ਨੇ ਪੂਰੀ ਦੁਨੀਆ 'ਚ ਸਫਲਤਾ ਦੇ ਝੰਡੇ ਗੱਡੇ ਹਨ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਵਿਵੇਕ ਹਾਸ਼ਿਦ, ਅਵਤਾਰ, ਨੇਹਾ ਮਾਨ, ਕੈਲਾਸ਼ ਮਾਨ, ਨੈਨਸੀ ਅਰੋੜਾ, ਗੁਰਮੇਲ ਧਾਲੀਵਾਲ, ਅੰਮ੍ਰਿਤ ਲਾਲ, ਹਰਪ੍ਰੀਤ, ਕੈਮਰਾਮੈਨ ਐਮ।ਸੀ। ਕੈਮ, ਮੇਕਅੱਪ ਮੈਨ ਸਚਿਨ ਨਾਹਰ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਨਿਰਦੇਸ਼ਕ ਅਤੇ ਅਦਾਕਾਰ ਚੰਦਰ ਮੋਹਨ ਅਤੇ ਡਾ. ਅਸ਼ੋਕ ਪੁਰੀ ਨੂੰ ਉਨ੍ਹਾਂ ਦੇ ਪੰਜਾਬੀ ਸਿਨੇਮਾ ਵਿੱਚ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

# ਸਾਬਕਾ ਮੁੱਖ ਮੰਤਰੀ ਚੰਨੀ ਨੇ ਜਹਿਰੀਲੀ ਸ਼ਰਾਬ ਪੀਣ ਵਾਲਿਆਂ ਦੇ ਪਰਿਵਾਰਿਕ ਮੈਂਬਰਾਂ ਨਾਲ ਕੀਤਾ ਦੁੱਖ ਸਾਂਝਾ



**ਫਿਲੌਰ, ਅੱਪਰਾ (ਜੱਸੀ)–** ਸਾਬਕਾ ਮੁੱਖ ਮੰਤਰੀ ਪੰਜਾਬ ਸ. ਚਰਨਜੀਤ ਸਿੰਘ ਚੰਨੀ ਸੁਨਾਮ ਰਵਿਦਾਸਪੁਰਾ ਟਿੱਬੀ, ਜ਼ਿਲ੍ਹਾ ਸੰਗਰੂਰ ਪਹੁੰਚੇ, ਜਿਥੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਮੌਤਾਂ ਸਨ। ਉਨ੍ਹਾਂ ਮ੍ਰਿਤਕਾਂ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਆਗੂ ਸਹਿਬਾਨ ਮੌਜੂਦ ਰਹੇ।

ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਜਹਿਰੀਲੀ ਸ਼ਰਾਬ ਵੇਚਣ ਵਾਲਿਆਂ ਦੇ ਖਿਲਾਫ਼ ਮੌਜੂਦਾ ਸਰਕਾਰ ਨੂੰ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲ ਸਕੇ।

# ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਮੁੜ ਹੋਏ ਕਾਂਗਰਸ ਵਿੱਚ ਸ਼ਾਮਿਲ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਹਲਕਾ ਗੜ੍ਹਸ਼ੰਕਰ ਦੇ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਅੱਜ ਫਿਰ ਕਾਂਗਰਸ ਵਿਚ ਵਾਪਸ ਆ ਗਏ। ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਨੂੰ ਕਾਂਗਰਸ ਪੰਜਾਬ ਦੇ ਇੰਨਚਾਰਜ ਦੇਵੇਂਦਰ ਯਾਦਵ, ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸ਼੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਦੀ ਅਗਵਾਈ 'ਚ ਲਵ ਕੁਮਾਰ ਗੋਲਡੀ ਅਤੇ ਮਲਕੀਤ ਸਿੰਘ ਦੀ ਕਾਂਗਰਸ ਵਿੱਚ ਘਰ ਵਾਪਸੀ ਹੋਈ। ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਦੇਵੇਂਦਰ ਯਾਦਵ ਨੇ ਦੋਵਾਂ ਦਾ ਸਵਾਗਤ ਅਤੇ ਕਿਹਾ ਕਿ ਉਨ੍ਹਾਂ ਦਾ ਬਣਦਾ ਮਾਣ-ਸਨਮਾਨ ਕੀਤਾ ਜਾਵੇਗਾ।

# ਜਸਦੀਪ ਕੌਰ ਨੇ ਸਿੱਖ ਨੈਸ਼ਨਲ ਕਾਲਜ ਬੰਗਾ ਦਾ ਨਾਂ ਰੌਸ਼ਨ ਕੀਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਐਮ ਕਾਮ ਸਮੈਸਟਰ ਤੀਜਾ ਦੇ ਨਤੀਜਿਆਂ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਵਿਦਿਆਰਥਣਾ ਨੇ ਚੰਗੇ ਨੰਬਰ ਲੈ ਕੇ ਕਾਲਜ ਦਾ ਮਾਣ ਵਧਾਇਆ ਹੈ। ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਨੇ ਦੱਸਿਆ ਕਿ ਵਿਦਿਆਰਥਣ ਜਸਦੀਪ ਕੌਰ ਨੇ 77-27 ਫੀਸਦੀ



ਅੰਕ ਹਾਸਲ ਕਰਕੇ ਯੂਨੀਵਰਸਿਟੀ ਵਿੱਚੋਂ 16 ਵਾਂ ਤੇ ਜਿਲ੍ਹੇ ਵਿੱਚੋਂ ਦੂਜਾ ਤੇ ਕਾਲਜ ਵਿੱਚੋਂ ਪਹਿਲਾ, ਪ੍ਰਭਦੀਪ ਕੌਰ ਨੇ 75-81 ਫੀਸਦੀ ਅੰਕ ਹਾਸਲ ਕਰਕੇ ਯੂਨੀਵਰਸਿਟੀ ਵਿੱਚੋਂ 21 ਵਾਂ ਜਿਲ੍ਹੇ ਵਿੱਚੋਂ ਤੀਜਾ ਤੇ ਕਾਲਜ ਚੋਂ ਦੂਜਾ ਤੇ ਰੀਤਿਕਾ ਨੇ 74-3 ਫੀਸਦੀ ਅੰਕ ਹਾਸਲ ਕਰਕੇ ਕਾਲਜ ਚੋਂ ਤੀਜਾ ਸਥਾਨ ਹਾਸਲ ਕੀਤਾ। ਬਾਕੀ ਸਭ ਵਿਦਿਆਰਥੀ ਵੀ ਚੰਗੇ ਅੰਕ ਪ੍ਰਾਪਤ ਕਰਕੇ ਪਹਿਲੇ ਦਰਜੇ 'ਚ ਪਾਸ ਹੋਏ ਹਨ। ਇਸ ਮੌਕੇ ਵਿਭਾਗ ਮੁਖੀ ਡਾਕਟਰ ਕਮਲਦੀਪ ਕੌਰ, ਡਾਕਟਰ ਦਵਿੰਦਰ ਕੌਰ, ਪ੍ਰੋ ਰਮਨਦੀਪ ਕੌਰ, ਪ੍ਰੋ ਮਨਰਾਜ ਕੌਰ ਤੇ ਪ੍ਰੋ ਹਰਦੀਪ ਕੌਰ ਆਦਿ ਹਾਜ਼ਰ ਸਨ।

# ਲੋੜਵੰਦਾਂ ਦੀ ਮੱਦਦ ਕਰਨਾ ਹੀ ਅਸਲੀ ਸਮਾਜ ਸੇਵਾ ਤੇ ਇਨਸਾਨੀਅਤ-ਮਾਤਾ ਸਵਰਨ ਦੇਵਾ (ਯੂ.ਕੇ)



**ਫਿਲੌਰ, ਅੱਪਰਾ (ਜੱਸੀ)–** ਅੱਜ ਅੱਪਰਾ ਵਿਖੇ ਮੀਡੀਆ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਮਾਂ ਵੈਸ਼ਨੂੰ ਦਰਬਾਰ ਦੁੱਖ ਖੰਡਨ ਨਿਵਾਸ ਮੋਰੋਂ ਦੇ ਗੱਦੀਨਸ਼ੀਨ ਮਾਤਾ ਸਵਰਨ ਦੇਵਾ (ਯੂ.ਕੇ) ਤੇ ਸੀਤੇ ਮਾਤਾ (ਯੂ.ਕੇ) ਨੇ ਕਿਹਾ ਕਿ ਲੋੜਵੰਦਾਂ ਦੀ ਮੱਦਦ ਕਰਨਾ ਹੀ ਅਸਲੀ ਸਮਾਜ ਸੇਵਾ ਤੇ ਇਨਸਾਨੀਅਤ ਹੈ। ਉਨਾਂ ਅੱਗੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਕਿਰਤ ਕਮਾਈ 'ਚ ਦਸਬੰਧ ਕੱਢਦੇ ਹੋਏ ਸਮਾਜ ਸੇਵਾ ਕਰਦੇ ਰਹਿਣਾ ਚਾਹੀਦਾ ਹੈ। ਉਨਾਂ ਅੱਗੇ ਕਿਹਾ ਕਿ ਇਸ ਜਹਾਨ ਦੇ ਅੰਦਰ 'ਨਾਮ' ਤੇ 'ਧਾਮ' ਦੀ ਮਹਾਨਤਾ ਨੂੰ ਕੋਈ ਵਿਰਲਾ ਧਰਮ ਜਗਿਆਸੂ ਹੀ ਸਮਝ ਸਕਦਾ ਹੈ। ਨਾਲ ਹੀ ਉਨਾਂ ਸੰਗਤਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਨੂੰ ਵਾਤਾਵਰਣ ਨੂੰ ਬਚਾਉਣ ਲੀ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।



## ਵਰੇਗੰਢ ਦੀ ਮੁਬਾਰਕਬਾਦ

ਬੱਗਾ ਸੇਲਕੀਆਣਾ ਤੇ ਬਲਵਿੰਦਰ ਕੌਰ ਬੱਧਣ ਵਾਸੀ ਸੇਲਕੀਆਣਾ ਨੂੰ ਵਿਆਹ ਦੀ 20ਵੀਂ ਵਰੇਗੰਢ ਦੀ ਮੁਬਾਰਕਬਾਦ

# ਜੇ ਐਸ ਐਫ ਐਚ ਸਕੂਲ ਦਾ ਸਲਾਨਾ ਨਤੀਜਾ ਸ਼ਾਨਦਾਰ ਰਿਹਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜੇ ਐਸ ਐਫ ਐਂਚ ਖਾਲਸਾ ਸੀ ਸੈ ਸਕੂਲ ਵਿੱਚ ਅੱਜ ਸਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਹਰ ਜਮਾਤ ਵਿੱਚ ਉੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਵਲੋਂ ਸਟੇਜ ਸੰਚਾਲਨ ਕੀਤਾ ਗਿਆ। ਉਨ੍ਹਾਂ ਨੇ ਆਪਣੇ ਬੱਚਿਆਂ ਦਾ ਨਤੀਜਾ ਸੁਣਨ ਪਹੁੰਚੇ ਮਾਤਾ ਪਿਤਾ ਸਾਹਿਬਾਨ ਦਾ ਤਹਿ ਦਿਲੋਂ ਸਵਾਗਤ ਤੇ ਧੰਨਵਾਦ ਕੀਤਾ। ਫਿਰ ਸਕੂਲ ਦੇ ਪ੍ਰਿੰਸੀਪਲ ਸ੍ਰੀ ਦਲਜੀਤ ਸਿੰਘ ਬੋਲਾ ਜੀ ਨੇ ਕਿਹਾ ਕਿ ਨਤੀਜਾ ਘੋਸ਼ਣਾ ਦਾ ਦਿਨ ਵਿਦਿਆਰਥੀਆਂ ਦੀ ਤਾਕਤ ਅਤੇ ਕਮਜ਼ੋਰੀਆਂ ਨੂੰ ਜਾਣਨ ਲਈ ਬਹੁਤ ਮਹੱਤਵਪੂਰਨ ਹੈ। ਅਕਾਦਮਿਕ ਪ੍ਰਦਰਸ਼ਨ ਇਹ ਵਿਦਿਆਰਥੀਆਂ ਦੀ ਅਧਿਆਪਨ-ਸਿਖਲਾਈ ਪ੍ਰਕਿਰਿਆ ਵਿੱਚ ਹੋਰ ਸੁਧਾਰ ਲਈ ਪਲੇਟਫਾਰਮ ਪ੍ਰਦਾਨ ਕਰਦਾ ਹੈ। ਇਸ ਲਈ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਤੰਦਰੁਸਤੀ ਵਿੱਚ ਸੁਧਾਰ ਲਈ ਸਹਾਇਤਾ ਪ੍ਰਦਾਨ ਕਰਨਾ ਸਾਡੀ ਜ਼ਿੰਮੇਵਾਰੀ ਹੈ। ਸਾਨੂੰ ਆਪਣੇ ਵਿਦਿਆਰਥੀਆ ਤੇ ਬਹੁਤ ਮਾਣ ਹੈ। ਸਾਡੇ ਨੌਜਵਾਨ ਵਿਦਿਆਰਥੀਆ ਨੂੰ ਕਦਮ-ਦਰ-ਕਦਮ ਵਧਦੇ ਹੋਏ ਦੇਖਣ ਲਈ ਇਹ ਇੱਕ ਸ਼ਾਨਦਾਰ ਸਾਲ ਰਿਹਾ ਹੈ। ਅਸੀਂ ਆਪਣੇ ਭਵਿੱਖ ਲਈ ਬਹੁਤ ਉਤਸ਼ਾਹਿਤ ਹਾਂ ਅਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹਾ। ਨਤੀਜੇ ਦਾ ਦਿਨ ਸਾਡੇ ਸਕੂਲ ਵਿੱਚ ਹਮੇਸ਼ਾ ਇੱਕ ਦਿਲਚਸਪ ਸਮਾਂ ਹੁੰਦਾ ਹੈ। ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਸੱਚਮੁੱਚ ਫਲਦਾ ਹੈ। ਮੈਨੂੰ ਇਹ ਸਾਂਝਾ ਕਰਨ ਵਿੱਚ ਮਾਣ ਹੈ, ਕਿ ਸਾਡੇ ਵਿਦਿਆਰਥੀਆਂ ਨੇ ਇਸ ਸਾਲ ਕੁਝ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਉਨ੍ਹਾਂ ਨੇ ਬਹੁਤ ਤਰੱਕੀ ਦਿਖਾਈ ਹੈ ਅਤੇ ਸਾਨੂੰ ਸਾਰਿਆਂ ਨੂੰ ਮਾਣ ਮਹਿਸੂਸ ਕੀਤਾ ਹੈ। ਇਹ ਉਤਸ਼ਾਹ ਅਤੇ ਉਮੀਦਾਂ ਨਾਲ ਭਰਿਆ ਦਿਨ ਸੀ। ਹਰ ਮੀਲ ਪੱਥਰ, ਵੱਡਾ ਜਾਂ ਛੋਟਾ, ਉਹਨਾਂ ਦੀ ਮਿਹਨਤ ਅਤੇ ਲਗਨ ਦਾ ਪ੍ਰਮਾਣ ਹੈ। ਆਓ ਉਹਨਾਂ ਦੀ ਉਤਸੁਕਤਾ ਨੂੰ ਵਧਾਉਂਦੇ ਰਹੀਏ ਅਤੇ ਹੁਣ ਨਤੀਜੇ ਦੀ ਘੋਸ਼ਣਾ ਕਰੀਏ।



ਪ੍ਰਿੰਸੀਪਲ ਦਲਜੀਤ ਸਿੰਘ ਨੇ ਦੱਸਿਆ ਕਿ ਜਮਾਤ ਵਿੱਚੋ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਚਿੰਨ੍ਹ ਦੇ ਕੇ ਹੌਂਸਲਾ ਵਧਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। 6ਵੀਂ ਜਮਾਤ ਵਿੱਚੋ ਖੁਸ਼ੀ ਕੁਮਾਰੀ ਤੀਜਾ ਸਥਾਨ, ਜੈਸਮੀਨ ਕੌਰ ਦੂਜਾ ਸਥਾਨ, ਮਾਨਵੀ ਕੁਮਾਰੀ ਪਹਿਲਾ ਸਥਾਨ , 7 ਵੀਂ ਜਮਾਤ ਵਿੱਚੋ ਰਾਣੀ ਤੀਜਾ ਸਥਾਨ, ਨੈਤਿਕ ਕੁਮਾਰ ਦੂਜਾ ਸਥਾਨ, ਈਸ਼ਾਨ ਭਾਟੀਆ ਪਹਿਲਾ ਸਥਾਨ , 9 ਵੀਂ ਜਮਾਤ ਵਿੱਚੋ ਸ਼ਿਵਾਨੀ ਕੁਮਾਰੀ ਤੀਜਾ ਸਥਾਨ, ਸੁੰਗਧੀ ਦੂਜਾ ਸਥਾਨ, ਕੁਨਿਕਾ ਪਹਿਲਾ ਸਥਾਨ, 11ਵੀਂ (ਆਰਟਸ ਗਰੁੱਪ) ਜਮਾਤ ਵਿੱਚੋਂ ਅੰਜਲੀ ,ਅਮਿਤ ਹਮਲ ਨੇ ਤੀਜਾ ਸਥਾਨ, ਸਿਮਰਨ ਦੂਜਾ ਸਥਾਨ, ਨਵਜੋਤ ਸੈਣੀ ਪਹਿਲਾ ਸਥਾਨ,11ਵੀਂ ਜਮਾਤ ਦੇ (ਕਾਮਰਸ ਗਰੁੱਪ) ਵਿਚੋਂ ਰਣਦੀਪ ਸਿੰਘ ਤੀਜਾ ਸਥਾਨ, ਰੀਤੀਕਾ ਦੂਜਾ ਸਥਾਨ, ਖੁਸ਼ੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ। ਇਸ ਸਾਲ ਦੇ ਨਾਲ ਹੀ ਨਵੇਂ ਸੈਸ਼ਨ 2024-2025 ਤੋਂ ਦਾਖ਼ਲਾ ਸ਼ੁਰੂ ਹੈ। ਇਸ ਮੌਕੇ ਪ੍ਰਿੰਸੀਪਲ ਦਲਜੀਤ ਸਿੰਘ ਬੋਲਾ, ਪ੍ਰੇਮ ਸਿੰਘ ਚੇੜਾ, ਮਨਜੀਤ ਸਿੰਘ ਡੀ ਪੀ ਈ, ਇੰਦਰਜੀਤ ਮਾਹੀ, ਹਰਜੀਤ ਸਿੰਘ, ਬਲਜਿੰਦਰ ਸਿੰਘ, ਰੋਹਿਤ ਚੌਹਾਨ, ਵਿਨੇ ਹਰਦੀਪ, ਗੁਰਦੀਪ ਕੌਰ ਭੁੱਲਰ, ਬਲਵੀਰ ਕੌਰ, ਪੂਜਾ, ਨੀਰਜ, ਮਿਸ ਪੂਜਾ, ਮਿਸ ਕੰਚਨ ਸੋਨੀ, ਸੰਦੀਪ ਮਹਿਮੀ, ਸੰਦੀਪ ਕੌਰ ਸ਼ਾਮਿਲ ਸਨ।

# ਵਿਦੇਸ਼ ਭੇਜਣ ਲਈ ਕੀ-ਕੀ ਤਰੀਕੇ ਅਪਣਾ ਰਹੇ ਨੇ ਏਜੰਟ ਦੱਸੇਗੀ ਫ਼ਿਲਮ "ਕਬੂਤਰਬਾਜ਼"



ਅੱਜ ਕਲ ਸ਼ੂਟਿੰਗ ਦਾ ਮੌਸਮ ਹੈ ਤੇ ਯੂ ਕੇ ਤੋ ਵਾਪਿਸ ਆ ਕਿ ਲੇਖਕ ਤੇ ਨਿਰਦੇਸ਼ਕ ਸੁਖਪਾਲ ਸਿੱਧੂ ਨੇ ਆਪਣੀ ਨਵੀਂ ਪੰਜਾਬੀ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ ਹੋਈ ਹੈ। ਓਹ ਅੱਜ ਕਲ ਮੁੱਲਾਂਪੁਰ, ਜਗਰਾਓਂ ਤੇ ਇਸ ਦੇ ਆਸ ਪਾਸ ਫ਼ਿਲਮ ਦੀ ਸ਼ੂਟਿੰਗ ਕਰ ਰਹੇ ਹਨ। ਆਪਣੀ ਲਿਖੀ ਤੇ ਨਿਰਦੇਸ਼ਤ ਕੀਤੀ ਜਾ ਰਹੀ ਇਸ ਫ਼ਿਲਮ ਦੀ ਸ਼ੂਟਿੰਗ ਤੇ ਸੁਖਪਾਲ ਸਿੱਧੂ ਨੇ ਕਿਹਾ ਕਿ ਫ਼ਿਲਮ ਦਾ ਨਾਮ "ਕਬੂਤਰਬਾਜ਼," ਹੈ ਤੇ "ਸਫਰਾਂ ਤੇ ਹਾਂ ਸੈਰਾਂ ਤੇ ਨਹੀਂ" ਦੀ ਗੱਲ ਨੂੰ ਮੁੱਖ ਰੱਖ ਓਹ ਇਹ ਫ਼ਿਲਮ ਕਰ ਰਹੇ ਹਨ। ਮਹਾਂਵੀਰ ਭੁੱਲਰ ਦੇ ਨਾਲ ਮਲਕੀਤ ਰੌਣੀ ਜਿਹੇ ਸਟਾਰ ਕਲਾਕਾਰਾਂ ਨਾਲ ਕੰਮ ਕਰਨ ਦਾ ਅਰਥ ਕਿ ਤੁਸੀਂ ਵੀ ਕੁੱਝ ਹੋ। ਫ਼ਿਲਮ ਵਿੱਚ ਸਿੱਧੂ ਵੀ ਅਹਿਮ ਕਿਰਦਾਰ ਨਿਭਾ ਰਹੇ ਹਨ।ਸੁਖਪਾਲ ਸਿੱਧੂ ਦੀ ਓਹ ਨੀਤੀ ਹੈ ਕਿ ਮਨੋਰੰਜਨ ਦੇ ਨਾਲ ਲੋਕਾਂ ਨੂੰ ਅੱਜ ਕਲ ਕੀ ਚਲ ਰਿਹਾ ਫ਼ਿਲਮ ਦੇ ਮਾਧਿਅਮ ਨਾਲ ਦਿਖਾਇਆ ਜਾਏ। ਕੁਲਦੀਪ ਦੁੱਗਲ ਇਸ ਫ਼ਿਲਮ ਦੇ ਗੀਤਕਾਰ ਹਨ। ਭੋਤੂ ਸ਼ਾਹ, ਅਮਰਜੀਤ ਕੌਰ ਤੇ ਰਾਜਵੀਰ ਗਰੇਵਾਲ ਦੇ ਨਾਲ ਸੁਖਪਾਲ ਸਿੱਧੂ ਨੇ ਆਪਣੀ ਇਸ ਫ਼ਿਲਮ ਵਿੱਚ ਨਗਿੰਦਰ ਗੱਖੜ, ਰਾਜ ਧਾਲੀਵਾਲ ਨੂੰ ਵੀ ਲਿਆ ਹੈ ਤੇ ਗਾਇਕ ਰਣਜੀਤ ਮਣੀ ਵੀ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਅ ਰਹੇ ਹਨ। ਡੀ ਓ ਪੀ ਕਮਲ ਸ਼ਰਮਾ ਹਨ ਤੇ ਫ਼ਿਲਮ ਦੇ ਗੀਤ ਅਮਰਿੰਦਰ ਬੌਬੀ ਤੇ ਰਣਜੀਤ ਮਣੀ ਨੇ ਗਾਏ ਹਨ। **- ਅੰਮ੍ਰਿਤ ਪਵਾਰ**

# ਕਾਂਗਰਸ ਵੱਲੋਂ ਡਾ. ਧਰਮਵੀਰ ਗਾਂਧੀ ਦਾ ਪਾਰਟੀ 'ਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ



**ਚੰਡੀਗੜ੍ਹ / ਫਗਵਾੜਾ (ਬੀ.ਕੇ. ਰੱਤੂ)-** ਪੰਜਾਬ ਕਾਂਗਰਸ ਇੰਚਾਰਜ ਦੇਵੇਂਦਰ ਯਾਦਵ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਨਵੀਂ ਦਿੱਲੀ ਵਿੱਚ AICC ਹੈਡਕੁਆਰਟਰ ਵਿਖੇ ਪਵਨ ਖੇੜਾ ਦੀ ਮੌਜੂਦਗੀ ਵਿੱਚ ਡਾ: ਧਰਮਵੀਰ ਗਾਂਧੀ ਦਾ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕੀਤਾ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ "ਅਸੀਂ ਕਾਂਗਰਸ ਪਰਿਵਾਰ ਦਾ ਹਿੱਸਾ ਬਣਨ ਦੇ ਫੈਸਲੇ ਲਈ ਡਾ। ਗਾਂਧੀ ਦਾ ਧੰਨਵਾਦ ਕਰਦੇ ਹਾਂ। ਉਹ ਰਾਜਨੀਤੀ ਵਿੱਚ ਇੱਕ ਸਤਿਕਾਰਯੋਗ ਅਤੇ ਸੀਨੀਅਰ ਸ਼ਖਸੀਅਤ ਹਨ। ਉਨ੍ਹਾਂ ਨੇ ਹਮੇਸ਼ਾ ਲੋਕਾਂ ਦੀ ਮਦਦ ਲਈ ਕੰਮ ਕੀਤਾ ਹੈ। ਉਹਨਾਂ ਦੀ ਸ਼ਮੂਲੀਅਤ ਇੱਕ ਮਹੱਤਵਪੂਰਨ ਕਦਮ ਹੈ, ਜੋ ਰਾਸ਼ਟਰ ਦੇ ਹਿੱਤਾਂ ਦੀ ਰਾਖੀ ਲਈ ਸਾਡੇ ਸਮੂਹਿਕ ਯਤਨਾਂ ਵਿੱਚ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਨਾਸ਼ਾਹੀ ਸਰਕਾਰ ਦਾ ਟਾਕਰਾ ਕਰਨ ਲਈ ਡਾ. ਗਾਂਧੀ ਵਰਗੇ ਲੀਡਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਨਾਲ ਜੁੜਨ ਦਾ ਉਨ੍ਹਾਂ ਦਾ ਫੈਸਲਾ ਪੱਖਪਾਤੀ ਹਿੱਤਾਂ ਤੋਂ ਉਪਰ ਉੱਠ ਕੇ ਉਨ੍ਹਾਂ ਦੀ ਦੇਸ਼ ਸੇਵਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।"

ਇਸ ਤੋਂ ਇਲਾਵਾ, ਰਾਜਾ ਵੜਿੰਗ ਨੇ ਦੱਸਿਆ, "ਡਾ. ਗਾਂਧੀ ਨਾਲ ਕਾਫ਼ੀ ਸਮੇਂ ਤੋਂ ਵਿਚਾਰ ਵਟਾਂਦਰਾ ਚੱਲ ਰਿਹਾ ਸੀ, ਕਾਂਗਰਸ ਪਾਰਟੀ ਨਾਲ ਇਕਜੁੱਟ ਹੋਣ ਦਾ ਉਨ੍ਹਾਂ ਦਾ ਫੈਸਲਾ ਪਿਛਲੇ ਦੋ ਸਾਲਾਂ ਤੋਂ ਸਾਡੇ ਨਿਰੰਤਰ ਯਤਨਾਂ ਦੀ ਸਮਾਪਤੀ ਨੂੰ ਦਰਸਾਉਂਦਾ ਹੈ। ਅਸੀਂ ਰਾਸ਼ਟਰ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਡੱਟ ਕੇ ਖੜ੍ਹੇ ਹਾਂ।

ਡਾ: ਧਰਮਵੀਰ ਗਾਂਧੀ ਨੇ ਕਿਹਾ ਕਿ "ਇਹ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਅਜਿਹੀ ਪਾਰਟੀ ਨਾਲ ਗੱਠਜੋੜ ਕਰਾਂ ਜੋ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰਦੀ ਹੈ। ਕਾਂਗਰਸ ਨਾਲ ਮੇਰੀ ਸਾਂਝ, ਭਾਵੇਂ ਅਸਿੱਧੇ ਤੌਰ 'ਤੇ ਭਾਰਤ ਜੋੜੋ ਯਾਤਰਾ ਦੌਰਾਨ ਹੋਈ ਸੀ। ਰਾਹੁਲ ਗਾਂਧੀ ਦੀ ਅਗਵਾਈ ਵਿੱਚ, ਕਾਂਗਰਸ ਮੁੜ ਸੁਰਜੀਤ ਹੋਈ ਹੈ ਅਤੇ ਤਾਨਾਸ਼ਾਹੀ ਦੇ ਖਿਲਾਫ਼ ਡਟ ਕੇ ਲੜਾਈ ਲੜੀ ਜਾ ਰਹੀ ਹੈ। ਉਹਨਾਂ ਨੇ ਅੱਗੇ ਕਿਹਾ - "ਕਾਂਗਰਸ ਵਿੱਚ ਸ਼ਾਮਲ ਹੋਣ ਦਾ ਮੇਰਾ ਫੈਸਲਾ, ਇਤਿਹਾਸ 'ਚ ਸਹੀ ਪੱਖ ਨਾਲ ਖੜ੍ਹੇ ਹੋਣ ਦੇ ਜਜ਼ਬੇ ਨੂੰ ਦਰਸਾਏਗਾ। ਕਾਂਗਰਸ, 'ਮੁਹੱਬਤ ਕੀ ਦੁਕਾਨ ਖੁੱਲ ਕੇ ਰਹੇਗੀ' ਕਾਂਗਰਸ ਨੂੰ ਮੇਰੀ ਲੋੜ ਨਹੀਂ, ਮੈਨੂੰ ਕਾਂਗਰਸ ਦੀ ਲੋੜ ਹੈ ਕਿਉਂਕਿ ਮੈਂ ਦੇਸ਼ ਲਈ ਲੜਨਾ ਚਾਹੁੰਦਾ ਹਾਂ। ਇਸ ਨਾਜ਼ੁਕ ਮੋੜ 'ਤੇ, ਮੇਰਾ ਪੱਕਾ ਵਿਸ਼ਵਾਸ ਹੈ ਕਿ ਕਾਂਗਰਸ ਕੋਲ ਭਾਜਪਾ ਦੇ ਫੁੱਟ ਪਾਊ ਏਜੰਡੇ ਦਾ ਮੁਕਾਬਲਾ ਕਰਨ ਲਈ ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਲੋੜੀਂਦੀ ਤਾਕਤ ਹੈ।"

ਇਸ ਮੌਕੇ 'ਤੇ ਧਰਮਵੀਰ ਗਾਂਧੀ, ਇਸ਼ਪਾਲ ਸਿੰਘ ਜੋਧੇਮਾਜਰਾ, ਐਡਵੋਕੇਟ ਹਰਮੀਤ ਕੌਰ ਬਰਾੜ, ਨਰਿੰਦਰ ਸੰਧੂ, ਸੁਮਿਤ ਭੁੱਲਰ, ਅਮਰ ਢੋਲੇਵਾਲ ਸਮੇਤ ਹੋਰਨਾਂ ਨੇ ਵੀ ਕਾਂਗਰਸ ਪਾਰਟੀ ਪ੍ਰਤੀ ਵਫ਼ਾਦਾਰੀ ਦਾ ਅਹਿਦ ਲਿਆ। ਡਾ। ਗਾਂਧੀ ਨੇ ਲੋੜ ਪੈਣ 'ਤੇ ਪਟਿਆਲਾ ਸੰਸਦੀ ਹਲਕੇ ਤੋਂ ਚੋਣ ਲੜਨ ਲਈ ਆਪਣੀ ਤਿਆਰੀ ਦੀ ਪੁਸ਼ਟੀ ਕੀਤੀ, ਨਾਲ ਹੀ ਆਉਣ ਵਾਲੀਆਂ 2024 ਦੀਆਂ ਚੋਣਾਂ ਦੌਰਾਨ ਪਾਰਟੀ ਦੇ ਯਤਨਾਂ ਨੂੰ ਅਟੁੱਟ ਸਮਰਥਨ ਦੇਣ ਦੀ ਪੁਸ਼ਟੀ ਕੀਤੀ।

# ਪੰਜਾਬੀ ਫ਼ਿਲਮ "ਸੰਗਰਾਂਦ" ਦਾ ਸਿਰਲੇਖ ਗੀਤ ਨਛੱਤਰ ਗਿੱਲ ਦੀ ਆਵਾਜ਼ ਵਿੱਚ ਹੋਇਆ ਜਾਰੀ




ਨਿਰਮਾਤਾ ਵੱਜੋਂ ਕਰਮਪਾਲ ਸਿੰਘ, ਰੀਠੂ ਸਿੰਘ ਦੀ ਫ਼ਿਲਮ "ਸੰਗਰਾਂਦ" ਦਾ ਟਾਈਟਲ ਗੀਤ ਲੋਕ ਅਰਪਿਤ ਹੋ ਗਿਆ ਹੈ ਤੇ ਇਹ ਫ਼ਿਲਮ ਪੰਜਾਬੀ ਫ਼ਿਲਮਾਂ ਦੇ ਸਟਾਰ ਨਾਇਕ ਗਾਵੀ ਚਹਿਲ ਨਿਰਦੇਸ਼ਤ ਕਰ ਰਹੇ ਹਨ। "ਸੰਗਰਾਂਦ" ਦਾ ਇਹ ਗੀਤ ਨਛੱਤਰ ਗਿੱਲ ਦੀ ਪਿਆਰੀ ਆਵਾਜ਼ ਵਿੱਚ ਹੈ ਇਸ ਲਈ ਬੋਲ ਵੀਤ ਬਲਜੀਤ ਦੀ ਕਲਮ ਨੇ ਲਿਖੇ ਹਨ।ਗਾਣੇ ਦਾ ਸੰਗੀਤ ਨਿੱਕ ਧੱਮੂ ਨੇ ਤਿਆਰ ਕੀਤਾ ਹੈ। ਰੀਠੂ ਸਿੰਘ ਚੀਮਾ ਤੇ ਵੰਨ ਅਬੂਵ ਦੀ ਇਸ ਪੰਜਾਬੀ ਫ਼ਿਲਮ ਵਿੱਚ ਆਈ ਪੀ ਐਸ ਪ੍ਰੋਡਕਸ਼ਨ ਤੇ ਗਵੀ ਚਹਿਲ ਫ਼ਿਲਮਜ਼ ਦਾ ਵੀ ਯੋਗਦਾਨ ਹੈ । "ਸੰਗਰਾਂਦ" ਦਾ ਇਹ ਗਾਣਾ ਚਲ ਰਿਹਾ ਹੈ ਤੇ ਫ਼ਿਲਮ ਵਿੱਚ ਗੇਵੀ ਚਹਿਲ ਨਾਲ ਸ਼ਰਨ ਕੌਰ ਦੀ ਜੋੜੀ ਹੈ ਤੇ ਯਾਦ ਗਰੇਵਾਲ, ਸਰਦਾਰ ਸੋਹੀ ਤੋਂ ਇਲਾਵਾ ਗੁਰਮੀਤ ਸਾਜਨ, ਗੁਰਪ੍ਰੀਤ ਕੌਰ ਭੰਗੂ, ਨੀਟੂ ਪੰਧੇਰ,ਸ਼ਿਵਿੰਦਰ ਮਾਹਲ, ਜਪਨ ਜੋਤ ਕੌਰ, ਗੋਬਿੰਦਾ ਸਰਦਾਰ ਤੇ ਮਹਾਂਵੀਰ ਭੁੱਲਰ ਵੀ ਨਜ਼ਰ ਆਉਣਗੇ। ਆਓ ਨਛਤਰ ਗਿੱਲ ਦੇ ਗਾਣੇ ਦਾ ਸਰੂਰ ਲੈਂਦੇ "ਸੰਗਰਾਂਦ" ਦੀ ਉਡੀਕ ਕਰਦੇ ਹਾਂ।

**- ਅੰਮ੍ਰਿਤ ਪਵਾਰ**

# ਲੋਕ ਸਭਾ ਚੋਣਾਂ ਦੌਰਾਨ ਨਾਜਾਇਜ਼ ਸ਼ਰਾਬ ਦੇ ਪ੍ਰਵਾਹ ਨੂੰ ਰੋਕਣ ਲਈ ਪੂਰੀ ਚੌਕਸੀ ਵਰਤੀ ਜਾਵੇ - ਕੋਮਲ ਮਿੱਤਲ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਲੋਕ ਸਭਾ ਚੋਣਾਂ 2024 ਅਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਚੋਣ ਅਫ਼ਸਰ-ਕਮ- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ।ਐਸ।ਪੀ ਹੁਸ਼ਿਆਰਪੁਰ ਸੁਰੇਂਦਰ ਲਾਂਬਾ ਦੀ ਅਗਵਾਈ ਵਿਚ ਆਬਕਾਰੀ ਵਿਭਾਗ ਅਤੇ। ਬੋਟ ਲਿੰਗ ਪਲਾਂਟਾਂ ਦੇ ਅਧਿਕਾਰੀਆਂ ਨਾਲ। ਮੀਟਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਅਤੇ ਐਸ.ਐਸ.ਪੀ. ਨੇ ਪੁਲਿਸ ਅਧਿਕਾਰੀਆਂ ਅਤੇ ਆਬਕਾਰੀ ਵਿਭਾਗ ਨੂੰ ਇਕਜੁੱਟ ਹੋ ਕੇ ਇਕ ਟੀਮ ਦੇ ਰੂਪ ਵਿਚ ਚੌਕਸ ਹੋ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਚੋਣਾਂ ਦੌਰਾਨ ਨਾਜਾਇਜ਼ ਸ਼ਰਾਬ ਦੇ ਪ੍ਰਵਾਹ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਜੇਕਰ ਕਿਤੇ ਵੀ ਨਾਜਾਇਜ਼ ਸ਼ਰਾਬ ਬਰਾਮਦ ਹੁੰਦੀ ਹੈ ਅਤੇ ਉਸਦੇ ਤਾਰ ਜ਼ਿਲ੍ਹੇ ਨਾਲ ਜੁੜੇ ਹਨ, ਤਾਂ ਸਬੰਧਤ ਜ਼ਿੰਮੇਵਾਰ ਲੋਕਾਂ 'ਤੇ ਕਰਵਾਈ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਅੰਤਰ ਜ਼ਿਲ੍ਹਾ ਅਤੇ ਅੰਤਰ-ਰਾਜੀ ਸਰਹੱਦੀ ਪੁਆਇੰਟਾਂ 'ਤੇ ਵੀ ਪੂਰੀ ਨਿਗਰਾਨੀ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਨਾਜਾਇਜ਼ ਸ਼ਰਾਬ ਤਿਆਰ ਕਰਨ ਵਾਲੇ ਲੋਕਾਂ ਖਿਲਾਫ ਸਖ਼ਤ ਕਰਵਾਈ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਨਾਜਾਇਜ਼ ਜਾਂ ਨਕਲੀ ਸ਼ਰਾਬ ਵੇਚਣ/ਤਸਕਰੀ ਕਰਨ ਵਾਲੇ ਵਿਅਕਤੀਆਂ ਵਿਰੁੱਧ ਪ੍ਰਭਾਵੀ ਕਾਰਵਾਈ ਯਕੀਨੀ ਬਣਾਈ ਜਾਵੇ।

ਕੋਮਲ ਮਿੱਤਲ ਨੇ ਖੰਡਰ ਇਮਾਰਤਾਂ, ਮੈਰਿਜ ਪੈਲਸਾਂ, ਗੋਦਾਮਾਂ ਅਤੇ ਸ਼ਰਾਬ ਸਟੋਰ ਵਾਲੀਆਂ ਹੋਰਨਾਂ ਸ਼ੱਕੀ ਥਾਵਾਂ 'ਤੇ ਨਿਗਰਾਨੀ ਰੱਖਣ ਨੂੰ ਕਿਹਾ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਨਾਜਾਇਜ਼ ਸ਼ਰਾਬ ਦੇ ਸਬੰਧ ਵਿਚ ਕੋਈ ਜਾਣਕਾਰੀ ਹੈ ਤਾਂ ਉਹ ਪੁਲਿਸ ਵਿਭਾਗ ਜਾਂ ਆਬਕਾਰੀ ਵਿਭਾਗ ਨੂੰ ਸੂਚਿਤ ਕਰਨ। ਉਨ੍ਹਾਂ ਕਿਹਾ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸੇ ਤਰ੍ਹਾਂ ਜੇਕਰ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਸ਼ਰਾਬ ਜਾਂ ਕੋਈ ਹੋਰ ਨਸ਼ੀਲਾ ਪਦਾਰਥ ਵੰਡਿਆ ਜਾ ਰਿਹਾ ਹੈ, ਤਾਂ ਇਸਦੀ ਸੂਚਨਾ ਤੁਰੰਤ ਦਿੱਤੀ ਜਾਵੇ।



ਬੇਗਮ ਪੁਰਾ ਸਹਰ ਕੋ ਨਾਉ।।
ਦੂਖ ਅੰਦੋਹ ਨਹੀ ਤਿਹ ਠਾਉ।

ਬੇਗਮਪੁਰਾ ਦਮੜੀ
ਸ਼ੋਭਾ ਯਾਤਰਾ ਨੂੰ
ਭੋਗਪੁਰ ਪਹੁੰਚਣ ਤੇ
ਜੀ ਆਇਆਂ ਨੂੰ

ਭੋਗਪੁਰ ਇਲਾਕੇ ਦੀਆਂ ਸਮੂਹ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵੱਲੋਂ 4 ਅਪ੍ਰੈਲ 2024 ਵੀਰਵਾਰ ਨੂੰ ਸਵੇਰੇ 09:00 ਵਜੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਜ਼ਿਲ੍ਹਾ ਜਲੰਧਰ ਤੋਂ ਦਮੜੀ ਸ਼ੋਭਾ ਯਾਤਰਾ ਆਦਮਪੁਰ, ਭੋਗਪੁਰ, ਬਹਿਰਾਮ, ਨੰਦਾਚੌਰ, ਬੁੱਲੋਵਾਲ, ਹੁਸ਼ਿਆਰਪੁਰ, ਚੱਬੇਵਾਲ, ਗੜ੍ਹਸ਼ੰਕਰ, ਖੁਰਾਲਗੜ੍ਹ ਸਾਹਿਬ, ਅਨੰਦਪੁਰ ਸਾਹਿਬ ਤੋਂ ਹੋ ਕੇ ਭਗਵਾਨ ਰਵਿਦਾਸ ਆਸ਼ਰਮ ਹਰਿਦੁਆਰ ਵਿਖੇ ਪਹੁੰਚ ਰਹੀ ਹੈ। ਭੋਗਪੁਰ ਵਿੱਚ ਇਸ ਯਾਤਰਾ ਦੇ ਸਵਾਗਤ ਲਈ ਮਿਤੀ 04 ਅਪ੍ਰੈਲ 2024 ਨੂੰ ਤਕਰੀਬਨ 12 :30 ਵਜੇ ਦੁਪਹਿਰ ਸਮੂਹ ਸੰਗਤਾਂ ਨੂੰ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਹੈ ਜੀ।

ਸਵਾਗਤ ਦਾ ਸਥਾਨ
ਮਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਆਦਮਪੁਰ ਰੋਡ ਭੋਗਪੁਰ
ਜ਼ਿਲ੍ਹਾ ਜਲੰਧਰ

Not Ad

# ਪਿੱਪਲੀਵਾਲ ਸਕੂਲ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਅਮਿੱਟ ਯਾਦਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ ਸਰਕਾਰੀ



ਐਲੀਮੈਂਟਰੀ ਮਾਡਲ ਸਕੂਲ ਪਿੱਪਲੀ ਵਾਲ ਦਾ ਸਲਾਨਾ ਸਮਾਗਮ। ਇਸ ਮੌਕੇ ਸਮਾਜ ਸੇਵੀ ਪਵਨ ਕਟਾਰੀਆ ਅਤੇ ਅਜਾਇਬ ਸਿੰਘ ਬੋਪਾਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸਕੂਲ ਦੇ ਬੱਚੇ ਬਹੁਤ ਹੀ ਕਾਬਲ ਏ ਤਾਰੀਫ ਹਨ। ਉਹ ਹਰ ਕੰਮ ਨੂੰ ਬਹੁਤ ਹੀ ਇਮਾਨਦਾਰੀ ਤੇ ਵਫਾਦਾਰੀ ਨਾਲ ਪੂਰਾ ਕਰਕੇ ਹੀ ਸਾਹ ਲੈਂਦੇ ਹਨ। ਬੱਚਿਆਂ ਨੇ ਆਪਣੀ ਕਲਾ ਨਾਲ ਸਭ ਦਾ ਬਹੁਤ ਮਨੋਰੰਜਨ ਕੀਤਾ ਅਤੇ ਦੱਸਣਯੋਗ ਹੈ ਕਿ ਲਗਭਗ 50 ਮੈਡਲ ਪਿਛਲੇ ਇਕ ਸਾਲ ਦੌਰਾਨ ਬੱਚਿਆਂ ਨੇ ਪ੍ਰਾਪਤ ਕੀਤੇ ਹਨ, ਜੋ ਕਿ ਸਾਡੇ ਸਕੂਲ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਉਹਨਾਂ ਸਭ ਦਾ ਧੰਨਵਾਦ ਕਰਦਿਆਂ ਅਤੇ ਮੁਬਾਰਕਾਂ ਦਿੰਦਿਆਂ ਮਾਸਟਰ ਨਿਤਿਨ ਸੁਮਨ ਅਤੇ ਮੈਡਮ ਰਮਨਦੀਪ ਕੌਰ ਜਿਨ੍ਹਾਂ ਨੇ ਐਨੀ ਮਿਹਨਤ ਨਾਲ ਪ੍ਰੋਗਰਾਮ ਤਿਆਰ ਕੀਤਾ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਸਮਾਜ ਸੇਵੀ ਰਾਮ ਲੁਭ-ਾਇਆ ਰਾਣਾ, ਮਾਸਟਰ ਕੁਲਵੰਤ ਪੰਡੋਰੀ, ਮਾਸਟਰ ਅਸ਼ਵਨੀ ਰਾਣਾ, ਮਾਸਟਰ ਮਨੋਜ ਸ਼ਰਮਾ, ਮਾਸਟਰ ਰਾਕੇਸ਼ ਕੁਮਾਰ ਚੱਢਾ ਅਤੇ ਸਮੂਹ ਨਗਰ ਨਿਵਾਸੀ ਹਾਜਰ ਸਨ।



# ਨਿਯੁਕਤੀ ਰੱਦ ਕਰਨ ਲਈ ਰਿਜਰਵੇਸ਼ਨ ਚੋਰ ਫੜੋ ਮੋਰਚੇ ਨੇ ਮੁੱਖ ਚੋਣ ਕਮਿਸ਼ਨਰ ਭਾਰਤ, ਰਾਜਪਾਲ ਅਤੇ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਲਿਖਿਆ ਪੱਤਰ

**ਫਗਵਾੜਾ (ਬੀ.ਕੇ.ਰੱਤੂ)** ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣ ਜਾਬਤੇ ਤੋ ਪਹਿਲਾਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦਾ ਚੇਅਰਮੈਨ ਲਗਾਉਣ ਸਮੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ 2004 ਦੇ ਕਾਲਮ 3.2 ਏ ਨੂੰ ਬਿਲਕੁਲ ਨਜਰ ਅੰਦਾਜ ਕਰਕੇ ਜਨਰਲ ਵਰਗ ਦੇ ਅਧਿਕਾਰੀ ਨੂੰ ਸਿਰਫ ਇਸ ਕਰਕੇ ਕਮਿਸ਼ਨ ਦਾ ਚੇਅਰਮੈਨ ਲਗਾਇਆ ਕਿ ਸਰਕਾਰ ਲੋਕ ਸਭਾ ਦੀਆਂ ਚੋਣਾਂ ਵਿੱਚ ਉਸ ਅਧਿਕਾਰੀ ਦੇ ਰਾਹੀ ਸੂਬੇ ਦੇ ਐਸ ਸੀ ਵਰਗ ਨੂੰ ਡਰਾ ਧਮਕਾ ਕੇ ਵੋਟਾਂ ਲੈ ਸਕੇ। ਇਹਨਾਂ ਸਬਦਾਂ ਦਾ ਪ੍ਰਗਟਾਵਾ



ਜਸਵੀਰ ਸਿੰਘ ਪਮਾਲੀ ਪ੍ਰਮੁੱਖ ਆਗੂ ਰਿਜਰਵੇਸ਼ਨ ਚੋਰ ਫੜੋ ਮੋਰਚਾ ਮੋਹਾਲੀ ਨੇ ਅੱਜ ਮੋਰਚੇ ਵੱਲੋਂ ਇਹ ਨਿਯੁਕਤੀ ਰੱਦ ਕਰਨ ਲਈ ਮੁੱਖ ਚੋਣ ਕਮਿਸ਼ਨਰ ਭਾਰਤ, ਰਾਜਪਾਲ ਪੰਜਾਬ ਅਤੇ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਲਿਖੇ ਪੱਤਰ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕੀਤਾ। ਮੋਰਚੇ ਦੇ ਆਗੂ ਪਮਾਲੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੂੰ ਸਵਾਲ ਕਰਦਿਆਂ ਕਿਹਾ ਕਿ ਕਿ ਜਦੋਂ ਐਕਟ ਵਿੱਚ ਇਹ ਸਪੱਸਟ ਕੀਤਾ ਗਿਆ ਹੈ ਕਿ ਇਸ ਕਮਿਸ਼ਨ ਦਾ ਚੇਅਰਮੈਨ ਸਿਰਫ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਿਤ ਹੀ ਹੋਣਾ ਚਾਹੀਦਾ ਹੈ ਫਿਰ ਇਸ ਆਹੁਦੇ ਲਈ ਜਨਰਲ ਅਧਿਕਾਰੀ ਨੂੰ ਕਿਉ ਚੁਣਿਆਂ ਗਿਆ? ਉਹਨਾਂ ਪੰਜਾਬ ਦੇ ਰਿਜਰਵ ਹਲਕਿਆਂ ਤੋ ਜਿੱਤ ਕੇ ਵਿਧਾਨ ਸਭਾ ਅੰਦਰ ਪਹੁੰਚੇ ਸੂਬੇ ਦੇ ਐਸ ਸੀ ਵਰਗ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕਾਂ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਅੱਜ ਸੂਬੇ ਅੰਦਰ ਜੇਕਰ ਅਨੁਸੂਚਿਤ ਜਾਤੀ ਵਰਗ ਮੁਸਕਿਲਾਂ ਅਤੇ ਪ੍ਰੇਸ਼ਾਨੀਆਂ ਨਾਲ ਘਿਰਿਆਂ ਹੋਇਆ ਹੈ ਤਾਂ ਉਹ ਇਹਨਾਂ ਰਾਖਵੇਂ ਹਲਕਿਆਂ ਵਾਲੇ ਵਿਧਾਇਕਾਂ ਦੀ ਬਦੌਲਤ ਹੈ ਜਿਹੜੇ ਵਿਧਾਨ ਸਭਾ ਦੇ ਅੰਦਰ ਅਤੇ ਸਰਕਾਰ ਦੇ ਸਾਹਮਣੇ ਘੁੱਗੂ ਬਣ ਕੇ ਖੜ੍ਹੇ ਹਨ। ਉਹਨਾ ਅੱਗੇ ਕਿਹਾ ਕਿ ਕਮਿਸ਼ਨ ਦੀ ਇਸ ਨਿਯੁਕਤੀ ਨੂੰ ਰੱਦ ਕਰਵਾਉਣ ਲਈ ਬਹੁਤ ਜਲਦ ਰਿਜਰਵੇਸ਼ਨ ਚੋਰ ਫੜੋ ਮੋਰਚੇ ਦੇ ਵਫਦ ਮੁੱਖ ਚੋਣ ਕਮਿਸ਼ਨਰ ਪੰਜਾਬ ਨੂੰ ਮਿਲਣ ਜਾ ਰਿਹਾ ਹੈ।

**– ਤਸਵੀਰ ਜਸਵੀਰ ਪਮਾਲੀ**

# ਮਜ਼ਦੂਰ ਯੂਨੀਅਨਾਂ ਵੱਲੋਂ ਪਹਿਲੀ ਮਈ ਨੂੰ ਲੁਧਿਆਣੇ ਵਿਖੇ ਮਜ਼ਦੂਰ ਦਿਹਾੜਾ ਕਾਨਫਰੰਸ ਕਰਨ ਦਾ ਐਲਾਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਕਾਰਖਾਨਾ ਮਜਦੂਰ ਯੂਨੀਅਨ, ਟੈਕਸਟਾਈਲ-ਹੌਜਰੀ ਕਾਮਗਾਰ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਨੁਮਾਇੰਦਿਆਂ ਨੇ ਮੀਟਿੰਗ ਕਰਕੇ ਪਹਿਲੀ ਮਈ ਨੂੰ ਕੌਮਾਂਤਰੀ ਮਜਦੂਰ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਹੈ। ਨੌਜਵਾਨ ਭਾਰਤ ਸਭਾ ਇਸ ਵਿੱਚ ਸਹਿਯੋਗੀ ਰੂਪ ਵਿੱਚ ਸ਼ਾਮਲ



ਹੋਵੇਗੀ। ਕਾਨਫਰੰਸ ਤਾਜਪੁਰ ਰੋਡ ਸਥਿਤ ਈ.ਡਬਲਿਊ.ਐਸ. ਕਲੋਨੀ ਵਿੱਚ ਟੈਕਸਟਾਈਲ-ਹੌਜਰੀ ਕਾਮਗਾਰ ਯੂਨੀਅਨ ਦੇ ਦਫਤਰ ਅੱਗੇ ਕੀਤੀ ਜਾਵੇਗੀ। ਮੀਟਿੰਗ ਵਿੱਚ ਕਾਰਖਾਨਾ ਮਜਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਅਤੇ ਸਕੱਤਰ ਕਲਪਨਾ, ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ ਜਗਦੀਸ਼ ਅਤੇ ਨੌਜਵਾਨ ਭਾਰਤ ਸਭਾ ਦੇ ਆਗੂ ਸੰਜੂ ਸ਼ਾਮਲ ਹੋਏ। ਆਗੂਆਂ ਨੇ ਕਿਹਾ ਕਿ ਮਈ ਦਿਹਾੜੇ ਦਾ ਇਨਕਲਾਬੀ ਸੁਨੇਹਾ ਅਤੇ ਮਜਦੂਰ ਦਿਹਾੜਾ ਕਾਨਫਰੰਸ ਦਾ ਸੱਦਾ ਵਿਆਪਕ ਮਜਦੂਰ-ਕਿਰਤੀ ਅਬਾਦੀ ਤੱਕ ਪਹੁੰਚਾਉਣ ਲਈ ਜਥੇਬੰਦੀਆ ਵੱਲੋਂ ਅਪ੍ਰੈਲ ਮਹੀਨੇ ਸੰਘਣੀ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ। ਹਜ਼ਾਰਾਂ ਦੀ ਗਿਣਤੀ ਵਿੱਚ ਪਰਚਾ ਪੋਸਟਰ ਛਾਪਿਆ ਜਾਵੇਗਾ। ਵੱਖ-ਵੱਖ ਇਲਾਕਿਆਂ ਵਿੱਚ ਮੀਟਿੰਗਾਂ, ਨੁੱਕੜ ਸਭਾਵਾਂ ਕੀਤੀਆਂ ਜਾਣਗੀਆਂ। ਉਹਨਾਂ ਨੇ ਕਿਹਾ ਉਹਨਾਂ ਲਈ ਮਈ ਦਿਨ ਮਨਾਉਣਾ ਕੋਈ ਰਸਮ ਪੂਰਤੀ ਨਹੀਂ ਹੈ। ਪਹਿਲੀ ਮਈ ਨੂੰ ਸਾਰੇ ਸੰਸਾਰ ਵਿੱਚ ਕੌਮਾਂਤਰੀ ਮਜਦੂਰ ਦਿਹਾੜੇ ਮੌਕੇ ਇਕੱਠੇ ਹੋ ਕੇ ਮਜਦੂਰ ਸ਼ਿਕਾਗੋ ਦੇ ਮਜਦੂਰ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਮਜਦੂਰ ਜਮਾਤ ਦੀ ਸਰਮਾਏਦਾਰ ਜਮਾਤ ਹੱਥੋਂ ਗੁਲਾਮੀ ਤੋਂ ਮੁਕਤੀ ਦਾ ਸੰਘਰਸ਼ ਅੱਗੇ ਵਧਾਉਣ ਦੇ ਸੰਕਲਪ ਲੈਣਗੇ। ਕੌਮਾਂਤਰੀ ਮਜਦੂਰ ਦਿਵਸ ਦੀ ਇਹ ਸਿੱਖਿਆ ਹੈ ਕਿ ਮਜੂਦਰ ਜਮਾਤ ਦੀ ਮੁਕਤੀ ਖੁਦ ਮਜਦੂਰ ਜਮਾਤ ਹੱਥੋਂ ਹੋਣੀ ਹੈ। ਇਸ ਦਿਨ ਦੀ ਇਨਕਲਾਬੀ ਵਿਰਾਸਤ ਮਜਦੂਰਾਂ ਨੂੰ ਦੇਸ਼, ਕੌਮ, ਜਾਤ, ਧਰਮ, ਨਸਲ ਆਦਿ ਵੰਡੀਆਂ ਨੂੰ ਨਕਾਰ ਕੇ ਜਮਾਤੀ ਤੌਰ ਉੱਤੇ ਇਕਮੁੱਠ ਹੋ ਕੇ ਲੋਟੂ, ਮਨੁੱਖ ਦੋਖੀ ਮੌਜੂਦਾ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੇ ਖਾਤਮੇ ਲਈ ਸੰਘਰਸ ਤੇਜ ਕਰਨ ਦੀ ਪ੍ਰੇਰਣਾ ਦਿੰਦੀ ਹੈ। ਮਜਦੂਰ ਆਗੂਆਂ ਨੇ ਕਿਹਾ ਕਿ ਮੌਜੂਦਾ ਸੰਸਾਰ ਹਾਲਤਾਂ ਵਿੱਚ ਜਦ ਸਰਮਾਏਦਾਰਾ-ਸਾਮਰਾਜੀ ਲੁੱਟ ਪਹਿਲਾਂ ਦੇ ਕਿਸੇ ਵੀ ਸਮੇਂ ਤੋਂ ਕਿਤੇ ਵਧੇਰੇ ਤਿੱਖੀ ਹੋ ਚੁੱਕੀ ਹੈ ਉਸ ਸਮੇਂ ਕੌਮਾਂਤਰੀ ਮਜਦੂਰ ਦਿਹਾੜੇ ਦਾ ਮਹੱਤਵ ਬਹੁਤ ਵਧ ਜਾਂਦਾ ਹੈ। ਉਹਨਾਂ ਮਈ ਦਿਨ ਦੀ ਮਹਾਨ ਵਿਰਾਸਤ ਤੇ ਸਿੱਖਿਆਵਾਂ ਤੋਂ ਮਜਦੂਰਾਂ ਨੂੰ ਜਾਣੂ ਕਰਾਉਂਦੇ ਹੋਏ ਪੂਰੇ ਇਨਕਲਾਬੀ ਜੋਸ਼-ਖਰੋਸ਼ ਨਾਲ਼ ਮਜਦੂਰਾਂ ਦੇ ਸਭ ਤੋਂ ਵੱਡੇ ਤਿਓਹਾਰ ਨੂੰ ਮਨਾਉਣ ਦਾ ਸੱਦਾ ਦਿੱਤਾ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ



**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਵਿਸ਼ੇਸ਼ ਤੌਰ ਤੇ ਜਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰ ਪਹੁਚੇ। ਇਸ ਦੌਰਾਨ ਜਥੇਬੰਦੀ ਵੱਲੋਂ ਬਲਾਕ ਸੜੋਆ ਦੇ ਡਾਕਟਰ ਸਾਥੀਆਂ ਨੇ ਡਾਕਟਰ ਬੀ ਆਰ ਅੰਬੇਡਕਰ ਦਾ ਜਨਮ ਦਿਨ 14 ਅਪ੍ਰੈਲ ਨੂੰ ਆ ਰਿਹਾ ਹੈ। ਇਹ ਮੀਟਿੰਗ ਡਾਕਟਰ ਬੀ ਆਰ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਉਨ੍ਹਾਂ ਦੇ ਵਿਚਾਰਾ ਨੂੰ ਪੜੋ ਜੁੜੋ ਅਤੇ ਸੰਘਰਸ਼ ਕਰਨ ਦਾ ਨਾਅਰਾ ਘਰ ਘਰ ਪਹੁੰਚਾਉਣਾ ਦਾ ਅਹਿਦ ਕੀਤਾ ਗਿਆ। ਇਸ ਦੌਰਾਨ ਵੱਖ ਵੱਖ ਸਮੇਂ ਤੇ ਸਰਕਾਰਾਂ ਨੂੰ ਜੋ ਆਪਣੀਆ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਗਏ ਵਾਰੇ ਬੋਲਦਿਆਂ ਕਿਹਾ ਕਿ ਸਰਕਾਰ ਨੂੰ ਸਾਡੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਕਰੇ ਨਹੀਂ ਤਾਂ ਆਉਣ ਵਾਲੀਆਂ ਵੋਟਾਂ ਵਿੱਚ ਇਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਨਾ ਪੈ ਸਕਦਾ ਹੈ। ਇਸ ਦੌਰਾਨ ਹਾਜ਼ਰ ਹੋਏ ਡਾਕਟਰ ਅਮਰਜੀਤ ਖਰੌੜ, ਡਾਕਟਰ ਜਤਿੰਦਰ ਸਿੰਘ, ਡਾਕਟਰ ਸੁਰਿੰਦਰ ਨੌਰਦ, ਡਾਕਟਰ ਹੰਸ ਰਾਜ, ਡਾਕਟਰ ਜੋਗ ਰਾਜ, ਡਾਕਟਰ ਰਾਕੇਸ਼ ਕੁਮਾਰ, ਡਾਕਟਰ ਹੈਪੀ, ਡਾਕਟਰ ਜਗਤਾਰ ਸਿੰਘ, ਡਾਕਟਰ ਪ੍ਰੇਮ ਲਾਲ, ਡਾਕਟਰ ਸ਼ੇਰ ਸਿੰਘ, ਡਾਕਟਰ ਜਗਜੀਵਨ ਰਾਮ ਪ੍ਰੈਸ ਸਕੱਤਰ ਤੇ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ।

# ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਵੱਲੋਂ ਸਵੀਪ ਗਤੀਵਿਧੀਆਂ ਤਹਿਤ ਜਾਗਰੁਕਤਾ ਰੈਲੀ ਕੀਤੀ

**ਧੂਰੀ, (ਦਲਜੀਤ ਕੌਰ)** ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਵੱਲੋਂ ਸਵੀਪ ਨੋਡਲ ਅਫਸਰ ਧੂਰੀ 107 ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੋਟਰਾਂ ਨੂੰ ਵੱਧ ਚੜ੍ਹ ਕੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਆਪਣੇ ਮੱਤ ਦਾ ਇਸਤੇਮਾਲ ਕਰਨ ਲਈ ਜਾਗਰੂਕ ਕਰਨ ਦੇ ਉਦੇਸ਼ ਨਾਲ ਪਿੰਡ ਬੇਨੜਾ ਵਿਖੇ ਰੈਲੀ ਕੀਤੀ ਗਈ। ਇਸ ਰੈਲੀ ਨੂੰ ਕਾਲਜ ਕੈਂਪਸ ਤੋਂ ਡਾ। ਸੁਭਾਸ਼ ਕੁਮਾਰ ਨੇ ਰਵਾਨਾ ਕੀਤਾ। ਇਹ ਰੈਲੀ ਪਿੰਡ ਬੇਨੜਾ ਤੋਂ ਹੁੰਦੀ ਹੋਈ ਵਾਪਸ ਕਾਲਜ




ਕੈਂਪਸ ਵਿਖੇ ਪਹੁੰਚ ਕੇ ਸਮਾਪਤ ਕੀਤੀ ਗਈ। ਇਸ ਸਮੇਂ ਵਿਦਿਆਰਥੀਆਂ ਦੇ ਨਾਲ ਕਾਲਜ ਸਵੀਪ ਨੋਡਲ ਅਫਸਰ ਡਾ. ਕਰਮਜੀਤ ਸਿੰਘ ਤੇ ਇੰਜ: ਵਰਿੰਦਰ ਕੁਮਾਰ ਸਿੰਗਲਾ ਤੋਂ ਇਲਾਵਾ ਡਾ. ਭੁਪਿੰਦਰ ਸਿੰਘ, ਪ੍ਰੋ. ਦੀਪਕ ਸਿੰਘ, ਪ੍ਰੋ. ਅਵਨੀਤ ਸਿੰਘ, ਡਾ. ਰਵੀਦਿੱਤ ਸਿੰਘ ਅਤੇ ਸੀਨੀਅਰ ਸਹਾਇਕ ਸ। ਮਲਕੀਤ ਸਿੰਘ ਨੇ ਸ਼ਮੂਲੀਅਤ ਕੀਤੀ।

# ਵੋਟਰਾਂ ਨੂੰ ਜਾਗਰੂਕ ਕਰਨ ਦੀ ਵਿਲੱਖਣ ਕੋਸ਼ਿਸ਼, ਬੱਸਾਂ 'ਤੇ ਚੜ੍ਹ ਕੇ ਡਫਲੀ ਵਜਾ ਕੇ ਕੀਤਾ ਵੋਟਰਾਂ ਨੂੰ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਵਿਚ ਪੂਰੇ ਜ਼ਿਲੇ ਵਿਚ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਹਰੇਕ ਵਿਧਾਨ ਸਭਾ ਖੇਤਰ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਹਾਇਕ ਰਿਟਰਨਿੰਗ ਅਧਿਕਾਰੀਆਂ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਲੜੀ ਵਿਚ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਨੇ ਇਕ ਅਲੱਗ ਅੰਦਾਜ਼ ਵਿਚ ਵੋਟ ਜਾਗਰੂਕਤਾ ਦੀ ਅਲਖ ਜਗਾਈ ਹੈ। ਉਨ੍ਹਾਂ ਬੱਸ ਸਟੈਂਡ ਹੁਸ਼ਿਆਰਪੁਰ ਵਿਚ ਜਿਥੇ ਪੰਜਾਬ ਰੋਡਵੇਜ਼ ਦੇ ਕਰਮਚਾਰੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਦੀ ਅਪੀਲ ਕੀਤੀ ਉਥੇ ਬੱਸ ਸਟੈਂਡ 'ਤੇ ਸਵਾਰੀਆਂ ਨੂੰ ਵੀ ਅਨੋਖੇ ਅੰਦਾਜ਼ ਵਿਚ ਵੋਟ ਪ੍ਰਤੀ ਜਾਗਰੂਕ ਕੀਤਾ। ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਨੇ ਵੱਖ-ਵੱਖ ਬੱਸਾਂ 'ਚ ਚੜ੍ਹ ਕੇ



ਨਾਟਕੀ ਅੰਦਾਜ਼ ਵਿਚ ਡਫਲੀ ਵਜਾ ਕੇ ਸਵਾਰੀਆਂ ਨੂੰ 1 ਜੂਨ 2024 ਨੂੰ ਆਪਣੇ ਵੋਟ ਦੇ ਅਧਿਕਾਰ ਦਾ ਜ਼ਰੂਰ ਪ੍ਰਯੋਗ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਵੋਟ ਪਾਉਣ ਦਾ ਪ੍ਰਣ ਵੀ ਦਿਵਾਇਆ। ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਵੱਲੋਂ ਵੋਟ ਜਾਗਰੂਕਤਾ ਲਈ ਅਪਣਾਇਆ ਗਿਆ ਇਹ ਅਨੋਖਾ ਅੰਦਾਜ਼ ਸਾਰੇ ਯਾਤਰੀਆਂ ਨੇ ਪਸੰਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਹ 1 ਜੂਨ 2024 ਨੂੰ ਆਪਣੇ ਵੋਟ ਦਾ ਜ਼ਰੂਰ ਪ੍ਰਯੋਗ ਕਰਨਗੇ। ਪ੍ਰੀਤ ਕੋਹਲੀ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਲਗਾਤਾਰ ਜਾਰੀ ਹਨ ਅਤੇ ਇਨ੍ਹਾਂ ਗਤੀਵਿਧੀਆਂ ਰਾਹੀਂ ਹਰ ਵਰਗ ਤੱਕ ਪਹੁੰਚਿਆ ਜਾ ਰਿਹਾ ਹੈ, ਤਾਂ ਜੋ ਲੋਕ ਸਭਾ ਚੋਣਾਂ 2024 ਦੌਰਾਨ ਜ਼ਿਲ੍ਹੇ ਵਿਚ ਮਤਦਾਨ ਪ੍ਰਤੀਸ਼ਤ ਨੂੰ ਵੱਧ ਤੋਂ ਵੱਧ ਵਧਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਵਿਧਾਨ ਸਭਾ ਖੇਤਰ ਦੇ ਵੀ ਸਵੀਪ ਨੋਡਲ ਅਫ਼ਸਰ ਵੱਖ-ਵੱਖ ਸਥਾਨਾਂ 'ਤੇ ਜਾ ਕੇ ਲੋਕਾਂ ਨੂੰ ਵੋਟ ਜਾਗਰੂਕਤਾ ਦੇ ਪ੍ਰਤੀ ਜਾਗਰੂਕ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਵੋਟਰਾਂ ਨੂੰ ਜਾਗਰੂਕ ਕਰਨ ਦੇ ਵੱਖ-ਵੱਖ ਯਤਨਾਂ ਦਾ ਸਕਾਰਾਤਮਕ ਨਤੀਜੇ ਆਉਣਗੇ।

# ਦਸ਼ਮੇਸ਼ ਡਾਇਮੰਡ 'ਤੇ ਯੁਵਕ ਸੇਵਾਵਾਂ ਕਲੱਬ ਵਲੋਂ ਦੂਸਰਾ ਕਵੀ ਦਰਬਾਰ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਦਸ਼ਮੇਸ਼ ਡਾਇਮੰਡ ਅਤੇ ਯੁਵਕ ਸੇਵਾਵਾਂ ਕਲੱਬ ਧਾਲੀਵਾਲ ਵੱਲੋਂ ਜਥੇਦਾਰ ਵਿਜੇ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡ ਧਾਲੀਵਾਲ ਵਿਖੇ ਦੂਸਰਾ ਮਹਾਨ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਦੇ ਉੱਘੇ ਕਵੀ, ਸ਼ਾਇਰ ਅਤੇ ਸਾਹਿਤਿਕ ਪ੍ਰੇਮੀਆਂ ਨੇ ਵੱਧ ਚੜ ਕੇ ਭਾਗ ਲਿਆ। ਇਸ ਮੌਕੇ ਜਥੇਦਾਰ ਵਿਜੇ ਸਿੰਘ ਧਾਲੀਵਾਲ ਦੀ ਚੌਥੀ ਕਿਤਾਬ "ਮੋਹ ਦੀਆਂ ਤੰਦਾਂ" ਉੱਘੇ ਸਮਾਜ ਸੇਵੀ ਡਾ। ਹਰਜਿੰਦਰ ਸਿੰਘ ਉਬਰਾਏ ਅਤੇ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਧਾਲੀਵਾਲ ਦੇ ਸਰਪ੍ਰਸਤ ਜਥੇਦਾਰ ਕੁਲਬੀਰ ਸਿੰਘ ਬੈਂਸ ਵੱਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤੀ ਗਈ।

ਸਮਾਗਮ ਦੌਰਾਨ ਬੋਲਦਿਆਂ ਸਕੂਲ ਬੱਸ ਆ-



ਪਰੇਟਰ ਯੂਨੀਅਨ ਪੰਜਾਬ ਦੇ ਕੌਮੀ ਪ੍ਰਧਾਨ ਸੁਖਮਨ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹੇ ਸਾਹਿਤਿਕ ਪ੍ਰੋਗਰਾਮ ਹਰੇਕ ਪਿੰਡ ਵਿੱਚ ਹੋਣੇ ਚਾਹੀਦੇ ਹਨ ਤਾਂ ਜੋ ਸਾਡੀ ਆਉਣ ਵਾਲੀ ਪੀੜੀ ਨੂੰ ਵੀ ਸਾਹਿਤ ਦੀ ਚੇਟਕ ਲੱਗ ਸਕੇ। ਇਸ ਮੌਕੇ ਹਾਜਰ ਕਵੀਆਂ ਸੁਖਜੀਤ ਝਾਸਾਂਵਾਲਾ, ਹੇਮਰਾਜ ਸ਼ਰਮਾ, ਪ੍ਰੋਫੈਸਰ ਬਲਰਾਜ, ਮੁਖਤਿਆਰ ਸਿੰਘ ਬੱਲ ਅਤੇ ਰੋਮੀ ਦਿਵਗੁਣ ਨੇ ਸਮਾਜ ਦੇ ਵੱਖ ਵੱਖ ਪਹਿਲੂਆਂ ਨੂੰ ਛੂੰਹਦੀਆਂ ਭਾਵੁਕ, ਹਾਸ-ਰਸ ਅਤੇ ਵੀਰਤਾ ਭਰੀਆਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਆਏ ਹੋਏ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾ ਸਿੰਘ ਭੱਕਲਾ, ਅਵਤਾਰ ਸਿੰਘ, ਰਜਿੰਦਰਪਾਲ ਸਿੰਘ ਹੈਪੀ, ਕਰਨੈਲ ਸਿੰਘ ਸੈਣੀ, ਗਗਨਪ੍ਰੀਤ ਸਿੰਘ, ਨਰੇਸ਼ ਸੈਣੀ, ਸਰਪੰਚ ਨੀਲਮ ਧਾਲੀਵਾਲ, ਬੀਬੀ ਸੁਰਿੰਦਰ ਕੌਰ, ਬੀਬੀ ਕੁਲਦੀਪ ਕੌਰ, ਇੰਦਰਜੀਤ ਕੌਰ, ਕੁਲਵਿੰਦਰ ਕੌਰ, ਬਲਵਿੰਦਰ ਕੌਰ, ਕੁਲਵੰਤ ਕੌਰ, ਨਵਜੀਤ ਕੌਰ, ਅਮਨਦੀਪ ਕੌਰ ਆਦਿ ਸਮੇਤ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਸਾਹਿਤ ਸਭਾ ਵਲੋਂ ਕਾਵਿ ਪੁਸਤਕ "ਮੋਹ ਦੀਆਂ ਰਿਸ਼ਮਾਂ" ਦਾ ਲੋਕ ਅਰਪਣ ਅਤੇ ਗੋਸ਼ਟੀ

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਰਬਿੰਦਰ ਸ਼ਰਮਾ ਦੀ ਪਲੇਠੀ ਕਾਵਿ ਪੁਸਤਕ "ਮੋਹ ਦੀਆਂ ਰਿਸ਼ਮਾਂ" ਦਾ ਲੋਕ ਅਰਪਣ ਅਤੇ ਗੋਸ਼ਟੀ ਸਬੰਧੀ ਸਮਾਗਮ ਰਚਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਵਿੱਚ ਮੁਖ ਮਹਿਮਾਨ ਵਜੋਂ ਡਾ. ਰੌਣਕੀ ਰਾਮ ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿਸ਼ੇਸ਼ ਮਹਿਮਾਨ ਗ਼ਜ਼ਲਗੋ ਜਸਪਾਲ ਧਾਮੀ, ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ, ਰਬਿੰਦਰ ਸ਼ਰਮਾ, ਜਸਬੀਰ ਧੀਮਾਨ ਅਤੇ ਡਾ. ਜਸਵੰਤ ਰਾਏ ਨੇ ਸ਼ਿਰਕਤ ਕੀਤੀ।ਜੀ ਆਇਆਂ ਸ਼ਬਦ ਆਖਦਿਆਂ ਸਾਹਿਤ ਸਭਾ ਦੇ ਮੁਖ ਸਲਾਹਕਾਰ ਮਦਨ ਵੀਰਾ ਨੇ ਰਬਿੰਦਰ ਸ਼ਰਮਾ ਦੀ ਸ਼ਾਇਰੀ ਨੂੰ ਸੱਤਿਅਮ, ਸ਼ਿਵਮ, ਸੁੰਦਰਮ ਦੇ ਭਾਵਾਂ ਵਾਲੀ ਸ਼ਾਇਰੀ ਕਹਿੰਦਿਆਂ ਪੰਜਾਬੀ ਸਾਹਿਤ ਜਗਤ ਵਿੱਚ ਇਸ ਪੁਸਤਕ ਦਾ ਸਵਾਗਤ ਕੀਤਾ। ਪੁਸਤਕ ਲੋਕ ਅਰਪਣ ਕਰਨ ਉਪਰੰਤ ਕਵੀ ਰਬਿੰਦਰ ਸ਼ਰਮਾ ਨੇ ਪੁਸਤਕ ਵਿੱਚੋਂ ਪੰਜ ਕਵਿਤਾਵਾਂ ਦਾ ਪਾਠ ਕੀਤਾ। ਡਾ. ਰੌਣਕੀ ਰਾਮ ਨੇ ਰਬਿੰਦਰ ਸ਼ਰਮਾ ਦੀ ਸ਼ਾਇਰੀ ਬਾਰੇ ਵਿਸਤਾਰ ਨਾਲ ਗੱਲ ਕਰਦਿਆਂ ਕਿਹਾ ਕਿ ਕਵੀ ਦੀ ਪਛਾਣ ਦਾ ਅਸਲ ਦੁਆਰ ਉਸਦੀ ਕਵਿਤਾ ਹੈ। ਕਵੀ ਨੂੰ ਕਵਿਤਾ ਰਾਹੀਂ



ਹੀ ਮਿਲਿਆ ਜਾ ਸਕਦਾ ਹੈ। ਕਵਿਤਾ ਲਈ ਬੁਧੀ ਅਤੇ ਭਾਵਾਂ ਦੀ ਲੋੜ ਹੁੰਦੀ ਹੈ। ਦੂਜੀ ਗੱਲ ਬੁੱਧੀ ਦਾ ਵਿਦਿਆ ਨਾਲ ਕੋਈ ਸਬੰਧ ਨਹੀਂ ਹੁੰਦਾ। ਰਬਿੰਦਰ ਦੀ ਕਵਿਤਾ ਸਮਾਜਿਕ ਅਤੇ ਆਰਥਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਡਾ. ਕਰਮਜੀਤ ਸਿੰਘ ਅਤੇ ਜਸਪਾਲ ਧਾਮੀ ਨੇ ਮੋਹ ਦੀਆਂ ਰਿਸ਼ਮਾਂ ਨੂੰ ਪ੍ਰਗੀਤਕ ਰੰਗ ਵਾਲੀ ਠੇਠ ਪੰਜਾਬੀ ਮੁਹਾਵਰੇ ਵਿੱਚ ਗੜੁਚ ਕਵਿਤਾ ਦੱਸਦਿਆਂ ਕਿਹਾ ਕਿ ਇਹ ਸਮਾਜ ਦੀ ਨਪੀੜੀ ਜਾ ਰਹੀ ਧਿਰ ਦੇ ਨਾਲ ਖੜ੍ਹਨ ਵਾਲੀ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਸ਼ਾਇਰੀ ਹੈ। ਵਿਚਾਰ ਚਰਚਾ ਵਿੱਚ ਡਾ. ਸ਼ਮਸ਼ੇਰ ਮੋਹੀ, ਡਾ. ਤੇਜਪਾਲ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ, ਲੇਖਕ ਵਿਜੇ ਬੰਬੇਲੀ, ਮੈਡਮ ਸੈਕੁੰਸ਼ ਨੇ ਵੀ ਹਿੱਸਾ ਲਿਆ। ਸਾਹਿਤ ਸਭਾ ਵੱਲੋਂ ਡਾ. ਰੌਣਕੀ ਰਾਮ, ਜਸਪਾਲ ਧਾਮੀ, ਰਬਿੰਦਰ ਸ਼ਰਮਾ ਅਤੇ ਵਿਜੇ ਬੰਬੇਲੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ। ਇਸ ਸਮੇਂ ਸੁਰਿੰਦਰ ਕੰਗਵੀ, ਸਤੀਸ਼ ਕੁਮਾਰ, ਲੈਕ. ਲਖਵਿੰਦਰ ਰਾਮ, ਰਜਿੰਦਰ ਸੱਚਦੇਵਾ, ਤੀਰਥ ਚੰਦ ਸਰੋਆ, ਡਾ. ਅਜੀਤ ਸਿੰਘ ਜੱਬਲ, ਸਰਜਾ ਰਾਣੀ, ਮਨਜੀਤ ਕੌਰ, ਪਰਮਜੀਤ ਕੌਰ, ਰਾਜਨ ਸ਼ਰਮਾ, ਅਨਿਕੇਤ, ਕੁਲਭੂਸ਼ਨ, ਸੁਨੀਲ ਕੁਮਾਰ, ਰਾਕੇਸ਼ ਕੁਮਾਰ, ਬਬੀਤਾ ਸ਼ਰਮਾ, ਮੇਘਾ, ਅਭਿਸ਼ੇਕ ਪਰਾਸ਼ਰ, ਰੀਟਾ ਸ਼ਰਮਾ, ਦੀਨੇਸ਼ ਤਿਵਾੜੀ, ਨਵੀਨ ਕਾਲੀਆ, ਉਂਕਾਰ ਸਿੰਘ, ਜਸਵੰਤ ਸਿੰਘ ਬੱਧਣ, ਗੁਰਪ੍ਰੀਤ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (98158-25999)**
**ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ,**
**ਹੁਸ਼ਿਆਰਪੁਰ**

# ਸਾਹਿਬ ਕਾਂਸ਼ੀ ਰਾਮ ਜੀ ਦੇ ਸੰਘਰਸ਼ ਸਦਕਾ ਅਣਗੌਲਿਆ ਵਰਗ ਰਾਜ ਭਾਗ ਦੇ ਸੁਪਨੇ ਲੈਣ ਲੱਗਾ- ਸੁਨੀਤਾ ਰਾਣੀ

**ਨਿਹਾਲ ਸਿੰਘ ਵਾਲਾ (ਸਤਨਾਮ ਸਿੰਘ ਸਹੂੰਗੜਾ)-** ਬਹੁਜਨ ਸਮਾਜ ਪਾਰਟੀ ਹਲਕਾ ਨਿਹਾਲ ਸਿੰਘ ਵਾਲਾ ਤੇ ਹਲਕਾ ਬਾਘਾਪੁਰਾਣਾ ਜ਼ਿਲ੍ਹਾ ਮੋਗਾ ਦੇ ਸੀਨੀਅਰ ਕਾਰਜਕਰਤਾਵਾਂ ਤੇ



ਆਗੂਆਂ ਵਲੋਂ ਸਮਾਜਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਮੁੱਦਈ ਬਹੁਜਨ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਹਾੜੇ ਨੂੰ ਸਮਰਪਤ ਕੇਡਰ ਕੈਂਪ ਆਯੋਜਿਤ ਕੀਤੇ ਗਏ। ਜਿਨ੍ਹਾਂ ਵਿਚ ਸਾਹਿਬ ਕਾਂਸ਼ੀ ਰਾਮ ਜੀ ਦੀ ਲਹਿਰ ਨਾਲ ਬਾਲ ਅਵਸਥਾ ਤੋਂ ਸਮਰਪਿਤ ਭਾਵਨਾ ਨਾਲ ਜੁੜੀ ਬਸਪਾ ਆਗੂ ਬੀਬੀ ਸੁਨੀਤਾ ਰਾਣੀ ਮੋਗਾ ਮੁੱਖ ਮਹਿਮਾਨ ਵਜੋਂ ਪੁੱਜੇ। ਉਹਨਾਂ ਵਲੋਂ ਦਲਿਤ ਸ਼ੋਸ਼ਿਤ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਜੀ ਦੇ ਜ਼ਿੰਦਗੀ ਭਰ ਕੀਤੇ ਗਏ ਸੰਘਰਸ਼ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਉਹਨਾਂ ਨੇ ਦੱਸਿਆ ਕਿ ਸਾਹਿਬ ਨੇ ਸਾਈਕਲ ਤੇ ਘੁੰਮ ਘੁੰਮ ਕੇ ਪੂਰੇ ਦੇਸ਼ ਦੇ ਕੋਨੇ ਕੋਨੇ ਵਿਚ ਬਹੁਜਨ ਸਮਾਜ ਨੂੰ ਆਪਣੇ ਵੋਟ ਦੀ ਤਾਕਤ ਤੋਂ ਜਾਣੂ ਕਰਵਾਇਆ ਅਤੇ ਅਣਗੌਲ਼ੇ ਲੋਕਾਂ ਵਿਚ ਰਾਜਨੀਤਕ ਚੇਤਨਾ ਦਾ ਸੰਚਾਰ ਕੀਤਾ। ਜਿਸ ਕਰਕੇ ਸੜਕ ਦੇ ਕਿਨਾਰੇ ਬੈਠੇ ਮੋਚੀ ਤੋਂ ਲੈਕੇ ਢੂਹੀ ਤੇ ਬੋਰੀਆਂ ਚੁੱਕਣ ਵਾਲੇ ਮਜ਼ਦੂਰ ਵੀ ਰਾਜ ਭਾਗ ਦੇ ਸੁਪਨੇ ਲੈਣ ਲੱਗੇ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਵਿਚ ਬਹੁਜਨਾਂ ਦੀ ਸਰਕਾਰ ਬਣਾਕੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ। ਬੀਬੀ ਸੁਨੀਤਾ ਰਾਣੀ ਮੋਗਾ ਨੇ 2024 ਵਿਚ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਹਥ ਮਜ਼ਬੂਤ ਕਰਨ ਦੀ ਅਪੀਲ ਕੀਤੀ ਗਈ।

ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਸੇਵਕ ਸਿੰਘ ਮਾਣੂਕੇ, ਸੰਪੂਰਨ ਸਿੰਘ ਪੱਤੋ, ਜੋਰਾ ਸਿੰਘ ਭੰਗਾ, ਸ਼ਿੰਗਾਰਾ ਸਿੰਘ ਰਣਸੀਂਹ ਕਲਾਂ, ਰੂਪ ਸਿੰਘ ਰਣਸੀਂਹ ਖੁਰਦ, ਗੁਰਜੰਟ ਸਿੰਘ ਖਾਲਸਾ ਸੈਦੋਕੇ, ਇੰਦਰਜੀਤ ਸਿੰਘ ਸੇਖਾ, ਸੁਖਦੇਵ ਸਿੰਘ ਸੰਗਤਪੁਰਾ, ਬਲਵਿੰਦਰ ਸਿੰਘ ਬਾਘਾਪੁਰਾਣਾ, ਰਾਜਪਾਲ ਸਿੰਘ, ਸੁਖਦੇਵ ਸਿੰਘ ਖਾਲਸਾ ਸੇਖਾ ਖੁਰਦ,ਕਰਨੈਲ ਸਿੰਘ ਕਾਲੇਕੇ, ਸਰਵਣ ਸਿੰਘ ਕਾਲੇਕੇ, ਪ੍ਰੀਤਮ ਸਿੰਘ ਬੀ ਏ ਬਾਘਾਪੁਰਾਣਾ ਤੇ ਹੋਰ ਆਗੂ ਹਾਜ਼ਰ ਸਨ।

# ਸੀ ਪੀ ਆਈ ਪੰਜਾਬ ਦੀ ਦੋ ਰੋਜ਼ਾ ਸਕੱਤਰੇਤ, ਕਾਰਜਕਾਰਨੀ ਤੇ ਸੂਬਾ ਕੌਂਸਲ ਦੀ ਮੀਟਿੰਗ

**ਜਲੰਧਰ-**ਸੀ ਪੀ ਆਈ ਪੰਜਾਬ ਦੀ ਦੋ ਰੋਜ਼ਾ ਸਕੱਤਰੇਤ, ਕਾਰਜਕਾਰਨੀ ਤੇ ਸੂਬਾ ਕੌਂਸਲ ਦੀ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾ ਸਕੱਤਰ



ਬੰਤ ਸਿੰਘ ਬਰਾੜ ਤੋਂ ਇਲਾਵਾ ਸਕੱਤਰੇਤ ਮੈਂਬਰ ਹਰਦੇਵ ਸਿੰਘ ਅਰਸ਼ੀ, ਜਗਰੂਪ, ਪਿਰਥੀਪਾਲ ਸਿੰਘ ਮਾੜੀਮੇਘਾ, ਅਮਰਜੀਤ ਸਿੰਘ ਆਸਲ, ਬਲਦੇਵ ਸਿੰਘ ਨਿਹਾਲਗੜ੍ਹ, ਨਰਿੰਦਰ ਕੌਰ ਸੋਹਲ, ਦੇਵੀ ਕੁਮਾਰੀ ਤੇ ਕਸ਼ਮੀਰ ਸਿੰਘ ਗਦਾਈਆ ਹਾਜ਼ਰ ਸਨ। ਮੀਟਿੰਗ ਨੇ ਫੈਸਲਾ ਕੀਤਾ ਗਿਆ ਕਿ ਬੀ ਜੇ ਪੀ ਦੀ ਫਿਰਕੂ ਤੇ ਦੇਸ਼ ਨੂੰ ਵੰਡਣ ਵਾਲੀ ਨੀਤੀ ਨੂੰ ਹਰਾਉਣ ਅਤੇ ਹਰੇਕ ਮਨੁੱਖ ਲਈ ਰੁਜ਼ਗਾਰ, ਮੁਫ਼ਤ ਵਿਦਿਆ, ਸਿਹਤ , ਘਰ ,ਕਿਸਾਨਾਂ ਦੇ ਕਰਜ਼ੇ ਮੁਆਫ਼, ਐਮ ਐਸ ਪੀ ਪੂਰਨ ਰੂਪ ਵਿਚ ਲਾਗੂ ਕਰਨ, ਦਲਿਤਾਂ ਤੇ ਔਰਤਾਂ ਤੇ ਹਮਲੇ ਜਿਵੇਂ ਬਿਲਕਿਸ ਬਾਨੋ ਅਤੇ ਮਨੀਪੁਰ ਵਾਪਰਿਆ ਹੈ ਇੰਨਾਂ ਮੁੱਦਿਆਂ ਨੂੰ ਲੈ ਚੋਣ ਮੈਦਾਨ ਵਿੱਚ ਨਿੱਤਰੇਗੀ। ਸੀ ਪੀ ਆਈ ਲੋਕਾਂ ਨੂੰ ਅਪੀਲ ਕਰਦੀ ਹੈ ਉਹ ਚੋਣਾਂ ਸੀ ਪੀ ਆਈ ਦਾ ਸਾਥ ਦੇਣ। ਬੀ ਜੇ ਪੀ ਤੇ ਆਰ ਐਸ ਐਸ ਨੇ ਪਹਿਲਾਂ ਦੇਸ਼ ਵਿੱਚ ਗਰੀਬੀ, ਬੇਰੁਜ਼ਗਾਰੀ ਤੇ ਭੁੱਖਮਰੀ ਫੈਲਾਈ ਹੈ ਤੇ ਫਿਰ ਇੰਨਾਂ ਅਲਾਮਤਾਂ ਦਾ ਫਾਇਦਾ ਲੈ ਕੇ ਕੁੱਝ ਫਿਰਕੂ, ਗੁੰਡਿਆਂ ਤੇ ਬਦਮਾਸ਼ਾਂ ਵਿੱਚ ਕਾਰਪੋਰੇਟਾਂ ਤੋਂ ਅਥਾਹ ਪੈਸੇ ਲੈ ਕੇ ਵੰਡਦੀ ਤੇ ਫਿਰ ਉਨ੍ਹਾਂ ਤੋਂ ਝਗੜੇ, ਫ਼ਸਾਦ ਤੇ ਗੁੰਡਾਗਰਦੀ ਕਰਾਉਂਦੀ ਹੈ। ਹਿੰਦੁਸਤਾਨ ਨੂੰ ਇਸ ਕਰੱਪਟ, ਬੇਈਮਾਨ, ਫਾਸ਼ੀਵਾਦੀ ਭਾਜਪਾ ਤੋਂ ਬਚਾਉਣ ਲਈ 'ਇੰਡੀਆ' ਗੱਠਜੋੜ ਬਣਿਆ ਹੈ। ਭਾਜਪਾ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਕਿ ਇਸ ਵਾਰ ਫਿਰ ਸਰਕਾਰ ਭਾਜਪਾ ਦੀ ਹੀ ਬਣੇਗੀ। ਜਦੋਂ ਕਿ ਹਕੀਕਤ ਇਹ ਹੈ ਕਿ ਲੋਕ ਅੱਤ ਦੀ ਮਹਿੰਗਾਈ ਤੋਂ ਤਰਾਹ ਤਰਾਹ ਕਰ ਰਹੇ ਹਨ। ਗਰੀਬਾਂ ਨੂੰ ਢਿੱਡ ਭਰਵੀਂ ਰੋਟੀ ਨਹੀਂ ਮਿਲ ਰਹੀ। ਵਿਦਿਆ ਇੰਨੀ ਮਹਿੰਗੀ ਹੈ ਕਿ ਗਰੀਬ ਤੇ ਮੱਧ ਵਰਗ ਦੇ ਬੱਚੇ ਵੀ ਲੈਣ ਤੋਂ ਅਸਮਰਥ ਹਨ। ਬੀਜੇਪੀ ਦੇ ਰਾਜ ਵਿੱਚ ਰੁਜ਼ਗਾਰ ਨਾ ਮਿਲਣ ਕਰਕੇ ਜੁਵਾਨੀ ਕੰਮ ਕਾਰ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਪਹੁੰਚ ਗਈ ਤੇ ਹੋਰ ਜਾ ਰਹੀ ਹੈ। ਇੰਡੀਆ ਗੱਠਜੋੜ ਆਪਣੀ ਹਕੂਮਤ ਸਮੇਂ ਵਿਦਿਆ ਤੇ ਸਿਹਤ ਸੇਵਾਵਾਂ ਸਸਤੀਆਂ ਦੇਵੇਗਾ। ਰੁਜ਼ਗਾਰ ਦੀ ਪਹਿਲ ਹੋਵੇਗੀ। ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਪਬਲਿਕ ਸੈਕਟਰ ਬਚਾਉਣ,



ਪੁਰਾਣੀ ਪੈਨਸ਼ਨ ਬਹਾਲ ਕਰਨ ਤੇ ਮਿਨੀਮਮ ਵੇਜ 26000 ਰੁਪਏ ਪ੍ਰਤੀ ਮਹੀਨਾ ਕਰੇਗਾ। ਮੀਟਿੰਗ ਵਿੱਚ ਫੈਸਲਾ ਹੋਇਆ ਕਿ ਸੀ ਪੀ ਆਈ ਪੰਜਾਬ ਵਿੱਚ ਤਿੰਨ ਪਾਰਲੀਮੈਂਟ ਸੀਟਾਂ ਲੜੇਗੀ। ਇਹ ਸੀਟਾਂ ਅੰਮ੍ਰਿਤਸਰ, ਫਰੀਦਕੋਟ ਤੇ ਲੁਧਿਆਣਾ-ਸੰਗਰੂਰ ਚੋਂ ਇੱਕ ਹੋਵੇਗੀ। ਪਾਰਟੀ ਦੋ ਤਿੰਨ ਦਿਨਾਂ ਵਿੱਚ ਉਮੀਦਵਾਰਾਂ ਦੇ ਨਾਮ ਵੀ ਅਨਾਉਂਸ ਕਰੇਗੀ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਜਵਾਹਰਲਾਲ ਯੂਨੀਵਰਸਿਟੀ ਦਿੱਲੀ ਦੀਆਂ ਵਿਦਿਆਰਥੀ ਚੋਣਾਂ ਵਿੱਚ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਦੀ ਹੋਈ ਸ਼ਾਨਦਾਰ ਜਿੱਤ ਤੇ ਚੁਣੀ ਗਈ ਟੀਮ ਨੂੰ ਮੁਬਾਰਕਬਾਦ ਦਿੰਦੀ ਹੈ।

**- ਪਿਰਥੀਪਾਲ ਸਿੰਘ ਮਾੜੀਮੇਘਾ**
**91-98760-78731**

# ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਵਲੋਂ ਰਾਜਵੀਰ ਸਿੰਘ ਬੈਂਸ ਕੈਨੇਡਾ ਦਾ ਸਨਮਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਸਮਾਜ ਸੇਵੀ ਅਤੇ ਖੇਡ ਪ੍ਰਮੋਟਰ ਰਾਜਵੀਰ ਸਿੰਘ ਬੈਂਸ ਕੈਨੇਡਾ ਦਾ



ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਟੂਰਨਾਮੈਂਟ ਕਮੇਟੀ ਵਲੋਂ ਰੋਸ਼ਨਜੀਤ ਸਿੰਘ ਪਨਾਮ ਅਤੇ ਯੋਗਰਾਜ ਗੰਭੀਰ ਨੇ ਰਾਜਵੀਰ ਸਿੰਘ ਬੈਂਸ ਦੇ ਦਾਦਾ ਰਾਮਜੀਤ ਸਿੰਘ ਅਤੇ ਪਿਤਾ ਰਿਟਾ. ਐੱਸ.ਪੀ. ਸ਼ਵਿੰਦਰਜੀਤ ਸਿੰਘ ਬੈਂਸ ਵਲੋਂ ਸਮਾਜ ਸੇਵਾ ਅਤੇ ਖੇਡਾਂ ਦੇ ਖੇਤਰ 'ਚ ਪਾਏ ਗਏ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਰਾਜਵੀਰ ਸਿੰਘ ਬੈਂਸ ਵਲੋਂ ਵੀ ਸਮਾਜ ਸੇਵਾ ਅਤੇ ਖੇਡਾਂ ਦੇ ਖੇਤਰ 'ਚ ਪਾਇਆ ਜਾ ਰਿਹਾ ਯੋਗਦਾਨ ਕਾਬਲੇ ਤਾਰੀਫ ਹੈ। ਰਣਜੀਤ ਸਿੰਘ ਖੱਖ ਅਤੇ ਅਮਨਦੀਪ ਸਿੰਘ ਬੈਂਸ ਨੇ ਰਾਜਵੀਰ ਸਿੰਘ ਬੈਂਸ ਅਤੇ ਉਨ੍ਹਾਂ ਦੇ ਪਰਿਵਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਭਲਾਈ ਦੇ ਕਾਰਜਾਂ ਅਤੇ ਖੇਡਾਂ ਦੇ ਖੇਤਰ ਵਿਚ ਐੱਨ.ਆਰ.ਆਈ. ਵਲੋਂ ਵੱਡੇ ਪੱਧਰ 'ਤੇ ਯੋਗਦਾਨ ਪਾਇਆ ਜਾ ਰਿਹਾ ਹੈ।

ਇਸ ਮੌਕੇ ਸ਼ਵਿੰਦਰਜੀਤ ਸਿੰਘ ਬੈਂਸ, ਸਤਨਾਮ ਸਿੰਘ ਸੰਘਾ, ਰਣਜੀਤ ਸਿੰਘ ਖੱਖ, ਯੋਗਰਾਜ ਗੰਭੀਰ, ਰੌਸ਼ਨਜੀਤ ਸਿੰਘ ਪਨਾਮ, ਅਮਨਦੀਪ ਸਿੰਘ ਬੈਂਸ ਆਦਿ ਹਾਜ਼ਰ ਹੋਏ।

# ਅਮਿੱਟ ਯਾਦਾਂ ਛੱਡਦਾ ਹੋਇਆ ਐਨ ਐਸ ਐਸ ਦਾ ਕੈਂਪ ਹੋਇਆ ਸਮਾਪਤ

**ਮੂਨਕ, (ਦਲਜੀਤ ਕੌਰ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡਵੀ ਵਿਖੇ ਚੱਲ ਰਹੇ ਕੈਂਪ ਦਾ ਸੱਤਵਾਂ ਦਿਨ ਸੀ ਜਿਸ ਵਿੱਚ ਵਿਦਿਆਰਥੀਆਂ ਵੱਲੋ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਗਿੱਧਾ, ਭੰਗੜਾ, ਮੋਨੋਐਕਟਿੰਗ, ਗੀਤ ਪੇਸ਼ ਕੀਤੇ ਗਏ। ਇਹ ਕੈਂਪ ਸੁਖਵਿੰਦਰ ਗਿਰ ਦੀ ਅਗਵਾਈ ਵਿੱਚ ਲਗਾਇਆ ਗਿਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਨੇ ਸਕੂਲ ਕੈਂਪਸ ਦੀ ਸਾਫ ਸਫਾਈ ਕੀਤੀ ਪਿੰਡ ਦੀ ਸਫਾਈ ਕੀਤੀ। ਪਿੰਡ ਵਿੱਚ ਵੋਟਰ ਜਾਗਰੁਕਤਾ ਰੈਲੀ ਕੱਢੀ ਗਈ। ਬੱਚਿਆਂ ਨੇ ਮੂਨਕ ਕੋਰਟ ਕੰਪਲੈਕਸ ਦਾ ਦੌਰਾ ਕੀਤਾ। ਰਾਤ ਸਮੇਂ ਨਾਟਕ ਕਰਵਾਏ ਗਏ। ਇਸ ਕੈਂਪ ਦਾ




ਉਦੇਸ਼ ਵਿਦਿਆਰਥੀਆਂ ਵਿੱਚ ਚੰਗੇ ਨਾਗਰਿਕਾਂ ਦੇ ਗੁਣ ਪੈਦਾ ਕਰਨੇ ਅਤੇ ਸਮਾਜ ਭਲਾਈ ਲਈ ਤਿਆਰ ਕਰਨਾ ਸੀ।

ਅਖੀਰਲੇ ਦਿਨ ਸ਼੍ਰੀ ਪ੍ਰਿੰਸੀਪਲ ਸ਼੍ਰੀ ਪ੍ਰਦੀਪ ਸ਼ਰਮਾਂ ਵਿਸ਼ੇਸ ਮਹਿਮਾਨ ਵਜੋ ਸ਼ਾਮਿਲ ਹੋਏ। ਉਨਾਂ ਕੈਂਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਸਾਰੇ ਸਟਾਫ ਅਤੇ ਬੱਚਿਆਂ ਧੰਨਵਾਦ ਕੀਤਾ ਅਤੇ ਕੈਂਪ ਵਿੱਚੋਂ ਜੋ ਸਿੱਖਿਆ ਉਸਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸੱਤ ਰੋਜਾਂ ਕੈਂਪ ਨੂੰ ਸਫਲਤਾ ਪੂਰਵਕ ਸਿਰੇ ਚਾੜਨ ਲਈ ਸਾਰੇ ਸਟਾਫ ਨੂੰ ਵਧਾਈ ਦਿੱਤੀ।

# ਪੇਂਡੂ ਪੰਜਾਬ ਨੇ ਕੌਮਾਂਤਰੀ ਪਰਵਾਸ ਵਿੱਚੋਂ ਕੀ ਖੱਟਿਆ ਅਤੇ ਕੀ ਗੁਆਇਆ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ਼ ਹੀ ਮਨੁੱਖਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਮਨੁੱਖ ਕੰਮ ਜਾਂ ਆਰਥਿਕ ਮੌਕਿਆਂ ਦੀ ਭਾਲ ਵਿੱਚ, ਪਰਿਵਾਰ ਵਿੱਚ ਸ਼ਾਮਲ ਹੋਣ, ਅਤੇ ਕੁਝ ਹੋਰ ਉਦੇਸਾਂ ਦੀ ਪੂਰਤੀ ਦੀ ਆਸ ਵਿੱਚ ਪਰਵਾਸ ਕਰਦੇ ਹਨ। ਇਸ ਤਰ੍ਹਾਂ, ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿੱਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ, ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ ਵੱਖ ਦੇਸਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿੱਚ ਆਇਆ। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਹੋ ਗਿਆ, ਲੱਖਾਂ ਮਨੁੱਖ ਵਿਦੇਸਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ਼ ਵਿੱਚ ਆਪਣੇ ਦੇਸ ਛੱਡ ਰਹੇ ਹਨ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ, ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗ੍ਰਾਮ ਸ਼ੁਰੂ ਕੀਤਾ ਅਤੇ ਯੂ.ਐੱਸ.ਏ. ਨੇ ਵੀ ਭਾਰਤੀਆਂ ਲਈ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਹਨਾਂ ਸਭ ਮੌਕਿਆਂ ਦਾ ਫ਼ਾਇਦਾ ਉਠਾ ਕੇ ਵੱਡੀ ਗਿਣਤੀ ਵਿੱਚ ਇਹਨਾਂ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਦੀ ਸ਼ੁਰੂਆਤ ਹੋਣ ਨਾਲ਼ ਬ੍ਰਿਟਿਸ਼ ਸਰਕਾਰ ਨੇ ਆਪਣੇ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫ਼ੌਜ ਵਿੱਚ ਭਾਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ਼ ਪੰਜਾਬ ਭਾਰਤ ਵਿੱਚ ਸਭ ਤੋਂ ਅੱਗੇ ਹੈ। 1960ਵਿਆਂ ਦੌਰਾਨ ਦੇਸ ਵਿੱਚ ਆਈ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਨੇ ਪੰਜਾਬ ਸੂਬੇ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿੱਚ ਸ਼ੁਰੂ ਕੀਤਾ। ਖੇਤੀਬਾੜੀ ਦੀ ਇਸ ਜੁਗਤ ਦੀ ਅਥਾਹ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। 'ਹਰੇ ਇਨਕਲਾਬ' ਦੇ ਆਉਣ ਨਾਲ਼ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿੱਚ ਸਭ ਤੋਂ ਉੱਨਤ ਸੂਬੇ ਵਜੋਂ ਉਭਰਿਆ। ਜਿੱਥੇ ਪੰਜਾਬ ਦੀ ਇਸ ਕਾਮਯਾਬੀ ਨੇ ਦੇਸ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਸ਼ਾਨਦਾਰ ਤਰੀਕੇ ਨਾਲ਼ ਕਾਬੂ ਪਾਇਆ, ਉੱਥੇ ਇਸ ਨੇ ਇੱਥੋਂ ਦੀ ਭੂਮੀ ਦੀ ਬਣਤਰ ਅਤੇ ਗੁਣਵਤਾ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਅਤੇ ਗੁਣਵਤਾ, ਅਤੇ ਵਾਤਾਵਰਣ ਉੱਤੇ ਬਹੁਤ ਮਾੜੇ ਪ੍ਰਭਾਵ ਪਾਏ, ਖੇਤੀਬਾੜੀ ਉਤਪਾਦਨ ਲਾਗਤ ਵਿੱਚ ਤੇਜ਼ੀ ਨਾਲ਼ ਵਾਧਾ ਕੀਤਾ, ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਰੁਜ਼ਗਾਰ ਦੇ ਮੌਕੇ ਵੱਡੇ ਪੱਧਰ ਉੱਤੇ ਘਟਾਏ, ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗ਼ੈਰ-ਖੇਤੀਬਾੜੀ ਖੇਤਰਾਂ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਲੋਕਾਂ, ਖ਼ਾਸ ਕਰ ਕੇ ਨੌਜਵਾਨਾਂ ਵਿੱਚ ਆਪਣੇ ਦੇਸ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸਾਂ ਵਿੱਚ ਜਾਣ ਲਈ ਬਹੁਤ ਹੀ ਉਤਾਵਲੇ ਰਹਿੰਦੇ ਹਨ।

ਕੈਨੇਡਾ, ਯੂਰਪ, ਯੂ.ਐੱਸ.ਏ., ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਦੇ ਪੰਸਦੀਦਾ ਟਿਕਾਣੇ ਹਨ। ਇਹਨਾਂ ਦੇਸਾਂ ਵਿੱਚ ਜਾਣ ਲਈ ਪੰਜਾਬੀ ਪਾਗਲ ਹੋਏ ਪਏ ਹਨ। ਜਦੋਂ ਪਰਵਾਸੀ ਭਾਰਤੀ ਪੰਜਾਬ ਆਉਂਦੇ ਅਤੇ ਇੱਥੋਂ ਦੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਉਹਨਾਂ ਵਿੱਚੋਂ ਇੱਕ ਬਹੁਤ ਹੀ ਵੱਡੀ ਗਿਣਤੀ ਵਿੱਚ ਲੋਕ ਬਾਹਰਲੇ ਦੇਸਾਂ ਵਿੱਚ ਜਾਣ ਦਾ ਮਨ ਬਣਾ ਲੈਂਦੇ ਹਨ। ਇਸ ਤੋਂ ਇਲਾਵਾ, ਸੂਬੇ ਦੇ ਪੱਧਰ ਉੱਤੇ ਸਮਾਜਿਕ-ਆਰਥਿਕ ਖੇਤਰਾਂ ਵਿੱਚ ਵਖਰੇਵੇਂ ਵੀ ਕੌਮਾਂਤਰੀ ਪਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ। ਅਜੋਕੇ ਸਮੇਂ ਵਿੱਚ ਪੰਜਾਬੀ ਵਿਦੇਸਾਂ ਦੇ ਕੋਨੇ ਕੋਨੇ ਵਿੱਚ ਵੱਸੇ ਹੋਏ ਹਨ। ਇਸ ਲੇਖ ਵਿੱਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਮਹੱਤਵਪੂਰਨ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ ਜਿਹੜਾ ਲੇਖਕ (ਡਾ. ਗਿਆਨ ਸਿੰਘ), ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ, ਅਤੇ ਡਾ. ਜੋਤੀ ਦੁਆਰਾ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਸੰਬੰਧੀ ਕੀਤੇ ਗਏ ਇੱਕ ਸਰਵੇਖਣ ਉੱਪਰ ਆਧਾਰਿਤ ਹੈ। ਇਸ ਸਰਵੇਖਣ ਲਈ ਮਾਝੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੋ ਜ਼ਿਲ੍ਹੇ-ਅੰਮ੍ਰਿਤਸਰ ਅਤੇ ਗੁਰਦਾਸਪੁਰ, ਦੁਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ - ਜਲੰਧਰ ਅਤੇ ਹੁਸ਼ਿਆਰਪੁਰ, ਅਤੇ ਮਾਲਵੇ ਦੇ ਪੰਦਰਾਂ ਜ਼ਿਲ੍ਹਿਆਂ ਵਿੱਚੋਂ ਅੱਠ ਜ਼ਿਲ੍ਹੇ - ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ। ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਟੀ ਵਿਕਾਸ ਬਲਾਕ ਵਿੱਚੋਂ ਇੱਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ ਨਾਲ਼ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ ਜਿਹਨਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਹਨ। ਇਹ ਸਰਵੇਖਣ 1951 ਤੋਂ 2021 ਦਰਮਿਆਨ ਦੇ ਸਮੇਂ ਨਾਲ਼ ਸੰਬੰਧਿਤ ਹੈ। ਪੇਂਡੂ ਪੰਜਾਬ ਵਿੱਚੋਂ ਕੁੱਲ 2597 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ।

1956 ਤੋਂ 2021 ਦਰਮਿਆਨ ਵਿਦੇਸਾਂ ਵਿੱਚ ਪਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿੱਚ 358, ਦੁਆਬੇ ਵਿੱਚ 947, ਅਤੇ ਮਾਲਵੇ ਵਿੱਚ 1292 ਪਾਈ ਗਈ। ਇਹਨਾਂ ਪਰਿਵਾਰਾਂ ਵਿੱਚੋਂ ਪਰਵਾਸ ਕਰਨ ਵਾਲੇ ਵਿਅਕਤੀ ਦੀ ਗਿਣਤੀ ਕ੍ਰਮਵਾਰ 362, 1023, ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿੱਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਂਝੇ ਵਿੱਚ ਬਹੁ-ਗਿਣਤੀ ਪਰਿਵਾਰਾਂ (98.88 ਫ਼ੀਸਦ) ਵਿੱਚੋਂ ਇੱਕਲੇ ਵਿਅਕਤੀ ਅਤੇ ਬਾਕੀ ਦੇ 1.12 ਫ਼ੀਸਦ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ ਨੇ ਕੌਮਾਂਰਤੀ ਪਰਵਾਸ ਕੀਤਾ। ਦੁਆਬੇ ਦੇ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਫ਼ੀਸਦ) ਵਿੱਚੋਂ ਇਕੱਲੇ ਵਿਅਕਤੀ, 15.63 ਫ਼ੀਸਦ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ, 3.91 ਫ਼ੀਸਦ ਪਰਿਵਾਰਾਂ ਵਿੱਚੋਂ ਤਿੰਨ ਵਿਅਕਤੀ, ਅਤੇ ਬਾਕੀ ਦੇ 0.11 ਫ਼ੀਸਦ ਪਰਿਵਾਰਾਂ ਵਿੱਚੋਂ ਚਾਰ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿੱਚੋਂ 64.32 ਫ਼ੀਸਦ ਪਰਿਵਾਰਾਂ ਵਿੱਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 35.68 ਫ਼ੀਸਦ ਪਰਿਵਾਰਾਂ ਵਿੱਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿੱਚੋਂ ਕ੍ਰਮਵਾਰ 15.73 ਅਤੇ 15.79 ਫ਼ੀਸਦ ਪੂਰੇ ਪਰਿਵਾਰ ਹੀ ਬਾਹਰਲੇ ਦੇਸਾਂ ਵਿੱਚ ਪਰਵਾਸ ਕਰ ਗਏ।

ਭਾਵੇਂ ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿੱਚੋਂ ਪੈਂਦਾ ਹੁੰਦਾ ਹੈ। ਮਾਂਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 83.7 ਫ਼ੀਸਦ ਜਨਰਲ ਵਰਗ ਨਾਂ਼ਲ ਸੰਬੰਧਿਤ ਸਨ, ਜਦੋਂ ਕਿ 11.6 ਫ਼ੀਸਦ ਅਨੁਸੂਚਿਤ ਜਾਤੀਆਂ ਅਤੇ ਬਾਕੀ ਦੇ 4.7 ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਸਨ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 63.34, 22.68, ਅਤੇ 13.98 ਫ਼ੀਸਦ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਸਨ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜਨਰਲ ਜਾਤੀਆਂ ਨਾਲ਼ ਸੰਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਕ੍ਰਮ ਆਉਂਦਾ ਹੈ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰ ਮਾਝਾ, ਦੁਆਬਾ, ਅਤੇ ਮਾਲਵਾ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪਰਵਾਸੀ ਜੱਟ ਜਾਤੀ ਨਾਲ਼ ਸੰਬੰਧਿਤ ਸਨ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਭਾਵੇਂ ਇਹ ਵਿਸ਼ੇਸ਼ਤਾ ਸ਼ਹਿਰੀ ਖੇਤਰਾਂ ਵਿੱਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਜ਼ਿਆਦਾਤਰ ਪੇਂਡੂ ਖੇਤਰਾਂ ਵਿੱਚ ਬਰਕਾਰ ਹਨ। ਪੰਜਾਬ ਸੂਬਾ ਵਿਆਪਕ ਤੌਰ ਉੱਤੇ ਆਪਣੀ ਖੇਤੀਬਾੜੀ ਸਦਕਾ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਪ੍ਰਣਾ਼ਲੀ ਤੋਂ ਆਪਣੀ ਤਾਕਤ ਹਾਸਲ ਕੀਤੀ। ਹਾਲਾਂ ਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀਆਂ ਨਾਲ਼ ਜ਼ਮੀਨੀ ਵੰਡ ਹੋਈ ਜਿਸ ਦੇ ਨਤੀਜੇ ਵਜੋਂ ਇੱਕਹਿਰੇ ਪਰਿਵਾਰ ਪ੍ਰਣਾ਼ਲੀ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਜ਼ੋਰ ਫੜ ਰਹੀ ਹੈ। ਮੌਜੂਦਾ ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾ ਪਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਫ਼ੀਸਦ ਇੱਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਸਨ, ਜਦੋਂ ਕਿ ਬਾਕੀ ਦੇ 16.23, 19.89, ਅਤੇ 27.73 ਫ਼ੀਸਦ ਪਰਵਾਸੀ ਕ੍ਰਮਵਾਰ ਦੁਆਬੇ, ਮਾਝੇ, ਅਤੇ ਮਾਲਵੇ ਵਿੱਚ ਸਾਂਝੇ ਪਰਿਵਾਰ ਪ੍ਰਣਾ਼ਲੀ ਨਾਲ਼ ਸੰਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 85.64 ਫ਼ੀਸਦ ਮਰਦ ਅਤੇ ਬਾਕੀ ਦੇ 14.36 ਫ਼ੀਸਦ ਔਰਤਾਂ ਸਨ। ਦੁਆਬੇ ਵਿੱਚ ਮਰਦ ਅਤੇ ਔਰਤ ਪਰਵਾਸੀਆਂ ਦੀ ਫ਼ੀਸਦੀ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿੱਚ ਇਹ ਫ਼ੀਸਦੀ 67.14 ਅਤੇ 32.86 ਪਾਈ ਗਈ। ਪਰਵਾਸ ਵਿੱਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਭਾਵੇਂ ਸਮਕਾਲੀ ਸੰਸਾਰ ਵਿੱਚ ਦੋਨਾਂ ਲਿੰਗਾਂ ਲਈ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ ਨੂੰ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਪੰਜਾਬ ਤੋਂ ਔਰਤਾਂ ਦਾ ਪਰਵਾਸ ਮੁੱਖ ਤੌਰ ਉੱਤੇ ਵਿਆਹ-ਕੇਂਦਰਿਤ ਰਿਹਾ ਹੈ ਜਿੱਥੇ ਲੜਕੀਆਂ ਇੱਕ ਜੀਵਨ ਸਾਥੀ ਦੇ ਰੂਪ ਵਿੱਚ ਵਿਦੇਸ਼ਾਂ ਵਿੱਚ ਜਾਂਦੀਆਂ ਸਨ। ਉਂਜ, ਅਜੋਕੇ ਸਮੇਂ ਦੌਰਾਨ ਪੰਜਾਬ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿੱਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਵਿਦੇਸ਼ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿੱਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬਣਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼ ਉਹ ਮੰਜ਼ਿਲ ਵਾਲੇ ਦੇਸ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਦੀਆਂ ਹਨ।

ਸਿੱਖਿਆ ਅਤੇ ਪਰਵਾਸ ਦਾ ਇੱਕ-ਦੂਜੇ ਨਾ਼ਲ ਇੱਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾ਼ਲੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਣ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।



ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਵਿਅਕਤੀ ਬਿਹਤਰ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿੱਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਯੂ.ਕੇ. ਵਰਗੇ ਵਿਕਸਤ ਦੇਸਾਂ ਵਿੱਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪਰਵਾਸ ਦੇ ਸੰਬੰਧ ਵਿੱਚ ਅੱਜਕੱਲ੍ਹ ਭਾਰਤ ਲਗਭਗ ਸਿਖਰ ਉੱਤੇ ਹੈ। ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਅਤੇ ਨੌਕਰਸ਼ਾਹੀ ਲਈ ਉਨੀ ਚਿੰਤਾ ਦਾ ਵਿਸ਼ਾ ਨਹੀਂ ਜਾਪਦਾ ਜਿੰਨਾਂ ਇਹ ਉੱਨੀ ਸੌ ਸੱਤਰ ਦੇ ਦਹਾਕੇ ਵਿੱਚ ਹੁੰਦਾ ਸੀ। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 70.17 ਫ਼ੀਸਦ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਇਸੇ ਖੇਤਰ ਦੇ ਤਕਰੀਬਨ 16 ਫ਼ੀਸਦ ਨੇ ਆਪਣੀ ਗ੍ਰੇਜੂਏਸ਼ਨ, ਜਦੋਂ ਕਿ 8.01 ਫ਼ੀਸਦ ਨੇ ਡਿਪਲੋਮਾ ਅਤੇ 3.04 ਫ਼ੀਸਦ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਵਿੱਚ ਪਰਵਾਸ ਕੀਤਾ ਅਤੇ ਥੋੜ੍ਹੇ ਜਿਹੇ ਹਿੱਸੇ (2.21 ਫ਼ੀਸਦ) ਕੋ਼ਲ ਪਰਵਾਸ ਸਮੇ ਪੋਸਟ-ਗ੍ਰੈਜੁਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ ਲਗਭਗ ਦੋ-ਤਿਹਾਈ (64.08 ਫ਼ੀਸਦ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸਾਂ ਵਿੱਚ ਪਰਵਾਸ ਕਰ ਗਏ। 15.37 ਫ਼ੀਸਦ ਨੇ ਮੈਟ੍ਰਿਕ ਅਤੇ 10.47 ਫ਼ੀਸਦ ਨੇ ਆਪਣੀ ਗ੍ਰੈਜੁਏਸ਼ਨ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਪਰਵਾਸ ਕਰਨ ਦੇ ਸਮੇਂ 2.74 ਫ਼ੀਸਦ ਕੋਲ ਪੋਸਟ-ਗ੍ਰੈਜੁਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 61.01 ਫ਼ੀਸਦ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਵਿਦੇਸਾਂ ਵਿੱਚ ਪਰਵਾਸ ਕਰਨ ਸਮੇਂ 18 ਫ਼ੀਸਦ ਤੋਂ ਥੋੜ੍ਹੇ ਵੱਧ ਪਰਵਾਸੀਆਂ ਕੋਲ ਗ੍ਰੈਜੁਏਸ਼ਨ ਅਤੇ 8.84 ਫ਼ੀਸਦ ਕੋ਼ਲ ਮੈਟ੍ਰਿਕ ਦੀ ਵਿੱਦਿਅਕ ਯੋਗਤਾ ਸੀ। ਪਰਵਾਸੀਆਂ ਦੇ ਥੋੜ੍ਹੇ ਜਿਹੇ ਹਿੱਸੇ (4.92 ਫ਼ੀਸਦ) ਕੋ਼ਲ ਪਰਵਾਸ ਸਮੇਂ ਪੋਸਟ-ਗ੍ਰੈਜੁਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾ਼ਲੇ ਨੌਜਵਾਨ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਹੀ ਥੋੜ੍ਹੇ ਜਿਹੇ ਹਿੱਸੇ ਕੋਲ ਪਰਵਾਸ ਦੇ ਸਮੇਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਜਾਂ ਡਿਪਲੋਮਾ ਸੀ। ਇੱਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾ਼ਲੇ ਵਿਅਕਤੀ ਜਾਂ ਤਾਂ ਬਜ਼ੁਰਗ ਸਨ ਜਿਹਨਾ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸਾਂ ਵਿੱਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿੱਚ ਗੂੜ੍ਹਾ ਸੰਬੰਧ ਹੈ ਕਿਉਂਕਿ ਪਰਵਾਸ ਕਰਨ ਦੀ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ; ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਇਸ ਲਈ ਹੈ ਕਿਉਂਕਿ ਪਰਵਾਸ ਇੱਕ ਜੋਖਮ ਭਰਿਆ ਕਦਮ ਹੈ ਜਿਸ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪਰਦਾਨ ਕਰਦਾ ਹੈ। ਪੰਜਾਬ ਦੇ ਬਹੁਤ ਜ਼ਿਆਦਾ ਨੋਜਵਾਨ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਪਰਵਾਸ ਦੀ ਪ੍ਰੀਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾ਼ਲੇ ਅਵਸਰਾਂ ਦਾ ਲਾਭ ਲੈਣ ਲਈ ਵਿਦੇਸਾਂ ਵਿੱਚ ਜਾਣ ਲਈ ਕਾਹ਼ਲੇ ਪਏ ਹੋਏ ਹਨ। ਪਰਵਾਸ ਕਰਨ ਵੇ਼ਲੇ ਬਹੁ-ਗਿਣਤੀ ਵਿਅਕਤੀ ਜਿਵੇਂ ਮਾਝੇ ਵਿੱਚ 87.85 ਫ਼ੀਸਦ, ਮਾਲਵੇ ਵਿੱਚ 85.25 ਫ਼ੀਸਦ, ਅਤੇ ਦੁਆਬੇ ਵਿੱਚ 81.53 ਫ਼ੀਸਦ 15 ਤੋਂ 30 ਸਾਲ ਦੀ ਉਮਰ ਸਮੂਹ ਨਾ਼ਲ ਸੰਬੰਧਿਤ ਸਨ। ਜਨਸੰਖਿਅਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਫੀਲਡ ਸਰਵੇਖਣ ਦਾ ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਸਮੂਹ ਦੇ ਵਿਅਕਤੀਆਂ ਦਾ ਵਿਦੇਸਾਂ ਵਿੱਚ ਪਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆਉਂਦਾ ਹੈ।

ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਂਝੇ ਦੇ ਕੁੱਲ ਪਰਵਾਸੀ ਪਰਿਵਾਰਾਂ ਵਿੱਚੋਂ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਫ਼ੀਸਦ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਫ਼ੀਸਦ ਪਰਿਵਾਰਾਂ ਕੋ਼ਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 26.8, 3.59, 3.31, ਅਤੇ 2.48 ਫ਼ੀਸਦ ਪਰਿਵਾਰਾਂ ਦਾ ਨੰਬਰ ਆਉਂਦਾ ਹੈ ਜਿਹਨਾਂ ਕੋ਼ਲ ਕ੍ਰਮਵਾਰ 2.51 ਤੋਂ 5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿੱਚੋਂ ਸਭ ਤੋਂ ਵੱਧ ਪਰਿਵਾਰਾਂ (32.16 ਫ਼ੀਸਦ) ਕੋ਼ਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਲਗਭਗ 18 ਫ਼ੀਸਦ ਪਰਿਵਾਰਾਂ ਕੋ਼ਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72, ਅਤੇ 5.57 ਫ਼ੀਸਦ ਪਰਿਵਾਸੀਆਂ ਦੇ ਪਰਿਵਾਰਾਂ ਕੋ਼ਲ ਕ੍ਰਮਵਾਰ 5.01 ਤੋਂ 7.5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿੱਚੋਂ 26.3 ਫ਼ੀਸਦ ਪਰਵਾਸੀਆਂ ਦੇ ਪਰਿਵਾਰਾਂ ਕੋ਼ਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿੱਚੋਂ ਸਭ ਵੱਧ ਪਰਿਵਾਰਾਂ (26.87 ਫ਼ੀਸਦ) ਕੋ਼ਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26 ਅਤੇ 10.05 ਫ਼ੀਸਦ ਪਰਵਾਸੀਆਂ ਦੇ ਪਰਿਵਾਰਾਂ ਕੋ਼ਲ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10 ਏਕੜ, 2.5 ਏਕੜ ਤੱਕ, 5.01 ਤੋਂ 7.5 ਏਕੜ ਦੇ ਦਾਇਰੇ ਵਿੱਚ ਜ਼ਮੀਨਾਂ ਸਨ। ਇਸ ਖੇਤਰ ਵਿੱਚੋਂ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿੱਚੋਂ 15.32 ਫ਼ੀਸਦ ਪਰਿਵਾਰ ਭੂਮੀਹੀਣ ਪਾਏ ਗਏ।

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚ ਮੰਜ਼ਿਲ ਵਾ਼ਲੇ ਦੇਸਾਂ ਦੀ ਸੂਚੀ ਬਹੁਤ ਲੰਮੀ ਹੈ। ਮਾਝੇ ਵਿੱਚ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਵੱਧ ਤਰਜੀਹ ਵਾ਼ਲੇ ਦੇਸ-ਕੈਨੇਡਾ, ਆਸਟਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ ਜਿੱਥੇ ਇਸ ਖੇਤਰ ਵਿੱਚੋਂ ਸਰਵੇਖਣ ਕੀਤੇ ਗਏ ਪਰਿਵਾਰਾਂ ਵਿੱਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਦੇ ਪਰਵਾਸ ਕੀਤਾ। ਦੁਆਬੇ ਵਿੱਚੋਂ ਜ਼ਿਆਦਾਤਰ ਪਰਵਾਸੀਆਂ ਅਰਥਾਤ 3273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾ਼ਲੇ ਦੇਸ ਵਜੋਂ ਚੁਣਿਆ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਆਸਟਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿੱਚੋਂ ਕੌਮਾਂਤਰੀ ਪਰਵਾਸੀਆਂ ਲਈ ਪਸੰਦੀਦਾ ਦੇਸ-ਕੈਨੇਡਾ, ਆਸਟੇਰਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸੀਆ, ਅਤੇ ਫਿਲੀਪੀਨਜ਼ ਸਨ ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪਰਵਾਸ ਕੀਤਾ।

ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 43.37 ਫ਼ੀਸਦ ਨੇ 2019, 18.23 ਫ਼ੀਸਦ ਨੇ 2018, 14.09 ਫ਼ੀਸਦ ਨੇ 2021, 10.21 ਫ਼ੀਸਦ ਨੇ 2016, 6.91 ਫ਼ੀਸਦ ਨੇ 2020, ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 13 ਫ਼ੀਸਦ ਵਿਅਕਤੀਆਂ ਨੇ 2018 ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਬਾਅਦ 9.97 ਫ਼ੀਸਦ ਨੇ ਹਰੇਕ ਸਾਲ 2019 ਅਤੇ 2017, 9.78 ਫ਼ੀਸਦ ਨੇ 2021, 8.9 ਫ਼ੀਸਦ ਨੇ 2015, 7.14 ਫ਼ੀਸਦ ਨੇ 2010, 6.45 ਫ਼ੀਸਦ ਨੇ 2016, 5.77 ਫ਼ੀਸਦ ਨੇ 2012 ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਸੇ

(ਬਾਕੀ ਅਗਲੇ ਸਫੇ 'ਤੇ)

# ਸ਼ਹੀਦ ਭਗਤ ਸਿੰਘ ਨੂੰ ਮਹਾਨ ਮਨੁੱਖ ਨਾ ਬਣਾ ਕੇ, ਆਪ ਇਨਸਾਨ ਵੱਜੋਂ ਪੇਸ਼ ਕਰਦੀ ਸੰਜੀਵਨ ਦੀ ਨਾਟ-ਪੁਸਤਕ 'ਸਰਦਾਰ' ਦਾ ਲੋਕ-ਅਰਪਣ

## ਸੰਜੀਵਨ ਨੇ ਲੰਗੂਰਾਂ ਅਤੇ ਅੰਗੂਰਾਂ ਦੇ ਪ੍ਰਤੀਕ ਵਰਤਕੇ ਅੱਜ ਦੀ ਭਵਿਖ ਦੀ ਪੀੜ੍ਹੀ ਨੂੰ ਸੁਚੇਤ ਕਰਨ ਦਾ ਖੂਬਸੂਰਤ ਉਪਰਾਲਾ ਕੀਤਾ ਹੈ-ਦਵਿੰਦਰ ਦਮਨ, ਸੰਜੀਵਨ ਸਾਢੇ ਚਾਰ ਦਹਾਕਿਆਂ ਤੋਂ ਰੰਗਮੰਚ, ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿੱਚ ਸਰਗਰਮ ਹੈ-ਪਾਲੀ ਭੁਪਿੰਦਰ

**ਚੰਡੀਗੜ੍ਹ (ਸ਼ਾਇਰ ਭੱਟੀ)–** ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਜ਼ਿੰਦਗੀ ਦੇ ਅਣਛੋਹੇ ਪਲਾਂ ਤੇ ਘਟਨਾਵਾਂ ਦੀ ਗੱਲ ਕਰਦੀ ਸੰਜੀਵਨ ਸਿੰਘ ਦੀ ਛੇਵੀਂ ਨਾਟ-ਪੁਸਤਕ 'ਸਰਦਾਰ' ਦਾ ਲੋਕ ਅਰਪਣ ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ ਦੀ ਭਰਵੀਂ ਇਕੱਤਰਤਾ ਵਿੱਚ ਪੰਜਾਬ ਕਲਾ ਭਵਨ, ਸੈਕਟਰ-16, ਚੰਡੀਗੜ੍ਹ ਵਿਖੇ ਸਰਘੀ ਕਲਾ ਕੇਂਦਰ, ਮੁਹਾਲੀ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਸਹਿਯੋਗ ਨਾਲ ਹੋਇਆ।ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਨਾਟਕਕਾਰ ਦਵਿੰਦਰ ਦਮਨ ਨੇ ਕੀਤੀ। ਅਤੇ ਮੁੱਖ ਮਹਿਮਾਨ ਦੇ ਤੌਰ 'ਤੇ ਬੇਬਾਕ ਨਾਟਕਕਾਰ ਪਾਲੀ ਭੁਪਿੰਦਰ ਸ਼ਾਮਿਲ ਸਨ। ਪਰਚਾ ਲੇਖਕ ਸਨ ਨਾਟਕਕਾਰ ਤੇ ਨਾਟ-ਨਿਰਦੇਸ਼ਕ ਡਾ. ਦੇਵੰਦਰ ਕੁਮਾਰ। ਨਾਟ-ਪੁਸਤਕ 'ਸਰਦਾਰ' ਦਾ ਲੋਕ-ਅਰਪਣ ਦਵਿੰਦਰ ਦਮਨ, ਪਾਲੀ ਭੁਪਿੰਦਰ, ਡਾ। ਦੇਵੰਦਰ ਕੁਮਾਰ ਅਤੇ ਲੇਖਕ ਸੰਜੀਵਨ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਡਾ। ਦਵਿੰਦਰ ਕੁਮਾਰ ਨੇ ਨਾਟ-ਪੁਸਤਕ 'ਸਰਦਾਰ' ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਸੰਜੀਵਨ ਸਿੰਘ ਇਕ ਨਿਸ਼ਟਾਵਾਨ ਤੇ ਸਿਰੜੀ ਨਾਟਕਕਾਰ ਹੈ। ਨਾਟਕ ਵਿਚਲੀਆਂ ਘਟਨਵਾਂ ਅਸਲੀਅਤ 'ਤੇ ਅਧਾਰਿਤ ਹੈ। ਉਹਨਾਂ ਨੂੰ ਬੁਤ ਨਾ ਬਣਾਕੇ, ਇਕ ਇਨਸਾਨੀ ਵੇਸ ਵਿਚ ਪੇਸ਼ ਕੀਤਾ ਹੈ।




ਪਾਲੀ ਭੁਪਿੰਦਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸੰਜੀਵਨ ਨੇ ਨਾਟਕ 'ਸਰਦਾਰ' ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਅੱਜ ਦੇ ਪ੍ਰਸੰਗ ਵਿਚ ਗੱਲਾਂ ਕੀਤੀਆ ਹਨ। ਉਸਨੇ ਆਪਣੇ ਦਾਦਾ ਗਿਆਨੀ ਈਸ਼ਰ ਸਿੰਘ ਦਰਦ, ਤਾਇਆ ਸ੍ਰੀ ਸੰਤੋਖ ਸਿੰਘ ਧੀਰ ਅਤੇ ਪਿਤਾ ਸ੍ਰੀ ਰਿਪੁਦਮਨ ਸਿੰਘ ਰੂਪ ਦੀ ਸਾਹਿਤਕ/ਸਭਿਆਚਾਰਕ ਵਿਰਾਸਤ ਨੂੰ ਤੀਜੀ ਪੀੜ੍ਹੀ ਵੱਜੋਂ ਅਗਾਂਹ ਤੋਰਿਆ ਹੈ।

ਲੋਕ-ਅਰਪਣ ਦੇ ਅਯੋਜਨ ਦੌਰਾਨ ਡਾ। ਸਹਿਬ ਸਿੰਘ, ਪ੍ਰੀਤਮ ਰੁਪਾਲ, ਸੁਰਿੰਦਰ ਗਿੱਲ, ਨਰਿੰਦਰ ਨਸਰੀਨ, ਰੰਜੀਵਨ ਸਿੰਘ, ਹਰਇੰਦਰ ਹਰ, ਕਾਰਤਿਕਾ, ਰੰਜੀਵਨ ਸਿੰਘ, ਗੁਰਦਸ਼ਨ ਸਿੰਘ ਮਾਵੀ ਨੇ ਨੋਕ ਬਾਰੇ ਆਪਣੀ ਗੱਕ ਕਰਿ-ਦਅਏ ਕਿਹਾ ਕਿ ਸੰਜੀਵਨ ਸਮਾਜਿਕ ਸਰੋਕਾਰਾਂ ਦਾ ਜ਼ਿਕਰ ਤੇ ਫ਼ਿਕਰ ਕਰਦੇ ਦੋ ਦਰਜਨ ਦੇ ਕਰੀਬ ਨਾਟਕ ਲਿਖਕੇ ਦੇਸ-ਵਿਦੇਸ ਵਿੱਚ ਅਨੇਕਾਂ ਵਾਰ ਮੰਚਣ ਕਰ ਚੁੱਕਾ ਹੈ।

ਨਾਟਕ ਸਰਦਾਰ ਦੇ ਲੇਖਕ ਸੰਜੀਵਨ ਸਿੰਘ ਨੇ ਕਿਹਾ ਕਿ ਭਗਤ ਸਿੰਘ ਦੀ ਜ਼ਿੰਦਗੀ 'ਤੇ ਅਧਾਰਿਤ ਕਈ ਨਾਟਕਾਂ ਲਿਖੇ ਗਏ ਅਤੇ ਫਿਲਮਾਂ ਵੀ ਬਣੀਆਂ। ਜਿਨ੍ਹਾਂ ਵਿਚ ਭਗਤ ਸਿੰਘ ਦੀ ਇਕੋ ਕਿਸਮ ਦੀ ਦਿੱਖ ਮਿਲਦੀ ਹੈ। ਬਿਨ੍ਹਾਂ ਪਸਤੋਲ ਤੋਂ ਅਸੀਂ ਭਗਤ ਸਿੰਘ ਦਾ ਤੱਸਵਰ ਵੀ ਨਹੀਂ ਕਰ ਸਕਦੇ।ਪਰ ਮੈਂ ਨਾਟਕ ਵਿਚ ਨਾਟਕਕਾਰ ਨੇ 'ਸਰਦਾਰ' ਵਿਚ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਦੁਹਰਾਉਂਣ ਤੋਂ ਗੁਰੇਜ਼ ਕੀਤਾ ਹੈ। ਜਿਨ੍ਹਾਂ ਤੋਂ ਆਮ ਲੋਕ ਜਾਣੂੰ ਹਨ।

ਦਵਿੰਦਰ ਦਮਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਸੰਜੀਵਨ ਨਾਟਕ "ਸਰਦਾਰ" ਦੇ ਕਥਾਨਿਕ ਨੂੰ ਬੜੀ ਸਾਦਗੀ ਅਤੇ ਸੁਭਾਵਿਕ ਤੌਰ 'ਤੇ ਪਰਿਵਾਰ ਦੇ ਪੱਧਰ 'ਤੇ ਸ਼ੁਰੂ ਕਰਕੇ ਅੰਤ ਵਿਚ ਭਗਤ ਸਿੰਘ ਨੂੰ ਪਰਿਵਾਰ ਦੇ ਬੱਚਿਆਂ ਦੇ ਦਿਲੋਂ-ਦਿਮਾਗ ਵਿਚ ਉਤਾਰ ਦਿੰਦਾ ਹੈ। ਉਹਨਾਂ ਦੇ ਸੁਪਨਿਆਂ ਵਿਚ ਵੀ ਭਗਤ ਸਿੰਘ ਅਤੇ ਉਸਦੀ ਸੋਚ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ। ਸੰਜੀਵਨ ਨੇ ਲੰਗੂਰਾਂ ਅਤੇ ਅੰਗੂਰਾਂ ਦੇ ਪ੍ਰਤੀਕ ਵਰਤਕੇ ਅਜ ਦੀ ਭਵਿਖ ਦੀ ਪੀੜ੍ਹੀ ਨੂੰ ਸੁਚੇਤ ਕਰਨ ਦਾ ਖੂਬਸੂਰਤ ਉਪਰਾਲਾ ਕੀਤਾ ਹੈ।

ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਮਨੀ ਸਭਰਵਾਲ, ਹਰਜਿੰਦਰ ਸਿੰਘ ਭੰਗੂ, ਕਿਰਣ ਸਭਰਵਾਲ, ਐਡਵੋਕੇਟ ਕਨਿਕਾ ਤੂਰ, ਨਿਰਮਲ ਮਾਨ, ਰੈਕਟ ਕਥੂਰੀਆ, ਚਰਨਜੀਤ ਕੋਰ, ਸ਼ਾਇਰ ਭੱਟੀ, ਰਿਸ਼ਮਰਾਗ ਸਿੰਘ ਅਤੇ ਊਦੈਰਾਗ ਸ਼ਾਮਿਲ ਹੋਏ। ਮੰਚ ਸੰਚਾਲਨ ਸ਼ਇਰਾ ਤੇ ਰੰਗਮੰਚ ਅਦਾਕਾਰਾ ਦਵਿੰਦਰ ਕੋਰ ਢਿੱਲੋਂ ਨੇ ਦਿਲਚਸਪ ਤਰੀਕੇ ਨਾਲ ਕੀਤਾ।

## ਪੜ੍ਹ ਪੰਜਾਬੀ ਬੋਲ ਪੰਜਾਬੀ

ਪੜ੍ਹ ਪੰਜਾਬੀ ਬੋਲ ਪੰਜਾਬੀ।
ਇਹ ਦਾਤ ਅਨਮੋਲ ਪੰਜਾਬੀ।

ਬੇਸ਼ਕ ਹੋਰ ਜ਼ਬਾਨਾਂ ਸਿੱਖ,
ਨਾ ਬਰਾਬਰ ਤੋਲ ਪੰਜਾਬੀ।

ਚਾਚੀ, ਤਾਈ, ਮਾਸੀ, ਪਿੱਛੇ
ਮਾਂ ਬੋਲੀ ਨਾ ਰੋਲ ਪੰਜਾਬੀ।

ਮਾਖਿਓਂ, ਮਾਝੇ ਦੁੱਧ ਬਰਾਬਰ
ਮਿਸ਼ਰੀ ਮਿੱਠਾ ਘੋਲ ਪੰਜਾਬੀ।

ਜੋਗੀ, ਨਾਥ ਤੇ ਸ਼ੇਖ ਫ਼ਰੀਦ
ਪੜ੍ਹ ਗੁਰੂਆਂ ਦੇ ਬੋਲ ਪੰਜਾਬੀ।

ਯੂਰੋ ਡਾਲਰ ਪੌਂਡਾਂ ਖਾਤਰ
'ਲਾਲ' ਨਾ ਦੇਈਂ ਰੋਲ ਪੰਜਾਬੀ।



ਲਾਲ ਸਿੰਘ ਸੁਲਹਾਣੀ
91-98721-55120

# ਪੇਂਡੂ ਪੰਜਾਬ ਨੇ ਕੌਮਾਂਤਰੀ ਪਰਵਾਸ ਵਿੱਚੋਂ ਕੀ ਖੱਟਿਆ ਅਤੇ ਕੀ ਗੁਆਇਆ

**(ਸਫਾ 19 ਦੀ ਬਾਕੀ)**

ਤਰ੍ਹਾਂ, ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 15.97 ਫ਼ੀਸਦ ਨੇ 2021, 14.54 ਫ਼ੀਸਦ ਨੇ 2020, 6.49 ਫ਼ੀਸਦ ਨੇ 2016, ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੇਂਡੂ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿੱਚ 2014 ਤੋਂ ਬਾਅਦ ਤੇਜ਼ੀ ਆਈ। 2020 ਦੌਰਾਨ ਕਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੀ ਪ੍ਰਕ੍ਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।

ਮੌਜੂਦਾ ਅਧਿਐਨ ਦੇ ਸਕਾਰਾਤਮਕ ਪਹਿਲੂਆਂ ਵਿੱਚੋਂ ਇੱਕ ਇਹ ਹੈ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਕੌਮਾਂਤਰੀ ਪਰਵਾਸ ਕਾਨੂੰਨੀ ਢੰਗ ਨਾ਼ਲ ਹੋਇਆ। ਮਾਝੇ ਦੇ ਕੁੱਲ 362 ਪਰਵਾਸੀਆਂ ਨੇ ਕਾਨੂੰਨੀ ਢੰਗ ਨਾ਼ਲ ਵਿਦੇਸਾਂ ਵਿੱਚ ਪਰਵਾਸ ਕੀਤਾ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 991 ਕਾਨੂੰਨੀ ਢੰਗ ਅਤੇ ਬਾਕੀ ਦੇ 32 ਗ਼ੈਰ-ਕਾਨੂੰਨੀ ਢੰਗ ਨਾ਼ਲ ਵਿਦੇਸਾਂ ਵਿੱਚ ਗਏ। ਇਸ ਖੇਤਰ ਦੇ ਪਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗ ਨਾ਼ਲ ਵਿਦੇਸਾਂ ਵਿੱਚ ਜਾਣ ਦੀ ਫ਼ੀਸਦੀ ਕ੍ਰਮਵਾਰ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 1394 (99.36 ਫ਼ੀਸਦ) ਨੇ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ ਸਿਰਫ਼ 9 (0.64 ਫ਼ੀਸਦ) ਨੇ ਗ਼ੈਰ-ਕਾਨੂੰਨੀ ਢੰਗ ਅਪਣਾਇਆ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਜਿੱਥੇ ਭਾਰਤੀ ਟਰੈਵਲ ਏਜੰਟਾਂ ਜਾਂ ਬਾਹਰਲੇ ਦੇਸਾਂ ਵਿੱਚ ਰੁਜ਼ਗਾਰਦ-ਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਪਾਇਆ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ ਅਤੇ ਇਸ ਸੰਬੰਧ ਵਿੱਚ ਜ਼ਿਆਦਾਤਰ ਐਨ.ਆਰ.ਆਈ. ਰੁਜ਼ਗਾਰਦਾਤਾਵਾਂ ਨੇ ਤਾਂ ਪਰਵਾਸੀਆਂ ਦਾ ਅਮਰਬੇਲ ਵੇਲ ਵਾਂਗ ਨਪੀੜਨ ਕੀਤਾ।

ਮਾਝੇ ਦੇ ਪੇਂਡੂ ਇਲਾਕਿਆਂ ਵਿਚੋਂ ਅੱਧੇ ਤੋਂ ਵੱਧ (58.01 ਫ਼ੀਸਦ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਫ਼ੀਸਦ) ਵਿਅਕਤੀ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਇਸ ਤੋਂ ਇਲਾਵਾ, 4.42 ਫ਼ੀਸਦ ਵਿਅਕਤੀਆਂ ਕੋ਼ਲ ਵਿਦੇਸ ਜਾਣ ਲੀ ਪਰਿਵਾਰ ਜਾਂ ਖ਼ੂਨ ਨਾ਼ਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ ਅਤੇ ਸਿਰਫ਼ 2.1 ਫ਼ੀਸਦ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ।

ਦੁਆਬੇ ਵਿੱਚੋਂ ਸਭ ਤੋਂ ਵੱਧ (47.02 ਫ਼ੀਸਦ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਪ੍ਰਵੇਸ਼ ਕੀਤਾ, ਜਦੋਂ ਕਿ 43 ਫ਼ੀਸਦ ਦੇ ਕਰੀਬ ਵਿਅਕਤੀਆਂ ਕੋ਼ਲ ਵਿਦੇਸਾਂ ਵਿੱਚ ਜਾਣ ਲਈ ਪੜ੍ਹਾਈ ਵੀਜ਼ਾ ਸੀ। ਇਸ ਤੋਂ ਇਲਾਵਾ, 5.55 ਫ਼ੀਸਦ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਅਤੇ 3.13 ਫ਼ੀਸਦ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਸਿਰਫ਼ 1.31 ਫ਼ੀਸਦ ਵਿਅਕਤੀਆਂ ਕੋ਼ਲ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾ਼ਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ। ਲਗਭਗ ਅਜਿਹਾ ਹੀ ਰੁਝਾਨ ਮਾਲਵੇ ਵਿੱਚ ਦੇਖਣ ਨੂੰ ਮਿਲਿਆ ਹੈ। ਇਸ ਖੇਤਰ ਵਿੱਚ ਬਹੁ-ਗਿਣਤੀ (60.55 ਫ਼ੀਸਦ) ਵਿਅਕਤੀ ਪੜ੍ਹ-ਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ, ਜਦੋਂ ਇੱਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਫ਼ੀਸਦ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, 7.53 ਫ਼ੀਸਦ ਪਰਵਾਸੀਆਂ ਕੋ਼ਲ ਸਪਾਊਸ ਵੀਜ਼ਾ ਸੀ ਅਤੇ 4.02 ਫ਼ੀਸਦ ਵਿਅਕਤੀ ਵਿਜ਼ਟਨ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਸਿਰਫ਼ 1.93 ਫ਼ੀਸਦ ਪਰਵਾਸੀਆਂ ਕੋ਼ਲ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾ਼ਲ ਸੰਬੰਧਿਤ ਵੀਜ਼ਾ ਸੀ।

ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾ਼ਲੇ ਬਹੁਤ ਸਾਰੇ ਕਾਰਕ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਸਿਰਫ਼ ਇੱਕ ਕਾਰਨ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਦੁਆਬੇ ਦੇ 9.14, ਮਾਲਵੇ ਦੇ 85.03, ਅਤੇ ਮਾਝੇ ਦੇ 27.9 ਫ਼ੀਸਦ ਪਰਵਾਸੀਆਂ ਦੇ ਸੰਬੰਧ ਵਿੱਚ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਮਾਝੇ 32.6, ਮਾਲਵੇ ਦੇ 19.67 ਅਤੇ ਦੁਆਬੇ ਦੇ 18.77 ਫ਼ੀਸਦ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸਾਂ ਵਿੱਚ ਗਏ। ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਜਾ਼ਲ ਤੋਂ ਬਚਣ ਲਈ ਮਾਝੇ ਦੇ 24.59, ਮਾਲਵੇ ਦੇ 14.47 ਅਤੇ ਦੁਆਬੇ ਦੇ 4.5 ਫ਼ੀਸਦ ਵਿਅਕਤੀਆਂ ਨੇ ਵਿਦੇਸਾ ਵਿੱਚ ਪਰਵਾਸ ਕੀਤਾ। ਸੂਬੇ ਦੀਆਂ ਵਿਗੜੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ ਮਾਝੇ, ਮਾਲਵੇ, ਅਤੇ ਦੁਆਬੇ ਦੇ ਕ੍ਰਮਵਾਰ 31.22, 16.68, ਅਤੇ 15.64 ਫ਼ੀਸਦ ਵਿਅਕਤੀਆਂ ਨੂੰ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਮਜ਼ਬੂਰ ਕੀਤਾ। ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78 ਅਤੇ ਦੁਆਬੇ ਦੇ 1.17 ਫ਼ੀਸਦ ਵਿਅਕਤੀਆਂ ਨੇ ਵਿਦੇਸਾਂ ਵਿੱਚ ਜਾਣਾ ਬਿਹਤਰ ਸਮਝਿਆ। ਦੁਆਬੇ ਦੇ 79.67, ਮਾਝੇ ਦੇ 67.88 ਅਤੇ ਮਾਲਵੇ ਦੇ 62.44 ਫ਼ੀਸਦ ਵਿਅਕਤੀਆਂ ਨੇ ਵਧੇਰੇ ਕਮਾਈ ਕਰਨ ਦੀ ਇੱਛਾ ਕਾਰਨ ਵਿਦੇਸਾਂ ਵਿੱਚ ਪਰਵਾਸ ਕੀਤਾ। ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝੇ, ਦੁਆਬੇ, ਅਤੇ ਮਾਲਵੇ ਦੇ ਕ੍ਰਮਵਾਰ 82.57, 73.9, ਅਤੇ 64.01 ਫ਼ੀਸਦ ਵਿਅਕਤੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਮਾਝੇ ਦੇ 14.92, ਮਾਲਵੇ ਦੇ 10.91 ਅਤੇ ਦੁਆਬੇ ਦੇ 8.7 ਫ਼ੀਸਦ ਵਿਅਕਤੀਆਂ ਦੇ ਵਿਦੇਸ਼ਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸਾਂ ਵਿੱਚ ਵੱਸ ਜਾਣਾ ਸੀ। ਮਾਝੇ, ਦੁਆਬੇ, ਅਤੇ ਮਾਲਵੇ ਦੇ ਕ੍ਰਮਵਾਰ 37.57, 28.54, ਅਤੇ 16.61 ਫ਼ੀਸਦ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਉਮੀਦ ਨਾ਼ਲ ਵਿਦੇਸਾਂ ਵਿੱਚ ਪਰਵਾਸ ਕੀਤਾ।

ਮਾਝੇ ਵਿੱਚੋਂ ਪਰਵਾਸੀਆਂ ਦੇ ਵਧੇਰੇ ਹਿੱਸੇ (25.41 ਫ਼ੀਸਦ) ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ ਇੰਨੇ ਹੀ (25.14 ਫ਼ੀਸਦ) ਪਰਵਾਸੀਆਂ ਨੇ ਪਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਫ਼ੀਸਦ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ 12.43 ਫ਼ੀਸਦ ਨੇ ਪਰਵਾਸ ਕਰਨ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦ ਪਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ। ਦੁਆਬੇ ਵਿੱਚੋਂ 31.18 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦ ਪਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ। ਦੁਆਬੇ ਵਿੱਚੋਂ 31.18 ਫ਼ੀਸਦ ਪਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ, ਜਦੋਂ ਕਿ 17.2 ਫ਼ੀਸਦ ਵਿਅਕਤੀ 5 ਤੋਂ 10 ਲੱਖ ਰੁਪਏ ਖ਼ਰਚ ਕੇ ਵਿਦੇਸ ਗਏ। ਪਰਵਾਸੀਆਂ ਦੇ 13.69 ਫ਼ੀਸਦ ਨੇ ਕੌਮਾਂਤਰੀ ਪਰਵਾਸ ਲਈ 10 ਤੋਂ 15, 20.53 ਫ਼ੀਸਦ ਨੇ 15 ਤੋਂ 20, ਅਤੇ 10.95 ਫ਼ੀਸਦ ਨੇ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆ ਦੇ 3.13 ਫ਼ੀਸਦ ਨੇ ਕੌਮਾਂਰਤੀ ਪਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਫ਼ੀਸਦ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਮਾਲਵੇ ਵਿੱਚੋਂ 29.29 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ 20.38 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 20 ਤੋਂ 25 ਲੱਖ ਰੁਪਏ ਅਤੇ 17.82 ਫ਼ੀਸਦ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ।ਇਸ ਤੋਂ ਇਲਾਵਾ, 13.26 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 5 ਤੋਂ 10 ਲੱਖ ਰੁਪਏ, 10.83 ਫ਼ੀਸਦ ਨੇ 10 ਤੋਂ 15 ਲੱਖ ਰੁਪਏ, 4.78 ਫ਼ੀਸਦ ਨੇ 25 ਤੋਂ 30 ਲੱਖ ਰੁਪਏ ਅਤੇ 3.64 ਫ਼ੀਸਦ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ।

ਜਿੱਥੋਂ ਤੱਕ ਕੌਮਾਂਤਰੀ ਪਰਵਾਸ ਲਈ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ, ਤਿੰਨੋਂ ਭੂਗੋਲਿਕ ਖੇਤਰਾਂ ਵਿੱਚ ਪਰਵਾਸ ਦੇ ਕੁੱਲ ਖ਼ਰਚ ਦਾ ਜ਼ਿਆਦਾ ਹਿੱਸਾ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਹੈ। ਇਸ ਸੰਬੰਧ ਵਿੱਚ ਧਿਆਨ ਮੰਗਦਾ ਇੱਕ ਪੱਖ ਇਹ ਹੈ ਕਿ ਪਰਵਾਸੀਆਂ ਦੇ ਪਰਿਵਾਰ ਆਪਣੇ ਬੱਚਿਆਂ/ਮੈਂਬਰਾਂ ਦੇ ਪਰਵਾਸ ਲਈ ਜਿਹੜੀ ਰਕਮ ਨੂੰ ਆਪਣੀ ਬੱਚਤ ਵਜੋਂ ਦੱਸਦੇ ਹਨ ਉਹਨਾਂ ਪਰਿਵਾਰਾਂ ਸਿਰ ਸੰਸਥਾਗਤ ਉਧਾਰ/ਕਰਜ਼ੇ ਦੀਆਂ ਲਿਮਟਾਂ ਵੀ ਹਨ ਜਿਹਨਾਂ ਨੂੰ ਉਹ ਅਕਸਰ ਵਰਤਦੇ ਰਹਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿੱਚ ਪਰਵਾਸ ਲਈ ਕੁੱਲ ਖ਼ਰਚ ਦਾ ਕ੍ਰਮਵਾਰ 43.38, 40.10, ਅਤੇ 29.34 ਫ਼ੀਸਦ ਪਰਿਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਦੱਸਿਆ ਗਿਆ ਹੈ। ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਮਾਝੇ ਵਿੱਚ ਕੁੱਲ ਖ਼ਰਚ ਵਿੱਚ 21.97 ਫ਼ੀਸਦ ਯੋਗਦਾਨ ਪਾਇਆ। ਮਾਲਵੇ ਵਿੱਚ ਇਹ ਯੋਗਦਾਨ 20.04 ਫ਼ੀਸਦ ਅਤੇ ਦੁਆਬੇ ਵਿੱਚ 19.67 ਫ਼ੀਸਦ ਸੀ। ਮੌਜੂਦਾ ਅਧਿਐਨ ਦਾ ਇੱਕ ਬਹੁਤ ਹੀ ਦੁੱਖਦਾਈ ਪਹਿਲੂ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੀਆਂ ਜ਼ਮੀਨਾਂ ਵੀ ਗੁਆ ਰਹੇ ਹਨ ਅਤੇ ਆਪਣੇ ਬੱਚੇ ਵੀ। ਮਾਝੇ, ਮਾਲਵੇ, ਅਤੇ ਦੁਆਬੇ ਵਿੱਚੋਂ ਪਰਵਾਸੀਆਂ ਨੇ ਪਰਵਾਸ ਦੇ ਕੁੱਲ ਖ਼ਰਚ ਦਾ ਕ੍ਰਮਵਾਰ 25.09, 15.86, ਅਤੇ 14.27 ਫ਼ੀਸਦ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ ਹੈ। ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਗਿਆ ਜੋ ਮਾਝੇ, ਮਾਲਵੇ, ਅਤੇ ਦੁਆਬੇ ਵਿੱਚ ਪਰਵਾਸ ਦੇ ਕੁੱਲ ਖ਼ਰਚ ਦਾ ਕ੍ਰ-ਮਵਾਰ 10.38, 8.78, ਅਤੇ 5.97 ਫ਼ੀਸਦ ਹਿੱਸਾ ਬਣਦਾ ਹੈ। ਪਰਵਾਸ ਦੇ ਕੁੱਲ ਖ਼ਰਚ ਵਿੱਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿੱਚ 12.56, ਮਾਲਵੇ ਵਿੱਚ 11.1 ਅਤੇ ਮਾਝੇ ਵਿੱਚ 10.86 ਫ਼ੀਸਦ ਸੀ। ਕੌਮਾਂਤਰੀ ਪਰਵਾਸ ਲਈ ਪਰਵਾਸੀਆਂ ਨੇ ਆਪਣੇ ਹੋਣ ਵਾ਼ਲੇ ਸੁਹਰਿਆਂ ਤੋਂ ਮਾਲਵੇ, ਦੁਆਬੇ, ਅਤੇ ਮਾਝੇ ਵਿੱਚ ਪਰਵਾਸ ਦੀ ਕੁੱਲ ਲਾਗਤ ਦਾ ਕ੍ਰਮਵਾਰ 2.19, 1.33, ਅਤੇ 0.71 ਫ਼ੀਸਦ ਲਿਆ। ਪਰਵਾਸ ਦੇ ਕੁੱਲ ਖ਼ਰਚ ਦਾ ਸਿਰਫ਼ 2.21, 1.28, ਅਤੇ 1.11 ਫ਼ੀਸਦ ਹਿੱਸਾ ਕ੍ਰਮਵਾਰ ਦੁਆਬੇ, ਮਾਲਵੇ, ਅਤੇ ਮਾਝੇ ਵਿੱਚੋਂ ਪਹਿਲਾਂ ਤੋਂ ਗਏ ਕੌਮਾਂਤਰੀ ਪਰਵਾ-ਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ। ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਪਰਵਾਸ ਦੇ ਕੁੱਲ ਖ਼ਰਚ ਦਾ ਮਾਲਵੇ ਵਿੱਚ 0.65, ਦੁਆਬੇ ਵਿੱਚ 0.61 ਅਤੇ ਮਾਝੇ ਵਿੱਚ 0.44 ਫ਼ੀਸਦ ਕਰਜ਼ਾ ਲਿਆ। ਇਸ ਸੰਬੰਧ ਵਿੱਚ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਵੱਡੇ ਕਿਸਾਨ ਪਰਵਾਸੀਆਂ ਦੇ ਪਰਿਵਾਰਾਂ ਉੱਤੇ ਕਰਜ਼ਾ ਚੜ੍ਹਾ ਕੇ ਉਹਨਾਂ ਦੀਆਂ ਜ਼ਮੀਨਾਂ ਖ਼ਰੀਦਣ ਉੱਤੇ ਨਜ਼ਰ ਰੱਖਦੇ ਹਨ।

ਕੌਮਾਂਤਰੀ ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖ-ਾਵਾਂ ਹੋ ਸਕਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸਾਂ ਵਿੱਚ ਕੰਮ ਕਰ ਕੇ ਇਕੱਠੇ ਕੀਤੇ ਧਨ ਵਿੱਚੋਂ ਕੁਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿੱਚੋਂ ਗਏ ਪਰਵਾਸੀਆਂ ਵਿੱਚੋਂ ਕ੍ਰਮਵਾਰ 81.92, 54.38, ਅਤੇ 46.96 ਫ਼ੀਸਦ ਨੇ ਆਪਣੇ ਪਰਿਵਾਰਾਂ ਨੂੰ ਕੁਝ ਧਨ ਭੇਜਿਆ। ਦੁਆਬੇ ਦੇ 71.13 ਫ਼ੀਸਦ, ਮਾਲਵੇ ਦੇ 56.75 ਫ਼ੀਸਦ ਅਤੇ ਮਾਝੇ ਦੇ 51.19 ਫ਼ੀਸਦ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਸਿਰਫ਼ 5 ਲੱਖ ਰੁਪਏ ਤੱਕ ਹੀ ਰਕਮਾਂ ਭੇਜੀਆਂ। ਮਾਲਵੇ, ਦੁਆਬੇ, ਅਤੇ ਮਾਝੇ ਦੇ ਕੁੱਲ ਪਰਵਾਸੀਆਂ ਵਿੱਚੋਂ ਕ੍ਰ-ਮਵਾਰ 21.76, 10.02, ਅਤੇ 5.88 ਫ਼ੀਸਦ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਭੇਜੇ।

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਵਾਸ ਦੇ ਖ਼ਰਚ ਅਤੇ ਉਹਨਾਂ ਦੁਆਰਾ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇੱਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਪੰਜਾਬ ਅਤੇ ਭਾਰਤ ਵਿੱਚੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ।

ਕੌਮਾਂਤਰੀ ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਰਕਮਾਂ ਭੇਜਣ ਕਰ ਕੇ ਮਾਝੇ ਵਿੱਚ 90 ਫ਼ੀਸਦ ਤੋਂ ਮਾਮੂਲੀ ਵੱਧ, ਮਾਲਵੇ ਵਿੱਚ 63.79 ਫ਼ੀਸਦ ਅਤੇ ਦੁਆਬੇ ਵਿੱਚ 60.12 ਫ਼ੀਸਦ ਪਰਿਵਾਰ ਕਰਜ਼ੇ ਥੱਲੇ ਹਨ।

ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਮੌਜੂਦਾ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਖ-ਵੱਖ ਕਾਰਨਾਂ ਕਰ ਕੇ ਕੀਤਾ ਜਾ ਰਿਹਾ ਪਰਵਾਸ ਪੰਜਾਬ ਅਤੇ ਭਾਰਤ ਲਈ 'ਬੌਧਿਕ ਹੂੰਝੇ', 'ਪੂੰਜੀ ਹੂੰਝੇ' ਅਤੇ 'ਜਨਸੰਖਿਕ ਲਾਭਅੰਸ ਦੇ ਨੁਕਸਾਨ' ਤੋਂ ਬਿਨਾਂ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਹਨਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਅਤੇ ਭਾਰਤ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਦੇ ਨਾ਼ਲ ਨਾ਼ਲ ਇੱਥੋਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ, ਪ੍ਰਸ਼ਾਸਨਿਕ ਸੇਵਾਵਾਂ ਵਿੱਚ ਸੁਧਾਰ ਕੀਤਾ ਜਾਵੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਠੱਲ ਪਾਈ ਜਾਵੇ।

# ਸਾਰਾ ਹੱਕ ਪੁੱਤ ਨੂੰ ਕਿਉਂ ਧੀ ਨੂੰ ਕਿਉਂ ਨਹੀਂ



ਗੌਰਵ ਧੀਮਾਨ
91-76268-18016

ਸਮਾਂ ਅੱਜ ਵੀ ਨਹੀਂ ਬਦਲਿਆ,ਜਿਸ ਥਾਂ ਧੀ ਦਾ ਹੱਕ ਪੁੱਤ ਬਰਾਬਰ ਹੋਣਾ ਚਾਹੀਦਾ ਉਸ ਥਾਂ ਪੁੱਤ ਨੂੰ ਹੀ ਪੂਰਾ ਹੱਕ ਦਿੱਤਾ ਜਾ ਰਿਹਾ ਹੈ। ਧੀ ਦੇ ਜੰਮ ਮਗਰੋਂ ਉਸਨੂੰ ਉਹ ਸਾਰੇ ਹੱਕ ਕਿਉਂ ਨਹੀਂ ਦਿੱਤੇ ਜਾ ਰਹੇ ਜੋ ਇੱਕ ਪੁੱਤ ਨੂੰ ਦਿੱਤੇ ਜਾਂਦੇ ਹਨ। ਪਿਛਲੇ ਦੌਰ ਵਿੱਚ ਧੀਆਂ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਸੀ ਲੇਕਿਨ ਇਹ ਕਿਹੋ ਜਿਹਾ ਦੌਰ ਹੈ ਜਿੱਥੇ ਧੀ ਨੂੰ ਜੰਮ ਤੋਂ ਬਾਅਦ ਉਸਦਾ ਸਾਰਾ ਹੱਕ ਖੋਹ ਲਿਆ ਜਾਂਦਾ ਹੈ। ਪੰਜਾਬ ਦੇ ਅਹਿਮ ਇਲਾਕਿਆਂ ਦੀ ਜਾਂਚ ਕਰੀਏ ਤਾਂ ਕਈ ਅਜਿਹੇ ਸ਼ਹਿਰ ਹਨ ਜਿਹਨਾਂ ਵਿੱਚ ਧੀਆਂ ਤਾਂ ਹਨ ਪਰ ਉਹਨਾਂ ਦਾ ਭਵਿੱਖ ਨਹੀਂ। ਵੱਡਾ ਹੋ ਕੇ ਪੁੱਤ ਨਸ਼ਿਆਂ ਵਿੱਚ ਵੜ ਜਾਂਦਾ ਹੈ ਤੇ ਆਪਣਾ ਸਭ ਕੁਝ ਗੁਆ ਲੈਂਦਾ ਹੈ। ਦੂਜੇ ਪਾਸੇ ਧੀ ਆਪਣੀ ਜਿੰਦਗੀ ਮਾਂ ਤੇ ਬਾਪੂ ਲਈ ਨਿਸ਼ਾਵਰ ਕਰ ਦਿੰਦੀ ਹੈ ਤੇ ਉਹਨਾਂ ਦੀ ਇੱਜਤਦਾਰ ਧੀ ਬਣ ਦਿਖਾਉਂਦੀ ਹੈ। ਦੋਵਾਂ ਵਿੱਚ ਬਹੁਤ ਜਾਦੇ ਫ਼ਰਕ ਹੈ ਫਿਰ ਵੀ ਉਹ ਲੋਕ ਹਨ ਜੋ ਪੁੱਤ ਨੂੰ ਪੁੱਤ ਸਮਝਦੇ ਹਨ ਤੇ ਧੀ ਨੂੰ ਕੁਝ ਵੀ ਨਹੀਂ।

ਲੁਧਿਆਣਾ ਸ਼ਹਿਰ ਵੱਸਦੇ ਸੰਧੂ ਪਰਿਵਾਰ ਵਿੱਚ ਧੀ ਨੇ ਜਨਮ ਲਿਆ। ਸੰਧੂ ਸਾਬ ਬੜੇ ਨਿਰਾਸ਼ ਹੋਏ ਕਿ ਕਿੱਥੋਂ ਧੀ ਹੋ ਗਈ।।ਮੈਨੂੰ ਤਾਂ ਪੁੱਤ ਚਾਹੀਦਾ ਸੀ। ਧੀ ਦੀ ਮਾਂ ਨੇ ਆਖਿਆ,' ਹੁਣ ਜਦੋਂ ਧੀ ਹੋ ਹੀ ਗਈ ਹੈ ਤਾਂ ਧੀ ਹੀ ਸਹੀ। ਮੇਰੀ ਧੀ ਨੂੰ ਕੁਝ ਵੀ ਨਹੀਂ ਕਹਿਣਾ,ਤੁਸੀ ਨਹੀਂ ਸਵੀਕਾਰ ਕਰਨਾ ਤਾਂ ਨਾ ਕਰੋ ਪਰ ਮੈ ਆਪਣੀ ਧੀ ਨੂੰ ਜਿੰਦਗੀ ਦਵਾਂਗੀ ਤੇ ਉਸਨੂੰ ਪਾਲਾਂਗੀ।' ਇਹ ਸਭ ਸੁਣ ਕੇ ਸੰਧੂ ਸਾਬ ਬੜੇ ਗੁੱਸੇ ਤੇ ਨਾਰਾਜ ਹੋਏ ਤੇ ਉਹਨਾਂ ਆਖਿਆ,' ਮੈਨੂੰ ਇਸ ਘਰ ਦਾ ਵੰਸ਼ ਚਾਹੀਦਾ ਹੈ ਤੇ ਤੂੰ ਇਹ ਨਾ ਸੋਚੀ ਕਿ ਸਾਰਾ ਹੱਕ ਤੇਰੀ ਧੀ ਨੂੰ ਦਊ।' ਧੀ ਦੀ ਮਾਂ ਰੋਣ ਲੱਗ ਪੈਂਦੀ ਹੈ। ' ਕਿਸਮਤ ਦੀ ਲਕੀਰਾਂ ਇੱਕ ਵਾਰ ਲਿੱਖੀ ਜਾਣ ਤਾਂ ਉਸਨੂੰ ਕੋਈ ਵੀ ਨਹੀਂ ਬਦਲ ਸਕਦਾ। ਧੀ ਨੇ ਜਨਮ ਲੈਣਾ ਸੀ ਤਾਂ ਲੈ ਲਿਆ।'

ਮਾਂ ਧੀ ਦਾ ਪਿਆਰ ਬਣਿਆ ਰਿਹਾ। ਦੋ ਸਾਲ ਮਗਰੋਂ ਇੱਕ ਪੁੱਤ ਨੇ ਜਨਮ ਲਿਆ ਜਿਸਦਾ ਸੰਧੂ ਪਰਿਵਾਰ ਨੂੰ ਇੰਤਜ਼ਾਰ ਸੀ। ਘਰ ਵਿੱਚ ਬੜਾ ਪ੍ਰੋਗਰਾਮ ਰਖਾਇਆ ਤੇ ਪੂਰੇ ਪਿੰਡ ਨੂੰ ਸੱਦਾ ਦਿੱਤਾ। ਪੁੱਤ ਹੋਣ ਦੀ ਖੁਸ਼ੀ ਇਹਨੇ ਜਾਦਾ ਸੀ ਕਿ ਸੰਧੂ ਆਪਣੀ ਘਰਵਾਲੀ ਨੂੰ ਆਖਦਾ ਹੈ, 'ਹੁਣ ਦੇਖੀ ਮੈ ਆਪਣੇ ਪੁੱਤ ਨੂੰ ਕਿੱਥੋਂ ਤੱਕ ਪਹੁੰਚਾਉਂਦਾ ਹਾਂ। ਉਹ ਮੇਰਾ ਪੁੱਤ ਹੈ ਤੇ ਇਸ ਘਰ ਦਾ ਰਾਜਾ ਜਿਸਨੂੰ ਉਹ ਸਾਰੇ ਹੱਕ ਦਿੱਤੇ ਜਾਣਗੇ ਜੋ ਉਸਦੇ ਬਣਦੇ ਹਨ। ਸੰਧੂ ਨੂੰ ਆਪਣੇ ਉੱਤੇ ਬੜਾ ਮਾਨ ਸੀ ਤੇ ਸੰਧੂ ਹਮੇਸ਼ਾ ਗੁੱਸੇ ਵਿੱਚ ਹੀ ਰਹਿੰਦਾ ਸੀ। ਧੀ ਨੂੰ ਤਾਂ ਉਹ ਥੋੜ੍ਹਾ ਵੀ ਪਿਆਰ ਨਹੀਂ ਸੀ ਦਿੰਦਾ,ਧੀ ਸੰਧੂ ਨੂੰ ਪਸੰਦ ਨਹੀਂ ਸੀ।

ਆਮ ਆਦਮੀ ਦੀ ਗੱਲ ਅਗਰ ਸੰਧੂ ਦੇ ਕੰਨੀ ਪਹੁੰਚਦੀ ਤਾਂ ਉਹ ਦਬਾ ਦਿੰਦਾ ਤੇ ਅੱਗੋ ਆਖਦਾ,' ਇਹ ਜੁਬਾਨ ਅੱਜ ਖੁੱਲ੍ਹ ਗਈ ਮੁੜ ਨਾ ਖੁੱਲ੍ਹੇ। ਸੰਧੂ ਦਾ ਦਬਕਾ ਆਮ ਲੋਕਾਂ' ਤੇ ਭਾਰੂ ਸੀ ਕਿਉਂਕਿ ਉਹ ਦੱਸ ਕਿੱਲਿਆ ਦਾ ਮਾਲਿਕ ਸੀ। ਉਸਦਾ ਪਿੰਡ ਵਿੱਚ ਸਭ ਤੋਂ ਉੱਚਾ ਘਰ ਸੀ। ਵੀਹ ਸਾਲ ਬਾਅਦ ਸੰਧੂ ਕੋਲ਼ ਬਾਵਾ ਪੈਸਾ ਬਣ ਗਿਆ ਤੇ ਆਪਣੇ ਪੁੱਤ ਦੇ ਸਾਰੇ ਸ਼ੌਕ ਪੂਰੇ ਕੀਤੇ। ਵੀਹ ਸਾਲ ਦਾ ਹਰਜੋਤ ਸਿੰਘ ਸੰਧੂ ਸਕੂਲ ਪੜ੍ਹਦਾ ਸੀ। ਹਰਜੋਤ ਦਾ ਗੁੱਸਾ ਵੀ ਉਸਦੇ ਬਾਪੂ ਵਾਂਗ ਪੇਸ਼ ਆਇਆ। ਹਰਜੋਤ ਕੁਝ ਮੁੰਡਿਆ ਨੂੰ ਕੁੱਟ ਆਉਂਦਾ ਸੀ ਤੇ ਪਿੰਡ ਦਾ ਕੋਈ ਵੀ ਕਿਸਾਨ ਸੰਧੂ ਨੂੰ ਕੁਝ ਨਾ ਆਖਦਾ। ਹਰਜੋਤ ਆਪਣੇ ਬਾਪੂ ਜੀ ਦੇ ਦਮ ਉੱਤੇ ਬਲ ਰੱਖ਼ਦਾ ਸੀ।

ਰਮਣੀਕ ਕੌਰ ਆਪਣੇ ਭਰਾ ਤੋਂ ਦੋ ਸਾਲ ਵੱਡੀ ਸੀ। ਉਹ ਸ਼ੁਰੂ ਤੋਂ ਹੀ ਆਪਣੀ ਮਾਂ ਦੀ ਬੁੱਕਲ਼ ਵਿੱਚ ਰਹੀ ਤੇ ਮਾਂ ਦੇ ਸਿਖਾਏ ਬੋਲਾਂ ਉੱਤੇ ਖਰੀ ਉਤਰੀ। ਰਮਣੀਕ ਨੇ ਬਚਪਨ ਤੋਂ ਹੀ ਫ਼ੈਸਲਾ ਕਰ ਲਿਆ ਸੀ ਕਿ ਮੈ ਆਪਣੇ ਬਾਪੂ ਜੀ ਨੂੰ ਉਹ ਸਾਰੀਆਂ ਖੁਸ਼ੀਆਂ ਵੰਡ ਦਵਾਂਗੀ ਜੋ ਉਹਨਾਂ ਨੇ ਜਿੰਦਗੀ ਵਿੱਚ ਕਦੇ ਸੋਚੀਆਂ ਵੀ ਨਹੀਂ ਹੋਣੀਆਂ। ਰਮਣੀਕ ਤੜਕੇ ਉੱਠ ਪਾਠ ਕਰ ਲਿਆ ਕਰਦੀ ਸੀ ਤੇ ਗੁਰੂ ਘਰ ਜਾ ਮੱਥਾ ਟੇਕਦੀ ਸੀ। ਰਮਣੀਕ ਦਾ ਸੁਭਾਅ ਆਪਣੀ ਮਾਂ ਵਰਗਾ ਸੀ। ਰਮਣੀਕ ਨੂੰ ਉਸਦੇ ਬਾਪੂ ਜੀ ਨਹੀਂ ਬਲਾਉਂਦੇ ਸੀ। ਰਮਣੀਕ ਰੱਬ ਉੱਤੇ ਪੂਰਾ ਭਰੋਸਾ ਰੱਖਦੀ ਸੀ। ਉਹ ਆਪਣੇ ਆਪ ਨੂੰ ਆਖਦੀ ਸੀ,' ਉਹ ਦਿਨ ਦੂਰ ਨਹੀਂ ਜਿਸ ਦਿਨ ਬਾਪੂ ਜੀ ਮੇਰੇ ਮੱਥੇ ਨੂੰ ਚੁੰਮ ਆਪਣੇ ਸੀਨੇ ਨਾ ਲਾਉਣ।'

ਤਿੰਨ ਚਾਰ ਸਾਲ ਹੋਰ ਬੀਤ ਗਏ। ਹਰਜੋਤ ਗਲਤ ਕੰਮਾਂ ਵਿੱਚ ਚਲਾ ਗਿਆ। ਉਸਨੇ ਨਸ਼ਿਆਂ ਦਾ ਰਾਹ ਅਪਣਾ ਲਿਆ ਤੇ ਚੋਰੀ ਚੋਰੀ ਬਾਪੂ ਜੀ ਤੋਂ ਨਸ਼ਾ ਕਰਨ ਲੱਗ ਪਿਆ। ਨਸ਼ਾ ਸ਼ਰੀਰ ਨੂੰ ਅਗਰ ਲੱਗ ਜਾਵੇ ਤਾਂ ਮੌਤ ਦਾ ਖੂਹ ਦੂਰ ਨਹੀਂ। ਸੰਧੂ ਸਾਬ ਨੂੰ ਤਾਂ ਆਪਣਾ ਪੁੱਤ ਹੀ ਪਿਆਰਾ ਸੀ ਤੇ ਉਹ ਬਹੁਤ ਮਾਨ ਕਰਦਾ ਸੀ। ਪੁੱਤ ਦਾ ਕਾਲਜ ਪਹੁੰਚਣ ਤੋਂ ਬਾਅਦ ਸੰਧੂ ਸਾਬ ਦਾ ਨਜਰੀਆਂ ਵਧੇਰੇ ਉੱਚਾ ਹੁੰਦਾ ਗਿਆ। ਧੀ ਨੇ ਡਾਕਟਰੀ ਦੀ ਪੜ੍ਹਾਈ ਮਾਂ ਤੋਂ ਪੁੱਛ ਕੇ ਕੀਤੀ ਤੇ ਮਾਂ ਤੋਂ ਵਚਨ ਲਿਆ ਕਿ ਤੁਸੀ ਬਾਪੂ ਜੀ ਨੂੰ ਮੇਰੇ ਬਾਰੇ ਇਹ ਸਭ ਨਹੀਂ ਦੱਸੋਂਗੇ। ਮਾਂ ਨੇ ਵਚਨ ਕਰ ਦਿੱਤਾ।

ਕੁਝ ਸਾਲ ਹੋਰ ਬੀਤ ਗਏ। ਅਚਾਨਕ ਸੰਧੂ ਸਾਬ ਨੂੰ ਹਰਜੋਤ ਦਾ ਸੱਚ ਪਤਾ ਲੱਗ ਗਿਆ ਤੇ ਉਹਨਾਂ ਨੇ ਹਰਜੋਤ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕੀਤੀ। ਹਰਜੋਤ ਆਪਣੇ ਬਾਪੂ ਜੀ ਦੀ ਗੱਲ ਨਹੀਂ ਮੰਨ ਰਿਹਾ ਸੀ ਤੇ ਨਸ਼ੇ ਵਿੱਚ ਧੁੱਤ ਹੋ ਡਿੱਗਦਾ ਫਿਰਦਾ ਸੀ। ਰਮਣੀਕ ਦੀ ਪੜ੍ਹਾਈ ਪੂਰੀ ਹੋ ਚੁੱਕੀ ਸੀ ਤੇ ਡਾਕਟਰ ਦਾ ਅਹੁਦਾ ਵੀ ਪਾ ਚੁੱਕੀ ਸੀ। ਰਮਣੀਕ ਸ਼ੁਰੂ ਤੋਂ



ਜਾਣਦੀ ਸੀ ਜਦੋਂ ਹਰਜੋਤ ਨੇ ਨਸ਼ੇ ਦੇ ਦਲਦਲ ਵਿੱਚ ਪੈਰ ਰੱਖਿਆ ਸੀ ਲੇਕਿਨ ਉਹ ਦੱਸ ਨਹੀਂ ਸਕਦੀ ਸੀ ਕਿਉਂਕਿ ਉਸਦੀ ਗੱਲ ਉਸਦੇ ਬਾਪੂ ਜੀ ਨਹੀਂ ਸੁਣਦੇ ਸੀ ਤੇ ਮਾਂ ਨੂੰ ਸੱਚ ਦੱਸਣੋਂ ਰਹੀ। ਮਾਂ ਨੂੰ ਰਮਣੀਕ ਨੇ ਇਸ ਲਈ ਦੱਸਣਾ ਜਰੂਰੀ ਨਾ ਸਮਝਿਆ ਕਿਉਂਕਿ ਸੰਧੂ ਸਾਬ ਦਾ ਗੁੱਸਾ ਪੁੱਤ ਦੀ ਜਾਨ ਵੀ ਲੈ ਸਕਦਾ ਸੀ ਤੇ ਆਪਣੀ ਜਾਨ ਵੀ।

ਰਮਣੀਕ ਨੇ ਇਸ ਗੱਲ ਨੂੰ ਪੂਰੇ ਚਾਰ ਸਾਲ ਛੁਪਾ ਕੇ ਰੱਖਿਆ। ਇੱਕ ਦਿਨ ਪਤਾ ਲੱਗ ' ਤੇ ਸੰਧੂ ਨੇ ਹਰਜੋਤ ਨੂੰ ਬਹੁਤ ਝਿੜਕਿਆ ਤੇ ਨਸ਼ਾ ਛੱਡਣ ਲਈ ਆਖਿਆ ਪਰ ਪੁੱਤ ਨਾ ਮੰਨਿਆ। ਸੰਧੂ ਬਹੁਤ ਨਿਰਾਸ਼ ਹੋਇਆ ਤੇ ਆਪਣੇ ਆਪ ਨੂੰ ਕੋਸਣ ਲੱਗਾ। ਇੱਕ ਦਿਨ ਹਰਜੋਤ ਦੀ ਤਬੀਅਤ ਅਚਾਨਕ ਵਿਗੜ੍ਹ ਗਈ। ਹਸਪਤਾ਼ਲ ਵਿੱਚ ਦਾਖਿਲ ਕਰਵਾਇਆ। ਰਮਣੀਕ ਖੜ੍ਹੀ ਦੇਖ ਕੇ ਮਰੀਜ਼ ਨੂੰ ਜਲਦ ਹੀ ਡਾਕਟਰ ਅਚਾਨਕ ਐਮਰਜੈਂਸੀ ਵਿੱਚ ਲੈ ਗਏ ਤੇ ਬਾਹਰ ਆ ਕੇ ਡਾਕਟਰ ਨੇ ਆਵਾਜ਼ ਮਾਰ ਕਿਹਾ,' ਡਾ। ਰਮਣੀਕ! ਤੁਸੀ ਜਲਦੀ ਆਓ।।ਇਹ ਆਪ੍ਰੇਸ਼ਨ ਤੁਸੀ ਹੀ ਕਰੋਂਗੇ।' ਰਮਣੀਕ ਦੀ ਆਵਾਜ਼ ਆਈ,' ਹਾਂਜੀ! ਆਈ। ਇਹ ਸਭ ਦੇਖ ਕੇ ਸੰਧੂ ਬੜਾ ਹੈਰਾਨ ਹੋਇਆ। ਸੰਧੂ ਨੇ ਆਪਣੀ ਘਰਵਾਲੀ ਰਾਜਦੀਪ ਕੌਰ ਨੂੰ ਪੁੱਛਿਆ,' ਤੂੰ ਮੈਨੂੰ ਦੱਸਿਆ ਨਹੀਂ।। ਰਮਣੀਕ ਇੱਕ ਡਾਕਟਰ ਐ ?

ਸੰਧੂ ਸਾਬ ਤੁਹਾਨੂੰ ਆਪਣੇ ਉੱਤੇ ਮਾਨ ਬੜਾ ਸੀ ਤੇ ਤੁਸੀ ਆਪਣੇ ਪੁੱਤ ਨੂੰ ਹੀ ਪਿਆਰ ਕਰਦੇ ਸੀ। ਰੋਜ਼ ਮੈਨੂੰ ਰਮਣੀਕ ਆਖਿਆ ਕਰਦੀ... ਬਾਪੂ ਜੀ ਥੱਕ ਜਾਂਦੇ ਹੋਵਣਗੇ ਤੁਸੀ ਉਹਨਾਂ ਲਈ ਸ਼ਰਬਤ ਬਣਾ ਦਵੋ, ਕਦੇ ਆਖੇ ਤੁਸੀ ਲੱਤਾਂ ਘੁੱਟ ਦਵੋ ਫਿਰ ਇੱਕ ਦਿਨ ਰਮਣੀਕ ਬੜੀ ਹੋ ਗਈ। ਉਸਨੇ ਫ਼ੈਸਲਾ ਕੀਤਾ ਕਿ ਉਹ ਡਾਕਟਰ ਬਣ ਕੇ ਤੁਹਾਡੀ ਸਿਹਤ ਦਾ ਸਦਾ ਖਿਆਲ ਰੱਖੇ ਤੇ ਪੂਰੇ ਪਰਿਵਾਰ ਨੂੰ ਖੁਸ਼ ਦੇਖੇ। ਰਮਣੀਕ ਨੇ ਮੇਰੇ ਤੋਂ ਵਚਨ ਮੰਗਿਆ ਸੀ ਜਿਸ ਕਰਕੇ ਮੈ ਚੁੱਪ ਰਹੀ ਤੇ ਮੈ ਉਸ ਬਾਰੇ ਕਦੇ ਵੀ ਡਾਕਟਰ ਦੀ ਪੜਾਈ ਬਾਰੇ ਨਾ ਦੱਸਿਆ। ਮੈਨੂੰ ਵੀ ਅੱਜ ਹੀ ਪਤਾ ਲੱਗਿਆ ਕਿ ਰਮਣੀਕ ਡਾਕਟਰ ਬਣ ਗਈ ਐ।'

ਸੰਧੂ ਬੜਾ ਭਾਵੁਕ ਹੋ ਆਖਦਾ ਹੈ 'ਅੱਜ ਮੈ ਆਪਣੇ ਆਪ ਤੋਂ ਬਹੁਤ ਜਿਆਦੇ ਸ਼ਰਮਿੰਦਾ ਵਾਂ। ਮੈ ਜਿਸ ਪੁੱਤ ਦੀ ਬਦੌਲਤ ਇਹਨਾਂ ਮਾਨ ਮਹਿਸੂਸ ਕਰਦਾ ਆ ਰਿਹਾ ਸੀ ਉਹ ਤਾਂ ਨਸ਼ੇ ਕਰਨ ਵਾਲਾ ਨਿਕਲਿਆ। ਉਸਨੂੰ ਸਾਰੀਆਂ ਖੁਸ਼ੀਆਂ ਦਿੱਤੀਆਂ ਪਰ ਉਸਨੇ ਕੀ ਕੀਤਾ ਮੇਰਾ ਦਿਲ ਤੋੜਿਆ। ਮੈ ਆਪਣੀ ਧੀ ਦਾ ਬਹੁਤ ਵੱਡਾ ਗੁਨਾਹਗਾਰ ਹਾਂ। ਅੱਜ ਮੈਨੂੰ ਆਪਣੀ ਗਲਤੀ ਨਜਰ ਆ ਰਹੀ ਹੈ। ਕਾਸ਼! ਤੇਰੀ ਮੈ ਗੱਲ ਸੁਣ ਲਈ ਹੁੰਦੀ ਤਾਂ ਅੱਜ ਸ਼ਾਇਦ ਇਹ ਦਿਨ ਨਾ ਦੇਖਣਾ ਪੈਂਦਾ।' ਸੰਧੂ ਦੀਆਂ ਅੱਖਾਂ ਵਿੱਚੋਂ ਹੰਝੂ ਟੱਪਕਣ ਲੱਗ ਪਏ। ਰਾਜਦੀਪ ਆਖਦੀ ਹੈ,' ਵੇਖੋ ਸੰਧੂ ਸਾਬ... ਜੋ ਹੋਣਾ ਸੀ ਹੋ ਗਿਆ,ਹੁਣ ਵੀ ਕੁਝ ਵਿਗੜਿਆ ਨਹੀਂ। ਸਾਡੀ ਧੀ ਸਾਡੀ ਹੀ ਹੈ।' ਥੋੜ੍ਹੀ ਦੇਰ ਬਾਅਦ ਇੱਕ ਡਾਕਟਰ ਬਾਹਰ ਆਉਂਦਾ ਹੈ। ਅਚਾਨਕ ਸੰਧੂ ਉਹਨਾਂ ਨੂੰ ਆਪਣੇ ਪੁੱਤ ਬਾਰੇ ਪੁੱਛਦਾ ਹੈ,' ਡਾਕਟਰ ਸਾਬ ਹੁਣ ਮੇਰਾ ਪੁੱਤ ਕਿਵੇਂ ਐ... ਠੀਕ ਤਾਂ ਹੈ ਨਾ।'

ਡਾਕਟਰ ਅੱਗੋ ਆਖਦਾ ਹੈ,' ਤੁਸੀ ਫ਼ਿਕਰ ਨਾ ਕਰੋ। ਡਾ. ਰਮਣੀਕ ਬਹੁਤ ਹੀ ਅੱਛੇ ਡਾਕਟਰ ਹਨ। ਉਹਨਾਂ ਨੂੰ ਡਾਕਟਰੀ ਦਾ ਪੇਸ਼ਾ ਕਰਦੇ ਕਈ ਸਾਲ ਹੋ ਗਏ ਹਨ ਤੇ ਉਹਨਾਂ ਨੂੰ ਪਤਾ ਹੈ ਮਰੀਜ਼ ਨੂੰ ਕਿਵੇਂ ਠੀਕ ਕਰਨਾ ਹੈ। ਤੁਸੀ ਨਾ ਘਬਰਾਓ।' ਸੰਧੂ ਆਪਣੀ ਧੀ ਬਾਰੇ ਜਾਣ ਕੇ ਖੁਸ਼ ਹੁੰਦਾ ਹੈ ਤੇ ਡਾਕਟਰ ਨੂੰ ਪੁੱਛਦਾ ਹੈ,' ਤੁਸੀ ਦੱਸ ਸਕਦੇ ਹੋ ਰਮਣੀਕ ਕਦੋਂ ਤੋਂ ਡਾਕਟਰੀ ਦਾ ਕੰਮ ਕਰ ਰਹੀ ਹੈ।' ਡਾਕਟਰ ਅਚਾਨਕ ਦੱਸਦਾ ਹੈ,' ਜੀ! ਜਰੂਰ... ਉਹਨਾਂ ਨੂੰ ਪੂਰੇ ਚਾਰ ਸਾਲ ਹੋ ਚੁੱਕੇ ਹਨ। ਉਹਨਾਂ ਦੇ ਹੱਥ ਦਾ ਜੋ ਵੀ ਅਪ੍ਰੇਸ਼ਨ ਹੋਇਆ ਹੈ,ਉਹ ਮਰੀਜ਼ ਇੱਕਦਮ ਠੀਕ ਹੋਇਆ ਹੈ। ਜਿਸ ਕਰਕੇ ਉਹਨਾਂ ਨੂੰ ਰੱਬ ਦਾ ਫ਼ਰਿਸ਼ਤਾ ਵੀ ਕਿਹਾ ਜਾਂਦਾ ਹੈ। ਉਹ ਬਾਪ ਬੜਾ ਹੀ ਖੁਸ਼ -ਕਿਸਮਤ ਵਾਲਾ ਹੈ ਜਿਸਦੀ ਇਹ ਧੀ ਹੈ।' ਇਹਨਾਂ ਦੱਸ ਕੇ ਡਾਕਟਰ ਉੱਥੋਂ ਚਲਾ ਜਾਂਦਾ ਹੈ।

ਸੰਧੂ ਇੱਕ ਵਾਰ ਫਿਰ ਤੋਂ ਭਾਵੁਕ ਹੋ ਜਾਂਦਾ ਹੈ। ਉਹ ਸੋਚਾਂ ਸੋਚਦਾ ਹੈ ਕਿ ਪਿੱਛਲੇ ਜਨਮ ਮੈ ਪਤਾ ਨਹੀਂ ਕੀ ਪਾਪ ਕੀਤਾ ਸੀ ਜਿਹੜਾ ਮੈਨੂੰ ਇਸ ਜਨਮ ਭੁਗਤਣਾ ਪੈ ਰਿਹਾ। ਮੈਨੂੰ ਆਪਣੀ ਧੀ ਨਾਲ ਇੰਝ ਨਹੀਂ ਕਰਨਾ ਚਾਹੀਦਾ ਸੀ। ਧੀ ਤਾਂ ਸਦਾ ਹੀ ਆਪਣੇ ਬਾਪ ਦੀ ਪੱਗ ਹੁੰਦੀਆਂ ਹਨ ਜੋ ਇੱਜਤਾਂ ਬਣ ਕੇ ਰਹਿੰਦੀਆਂ ਹਨ। ਮੈਨੂੰ ਆਪਣੀ ਧੀ ਹੱਕ ਨਹੀਂ ਖੋਣਾ ਚਾਹੀਦਾ ਸੀ।'

ਪੰਦਰਾਂ ਮਿੰਟ ਬਾਅਦ ਰਮਣੀਕ ਬਾਹਰ ਆ ਜਾਂਦੀ ਹੈ। ਰਮਣੀਕ ਆ ਕੇ ਦੱਸਦੀ ਹੈ ਕਿ ਹਰਜੋਤ ਹੁਣ ਖ਼ਤਰੇ ਤੋਂ ਬਾਹਰ ਹੈ। ਹੁਣ ਜਲਦੀ ਹੀ ਠੀਕ ਹੋ ਜਾਏਗਾ। ਸੰਧੂ ਆਪਣੀ ਧੀ ਨੂੰ ਵੇਖਦਾ ਹੀ ਰਹਿ ਗਿਆ ਤੇ ਮੂੰਹੋਂ ਕੁਝ ਬੋਲਣ ਲੱਗਦਾ ਇਹਨੇ ਨੂੰ ਸੰਧੂ ਰੋਣ ਲੱਗ ਪਿਆ। ਰਮਣੀਕ ਕੋ਼ਲ ਆ ਕਹਿੰਦੀ,' ਕੀ ਹੋਇਆ ਡੈਡੀ ਜੀ... ਤੁਸੀ ਰੋਅ ਕਿਉਂ ਰਹੇ ਹੋ। ਹਰਜੋਤ ਹੁਣ ਠੀਕ ਆ, ਉਸਨੂੰ ਕੁਝ ਨੀ ਹੋਇਆ। ਨਾ ਰੋਵੋ ਡੈਡੀ ਜੀ..! ਸੰਧੂ ਅੱਜ ਦਿਲ ਤੋਂ ਪਿਗਲ ਕੇ ਰਹਿ ਗਿਆ ਸੀ ਤੇ ਸੰਧੂ ਆਪਣੀ ਧੀ ਦੇ ਮੱਥੇ ਨੂੰ ਚੁੰਮ ਆਖਦਾ ਹੈ,' ਮੈਨੂੰ ਪੁੱਤ ਧੀਏ! ਮਾਫ਼ ਕਰਦੇ... ਮੈ ਤੇਰਾ ਗੁਨਾਹਗਾਰ ਹਾਂ। ਪੂਰੇ ਪੱਚੀ ਸਾਲ ਤੇਰੇ ਤੋਂ ਈਰਖਾ ਰੱਖੀ ਤੇ ਤੈਨੂੰ ਆਪਣੇ ਤੋਂ ਵੱਖ ਰੱਖਿਆ।' ਰਮਣੀਕ ਦਾ ਜੋ ਸੁਪਨਾ ਸੀ ਉਹ ਪੂਰਾ ਹੋ ਗਿਆ । ਰਮਣੀਕ ਨੇ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਉਹ ਦਿਨ ਦੂਰ ਨਹੀਂ ਜਿਸ ਦਿਨ ਬਾਪੂ ਜੀ ਮੱਥਾ ਨਾ ਚੁੰਮਣ। ਰਮਣੀਕ ਆਖਦੀ ਹੈ,' ਤੁਸੀ ਡੈਡੀ ਜੀ ਇੰਝ ਕਿਉਂ ਸੋਚਦੇ ਓ.. ਨਾ ਸੋਚੋ ਤੇ ਨਾ ਕੁਝ ਬੋਲੋ... ਮੈ ਸ਼ੁਰੂ ਤੋਂ ਹੀ ਤੁਹਾਡੀ ਧੀ ਹਾਂ ਤੇ ਹੁਣ ਵੀ ਤੁਹਾਡੀ ਧੀ ਹਾਂ। ਮੈ ਤੁਹਾਡੇ ਤੋਂ ਕੋਈ ਗੁੱਸਾ ਨਹੀਂ ਹਾਂ। ਅੱਜ ਮੈਨੂੰ ਮੇਰੇ ਡੈਡੀ ਜੀ ਮਿਲ ਗਏ ਇਸਤੋਂ ਵੱਧ ਕੇ ਮੈਨੂੰ ਕੀ ਚਾਹੀਦਾ ਐ।' ਰਮਣੀਕ ਵੀ ਰੋਣ ਲੱਗ ਪੈਂਦੀ ਹੈ।

ਮਾਂ ਦੇ ਦੁਲਾਰ ਨੇ ਰਮਣੀਕ ਨੂੰ ਉਹ ਸਭ ਸਿਖਾਇਆ ਸੀ ਜੋ ਇੱਕ ਧੀ ਨੂੰ ਹੋਣਾ ਚਾਹੀਦਾ ਹੈ। ਸੰਧੂ ਨੇ ਆਪਣਾ ਫ਼ੈਸਲਾ ਸੁਣਾਇਆ,' ਅੱਜ ਤੋਂ ਬਾਅਦ ਧੀ ਤੇ ਪੁੱਤ ਵਿੱਚ ਕੋਈ ਫ਼ਰਕ ਨਹੀਂ ਸਮਝਿਆ ਜਾਵੇਗਾ। ਦੋਵਾਂ ਨੂੰ ਬਰਾਬਰ ਦਾ ਹੱਕ ਮਿਲੇਗਾ। ਜੋ ਪੁੱਤ ਨਹੀਂ ਕਰ ਪਾਇਆ ਉਹ ਮੇਰੀ ਧੀ ਨੇ ਕਰ ਵਿਖਾਇਆ। ਮੈਨੂੰ ਆਪਣੀ ਧੀ ਉੱਤੇ ਗਰਵ ਹੈ।' ਰਮਣੀਕ ਬਹੁਤ ਖੁਸ਼ ਸੀ ਕਿ ਉਸਨੂੰ ਉਸਦਾ ਹੱਕ ਮਿਲ ਹੀ ਗਿਆ ਤੇ ਉਹ ਸਾਰੀਆਂ ਖੁਸ਼ੀਆਂ ਮੁੜ ਵਾਪਿਸ ਮਿਲ ਗਈਆਂ ਜੋ ਬਚਪਨ ਵਿੱਚ ਖੋਹ ਲਈਆਂ ਗਈ ਸੀ। ਅੱਧੇ ਘੰਟੇ ਕੁ ਬਾਅਦ ਹਰਜੋਤ ਨੂੰ ਹੋਸ਼ ਆ ਗਿਆ ਤੇ ਨਰਸ ਬਾਹਰ ਆ ਕੇ ਡਾ। ਰਮਣੀਕ ਨੂੰ ਬਲਾਉਂਦੀ ਹੈ। ਰਮਣੀਕ ਆਪਣੇ ਨਾਲ ਚੱਲਣ ਲਈ ਸੰਧੂ ਨੂੰ ਆਖਦੀ ਹੈ।

ਹਰਜੋਤ ਆਪਣੇ ਬਾਪੂ ਜੀ ਤੋਂ ਮਾਫ਼ੀ ਮੰਗਦਾ ਹੈ ਤੇ ਆਖਦਾ ਹੈ,' ਅੱਜ ਦੀਦੀ ਨਾ ਹੁੰਦੀ ਤਾਂ ਮੈ ਇਸ ਜੱਗ ਨਾ ਹੁੰਦਾ ਬਾਪੂ ਜੀ.. ਮੈਨੂੰ ਮੇਰੀ ਗਲਤੀ ਮਾਫ਼ ਕਰ ਦਿਓ। ਅੱਗੇ ਤੋਂ ਕਦੇ ਵੀ ਨਹੀਂ ਨਸ਼ਾ ਕਰਾਂਗਾ ਤੇ ਨਾ ਮੂੰਹ ਦੇਖਾਂਗਾ। ਪੁੱਤ ਦੀ ਗੱਲ ਸੁਣ ਸੰਧੂ ਥੋੜ੍ਹਾ ਗੁੱਸੇ ਤੇ ਮਜ਼ਾਕ ਵਿੱਚ ਹੋ ਬੋਲਦਾ ਹੈ,' ਬਸ ਚੁੱਪ ਕਰਜਾ ਹੁਣ! ...ਹੁਣ ਕਿੰਨਾ ਰੁਵਾਏਂਗਾ! ਰੁਵਾ ਰੁਵਾ ਕੇ ਮੇਰਾ ਵੀ ਦਿਲ ਕਮਜ਼ੋਰ ਕਰਤਾ।' ਥੋੜ੍ਹਾ ਗੁੱਸਾ ਤੇ ਥੋੜ੍ਹਾ ਮਜ਼ਾਕ ਵਿੱਚ ਸੰਧੂ ਨੇ ਜਵਾਬ ਦਿੱਤਾ। ਪਿੱਛੇ ਖੜ੍ਹੀ ਧੀ ਤੇ ਮਾਂ ਦੋਵੇਂ ਹੱਸਣ ਲੱਗ ਪਏ। ਰਮਣੀਕ ਦੀ ਮਾਂ ਅੱਗੇ ਆ ਜਾਂਦੀ ਹੈ ਤੇ ਆਪਣੇ ਪੁੱਤ ਨੂੰ ਵੇਖ ਆਖਦੀ ਹੈ,' ਹਰਜੋਤ ਪੁੱਤ ਅੱਜ ਤੇਰੇ ਬਾਪੂ ਜੀ ਨੇ ਰਮਣੀਕ ਨੂੰ ਅਪਣਾ ਲਿਆ। ਤੂੰ ਹੁਣ ਫ਼ਿਕਰ ਨਾ ਕਰ ਹੁਣ ਸਭ ਵਾਹਿਗੁਰੂ ਜੀ ਨੇ ਠੀਕ ਕਰਤਾ ਆ। ਤੂੰ ਆਪਣੇ ਮੂੰਹ ਤੋਂ ਮਾਫ਼ੀ ਮੰਗ ਕੇ ਆਪਣੇ ਬਾਪੂ ਜੀ ਦਾ ਦਿਲ ਹਲਕਾ ਕੀਤਾ ਆ... ਬਸ ਪੁੱਤ ਨਸ਼ਾ ਵੱਲ ਨਾ ਜਾਵੀਂ, ਜਿਹੜਾ ਇਸ ਰਾਹ ਗਿਆ ਉਹ ਕਦੇ ਵੀ ਮੁੜਿਆ ਨਹੀਂ।'

## ਵੋਟ ਪਾਉਣ ਲਈ ਵੋਟਰ ਸ਼ਨਾਖਤੀ ਕਾਰਡ ਤੋਂ ਇਲਾਵਾ 12 ਵੱਖ-ਵੱਖ ਦਸਤਾਵੇਜ਼ਾਂ 'ਚੋਂ ਕਿਸੇ ਵੀ ਦਸਤਾਵੇਜ਼ ਦਾ ਇਸਤੇਮਾਲ ਕਰ ਸਕਣਗੇ ਵੋਟਰ

**ਸੰਗਰੂਰ, (ਦਲਜੀਤ ਕੌਰ)** ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੀ ਤਰਫੋਂ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਦੀ ਸੁਵਿਧਾ ਲਈ 12 ਵੱਖ-ਵੱਖ ਦਸਤਾਵੇਜ਼ਾਂ ਨੂੰ ਸ਼ਨਾਖਤੀ ਸਬੂਤ ਦੇ ਤੌਰ 'ਤੇ ਅਧਿਕਾਰਤ ਕੀਤਾ ਗਿਆ ਹੈ ਜਿਨ੍ਹਾਂ ਨੂੰ ਦਿਖਾ ਕੇ ਵੋਟਰ ਆਪਣੇ ਵੋਟ ਪਾਉਣ ਦੇ ਕੀਮਤੀ ਅਧਿਕਾਰ ਦੀ ਵਰਤੋਂ ਕਰ ਸਕਣਗੇ। ਸ਼੍ਰੀ ਜੋਰਵਾਲ ਨੇ ਦੱਸਿਆ ਕਿ 1 ਜੂਨ ਨੂੰ ਵੋਟਾਂ ਵਾਲੇ ਦਿਨ ਵੋਟਰਾਂ ਵੱਲੋਂ ਵੋਟਰ ਸ਼ਨਾਖਤੀ ਕਾਰਡ ਤੋਂ ਇਲਾਵਾ ਆਧਾਰ ਕਾਰਡ, ਮਨਰੇਗਾ ਜਾਬ ਕਾਰਡ, ਬੈਂਕ/ਡਾਕਖਾਨੇ ਦੀ ਪਾਸਬੁੱਕ ਫੋਟੋ ਸਮੇਤ, ਸਿਹਤ ਬੀਮਾ ਸਮਾਰਟ ਕਾਰਡ, ਡਰ-ਾਈਵਿੰਗ ਲਾਇਸੈਂਸ, ਪੈਨ ਕਾਰਡ, ਪਾਸਪੋਰਟ, ਫੋਟੋ ਵਾਲਾ ਪੈਨਸ਼ਨ ਦਸਤਾਵੇਜ, ਕੇਂਦਰ/ਰਾਜ ਸਰਕਾਰ/ਪੀ।ਐਸ।ਯੂ।/ ਪਬਲਿਕ ਲਿਮਟਿਡ ਕੰਪਨੀ ਦੁਆਰਾ ਕਰਮਚਾਰੀਆਂ ਨੂੰ ਜਾਰੀ ਕੀਤਾ ਫੋਟੋ ਵਾਲਾ ਸਰਵਿਸ ਸ਼ਨਾਖਤੀ ਕਾਰਡ, ਐਮ।ਪੀ।/ ਐਮ.ਐਲ.ਏ./ ਐਮ.ਐਲ.ਸੀ. ਨੂੰ ਜਾਰੀ ਕੀਤਾ ਦਫ਼ਤਰੀ ਸ਼ਨਾਖਤੀ ਕਾਰਡ ਅਤੇ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਵੱਲੋਂ ਜਾਰੀ ਯੂ।ਡੀ।ਆਈ।ਡੀ। ਕਾਰਡ ਦਿਖਾ ਕੇ ਆਪਣੀ ਵੋਟ ਪਾ ਸਕਣਗੇ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਲਈ ਨੋਟੀਫਿਕੇਸ਼ਨ 7 ਮਈ ਨੂੰ ਹੋਵੇਗਾ ਅਤੇ ਉਮੀਦਵਾਰਾਂ ਵੱਲੋ 14 ਮਈ ਤੱਕ ਕਾਗਜ਼ ਭਰੇ ਜਾ ਸਕਣਗੇ, ਜਦਕਿ 15 ਮਈ ਨੂੰ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਹੋਵੇਗੀ । ਸ਼੍ਰੀ ਜੋਰਵਾਲ ਨੇ ਦੱਸਿਆ ਕਿ ਉਮੀਦਵਾਰ 17 ਮਈ ਤੱਕ ਨਾਮਜਦਗੀ ਕਾਗਜ਼ ਵਾਪਸ ਲੈ ਸਕਣਗੇ ਜਦਕਿ 1 ਜੂਨ ਨੂੰ ਵੋਟਾਂ ਪੈਣਗੀਆਂ ਅਤੇ 4 ਜੂਨ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

## ਪੁਸਤਕ ਸਮੀਖਿਆ

**ਯਾਰਾਂਦਰੀ**
**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਗੁਰਮੀਤ ਹਯਾਤਪੁਰੀ**
**ਪ੍ਰਕਾਸ਼ਕ: ਸ਼ਬਦਲੋਕ ਲੁਧਿਆਣਾ, ਪੰਨੇ: 132,**
**ਮੁੱਲ: 10 ਡਾਲਰ**

ਇੱਕ ਲੰਬੀ ਕਾਵਿ ਗਾਥਾ 39; ਯਾਰਾਂਦਰੀਫ਼ 39; ਦਾ ਕਵੀ ਗੁਰਮੀਤ ਹਯਾਤਪੁਰੀ ਬੜੇ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਵੱਸ ਰਿਹਾ ਹੈ। ਉਸ ਧਰਤੀ ਤੇ ਰਸਦਾ ਵਸਦਾ ਹੋਇਆ ਵੀ ਉਹ ਪੰਜਾਬ ਦੇ ਦੁੱਖ ਦਰਦ ਨੂੰ ਆਪਣੇ ਦਿਲ ਦਿਮਾਗ ਵਿੱਚ ਰਿੜਕਦਾ ਰਹਿੰਦਾ ਹੈ। ਇਹਨਾਂ ਦੁੱਖਾਂ ਦੱਰਦਾਂ ਵਿੱਚ ਮਧਾਣੀ ਪਾ ਉਹ ਕੁਝ ਸਿੱਟੇ ਕੱਢਦਾ ਹੈ ਤੇ ਉਹਨਾਂ ਸਿੱਟਿਆਂ ਨੂੰ ਇੱਕ ਲੰਬੀ ਕਵਿਤਾ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਹੈ। ਹਥਲੀ ਪੁਸਤਕ 'ਯਾਰਾਂਦਾਰੀ' ਤੋਂ ਪਹਿਲਾਂ ਉਹ 'ਚਕਲਾ ਤੇ ਚੀਜ਼ ਵਹੁਟੀ, ਧੁੱਪ ਦਾ ਟੋਟਾ ਤੇ ਕਚਨਾਰ ਫਿਰ ਇਹਨਾਂ ਤਿੰਨਾਂ ਸੰਗ੍ਰਹਿਾਂ ਵਿੱਚੋਂ ਚੋਣਵੀਆਂ ਕਵਿਤਾਵਾਂ 'ਤ੍ਰਵੈਣੀ ਦਾ ਰਿੜਕ' ਵਿੱਚ ਪੇਸ਼ ਕਰਦਾ ਹੈ। ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਵੀ ਨਾਲੋਂ ਨਾਲ ਪੇਸ਼ ਕੀਤਾ ਜਾਂਦਾ ਹੈ। ਜਿਸ ਕਾਰਨ ਉਹ ਅੰਗਰੇਜ਼ਾਂ ਵਿੱਚ ਵੀ ਬੜੀ ਮਕਬੂਲੀਅਤ ਹਾਸਿਲ ਕਰਦਾ ਹੈ। ਹਥਲੀ ਪੁਸਤਕ ਯਾਰਾਂਦਰੀ ਵੀ ਉਸਦਾ ਰੌਚਕ ਅਤੇ ਗਿਆਨਵਰਧਕ ਕਾਵਿ ਸੰਗ੍ਰਹਿ ਹੈ। ਜਿਸ ਵਿੱਚ ਭਾਵੇਂ ਉਸਨੇ ਕਿਸੇ ਕਵਿਤਾ ਦਾ




ਟਾਈਟਲ ਨਹੀਂ ਲਿਖਿਆ ਫਿਰ ਵੀ ਉਸਨੇ ਆਪਣੀ ਕਵਿਤਾਵਾਂ ਦੇ 11 ਨੰਬਰ ਜਰੂਰ ਉਲੀਕੇ ਹਨ। ਇਹ ਕਾਵਿ ਗਾਥਾ ਇਸ ਬ੍ਰਹਿਮੰਡ ਦੀ ਸਿਰਜਣਾ ਤੋਂ ਸ਼ੁਰੂ ਹੋ ਕੇ ਅੱਜ ਤੱਕ ਪੁੱਜਦੀ ਹੈ। ਜਿਵੇਂ ਜਿਵੇਂ ਮਨੁੱਖ ਦਾ ਵਿਕਾਸ ਹੁੰਦਾ ਹੈ ਉਸ ਦੀ ਸੋਚ ਅਤੇ ਦਿਲ ਦਿਮਾਗ ਦੀਆਂ ਬਾਤਾਂ ਨੂੰ ਵੀ ਇਸ ਕਵਿਤਾ ਵਿੱਚ ਸ਼ਾਮਿਲ ਕੀਤਾ ਗਿਆ ਹੈ। ਪੱਥਰ ਯੁੱਗ ਤੋਂ ਆਰੰਭ ਹੁੰਦੀ ਸੱਭਿਅਤਾ, ਤਾਂਬਾਯੁੱਗ, ਹੜੱਪਾ ਸੱਭਿਅਤਾ, ਕਬੀਲਾ ਸੱਭਿਆਚਾਰ ਅਤੇ ਬਾਂਦਰ ਤੋਂ ਮਨੁੱਖ ਬਣਨ ਦੀ ਗਾਥਾ ਵੀ ਬਾਖੂਬੀ ਬਿਆਨੀ ਗਈ ਹੈ। ਇਸ ਮਨੁੱਖ ਨੇ ਕਿਨ੍ਹਾਂ ਪੜਾਵਾਂ ਨੂੰ ਕਿੰਨਾਂ ਹਾਲਤਾਂ ਵਿੱਚ ਪਾਰ ਕੀਤਾ ਉਸਦਾ ਜ਼ਿਕਰ ਵੀ ਮਿਲਦਾ ਹੈ। ਫਿਰ ਰੁੱਤਾਂ ਦੀ ਗੱਲ ਸ਼ੁਰੂ ਹੁੰਦੀ ਹੈ। ਧਰਮ ਅਤੇ ਰਾਜਿਆਂ ਦੀ ਗਾਥਾ ਖੁੱਲ੍ਹਦੀ ਹੈ। ਸਿੱਖ ਰਾਜ ਦੀ ਚਰਚਾ ਦੇ ਨਾਲ ਨਾਲ ਆਧੁਨਿਕ ਸਮੇਂ ਦੇ ਚੁਣੇ ਹੋਏ ਰਾਜਿਆਂ ਦੇ ਕਾਰਨਾਮੇ ਵੀ ਦਰਜ ਕੀਤੇ ਗਏ ਹਨ। ਆਜ਼ਾਦੀ ਤੋਂ ਬਾਅਦ ਭਾਰਤ ਨੂੰ ਮਿਲੀ ਬਰਬਾਦੀ ਦਾ ਦੁਖੜਾ ਵੀ ਰੋਇਆ ਗਿਆ ਹੈ। ਅੱਗੇ ਲਿਖੀਆਂ ਸਤ੍ਹਰਾਂ ਇਸ ਪੁਸਤਕ ਦਾ ਸਿਖਰ ਸਿਰਜ ਦਿੰਦੀਆਂ ਹਨ:-

ਦੌਰ ਸਮੇਂ ਦਾ ਬਦਲਿਆ ਤੇ ਬਦਲ ਗਈ ਸਰਕਾਰ, ਮੋਹਰੀ ਸੀ
ਜੋ ਦੰਗਿਆਂ ਬਣੇ ਰਾਜ ਦੇ ਭਾਗੀਦਾਰ।

ਇਸੇ ਤਰ੍ਹਾਂ ਕਿਸਾਨੀ ਅੰਦੋਲਨ ਦੀ ਗੱਲ ਕਿਰਤੀ ਅਤੇ ਕਿਸਾਨ ਦੇ ਇੱਕਜੁੱਟ ਹੋਣ ਨਾਲ ਕੀਤੀ ਗਈ ਹੈ। ਯਾਰਾਂਦਾਰੀ ਦੀ ਕਵਿਤਾ ਵਿੱਚ ਦਰਜ ਕਾਵਿ ਗਾਥਾ ਵਿੱਚੋਂ ਕਵੀ ਆਪਣੀ ਕਾਵਿਕਤਾ ਨੂੰ ਮਨਫੀ ਨਹੀਂ ਹੋਣ ਦਿੰਦਾ।ਇਸੇ ਕਰਕੇ ਪਾਠਕ ਹੋਰ ਅੱਗੇ ਤੇ ਹੋਰ ਅੱਗੇ ਪੜ੍ਹਦਾ ਜਾਂਦਾ ਹੈ। ਕਵੀ ਕੋਲ ਵਿਸ਼ਵ ਵਿਆਪੀ ਗਿਆਨ ਹੈ ਅਤੇ ਵਿਸ਼ਵ ਵਿੱਚ ਵਰਤ ਰਹੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਵਰਤਾਰਿਆਂ ਦੀਆਂ ਤਹਿਆਂ ਵਿਚ ਪਏ ਤੱਥਾਂ ਦੀ ਚੋਖੀ ਵਾਕਫੀਅਤ ਹੈ। ਇਹ ਤੱਥ ਇਸ ਕਾਵਿ ਗਾਥਾ ਵਿੱਚੋਂ ਝਲਕਾਰੇ ਮਾਰਦੇ ਹਨ। ਵਹਿਮਾਂ ਭਰਮਾਂ ਦੇ ਜ਼ਮਾਨੇ ਦੀ ਗਾਥਾ ਵੀ ਗਾਈ ਗਈ ਹੈ। ਜਿਵੇਂ ਜਿਵੇਂ ਮਨੁੱਖ ਨੂੰ ਸੋਝੀ ਆਈ ਉਹ ਸਮਾਜਿਕ ਜੀਵਨ ਨੂੰ ਸੰਵਾਰਦਾ ਅਤੇ ਸ਼ਿੰਗਾਰਦਾ ਆ ਰਿਹਾ ਹੈ। ਅਸਲ ਵਿੱਚ ਇਸ ਲੰਮੀ ਕਵਿਤਾ ਦਾ ਮਨੋਰਥ ਮਨੁੱਖ ਨੂੰ ਸਮੇਂ ਦਾ ਹਾਣੀ ਇਨਸਾਨ ਬਣਾਉਣਾ ਹੈ। ਉਹ ਹਰ ਕਿਸੇ ਦੀ ਊਣਤਾਈ ਨੂੰ ਬਾਖੂਬੀ ਪੇਸ਼ ਕਰਦਾ ਹੋਇਆ ਉਸ ਦਾ ਹੱਲ ਵੀ ਸੁਝਾਉਂਦਾ ਹੈ। ਵਿਪਨ ਕੁਮਾਰ ਦੁਆਰਾ ਇਸ ਕਾਵਿ ਗਾਥਾ ਦਾ ਅੰਗਰੇਜ਼ੀ ਅਨੁਵਾਦ ਵੀ ਇਸ ਪੁਸਤਕ ਦੇ ਸ਼ੁਰੂ ਦੇ ਪੰਨਿਆਂ ਵਿੱਚ ਛਾਪਿਆ ਗਿਆ ਹੈ।

ਕਵੀ ਦੀ ਇੱਕ ਹੋਰ ਪ੍ਰਾਪਤੀ ਇਹ ਹੈ ਕਿ ਉਸਦਾ ਕਹਾਣੀ ਸੰਗ੍ਰਹਿ ਅੰਮ੍ਰਿਤ ਕੁੰਡ ਪਾਠਕਾਂ ਦਾ ਭਰਪੂਰ ਹੁੰਗਾਰਾ ਹਾਸਿਲ ਕਰ ਚੁੱਕਾ ਹੈ। ਉਸਦੀ ਕਾਵਿ ਕਲਾ ਤੇ ਉੱਘੇ ਅਲੋਚਕ ਡਾ. ਰਾਮ ਮੂਰਤੀ ਇੱਕ ਆਲੋਚਨਾ ਦੀ ਪੁਸਤਕ ਵੀ ਲਿਖ ਚੁੱਕੇ ਹਨ। ਅਸਲ ਵਿਚ ਪੁਸਤਕ ਦਾ ਪਾਠ ਕਰਦਿਆਂ ਪੂਰੇ ਵਿਸ਼ਵ ਦੇ ਦਰਸ਼ਨ ਅਤੇ ਮਨੁੱਖਤਾ ਦੇ ਵਿਕਾਸ ਦੀਆਂ ਪੈੜਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ।

# 7 ਅਪ੍ਰੈਲ ਨੂੰ ਪਿੰਡ ਬਸਦੇਹੜਾ ਜਿਲ੍ਹਾ ਉਨਾ ਹਿਮਾਚਲ ਵਿੱਚ ਸਿੱਖਿਆ ਦੇ ਮਸੀਹਾ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਸੋਸਾਇਟੀ ਰਾਏਪੁਰ ਸਹੋੜਾਂ ਨਾਲ ਮਿਲਕੇ ਸ਼੍ਰੀ ਗੁਰੂ ਰਵਿਦਾਸ ਧਰਮਿਕ ਸਭਾ ਬਸਦੇਹੜਾ ਜਿਲ੍ਹਾ ਉਨਾ ਹਿਮਾਚਲ ਪ੍ਰਦੇਸ਼ ਦੇ ਸਹਿਯੋਗ ਨਾਲ "ਅਪ੍ਰੈਲ -ਦਲਿਤ ਇਤਿਹਾਸ ਮਹੀਨਾ'' ਨੂੰ ਸਮਰਪਿਤ "ਸਿੱਖਿਆ ਦੇ ਮਸੀਹਾ'' ਪ੍ਰੋਗਰਾਮ 07 ਅਪ੍ਰੈਲ ਦਿਨ ਐਤਵਾਰ ਨੂੰ ਸ਼ਾਮ 5 ਵਜੇਤੋਂ 8 ਵਜੇ ਤੱਕ ਪਿੰਡ ਬਸਦੇਹੜਾ ਜਿਲ੍ਹਾ ਉਨਾ ਹਿਮਾਚਲ ਪ੍ਰਦੇਸ਼ ਵਿੱਚ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਸਬੰਧੀ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਮੈਂਬਰਾਂ ਸਤੀਸ ਮੱਲੀ, ਤਰਸੇਮ ਸਹੋਤਾ, ਕੁਲਦੀਪ ਚੰਦ, ਪਵਨ ਕੁਮਾਰ, ਮਨੋਜ ਬੱਧਣ ਆਦਿ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਹਿਮਾਚਲ ਅਤੇ ਪੰਜਾਬ ਦੇ ਨਾਲ ਲੱਗਦੇ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਬੱਚਿਆਂ ਦੀਆ ਟੀਮਾਂ ਵਲੋਂ ਜਾਗਰੂਕਤਾ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਅਤੇ ਸਮਾਜ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਹਿਮਾਚਲ ਅਤੇ ਪੰਜਾਬ ਦੇ ਬੁੱਧੀਜੀਵੀ ਅਪਣੇ ਅਪਣੇ ਵਿਚਾਰ ਪੇਸ਼ ਕਰਨਗੇ।

ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਧਰਮਿਕ ਸਭਾ ਬਸਦੇਹੜਾ ਜਿਲ੍ਹਾ ਉਨਾ ਹਿਮਾਚਲ ਪ੍ਰਦੇਸ਼ ਦੇ ਪ੍ਰਧਾਨ ਜੋਗਿੰਦਰ ਦੀ ਅਗਵਾਈ ਵਿੱਚ ਆਈ ਹੋਈ ਸੰਗਤ ਲਈ ਖਾਣੇ ਦਾ ਪ੍ਰਬੰਧ ਕੀਤਾ ਜਾਵੇਗਾ। **ਕੁਲਦੀਪ ਚੰਦ 94175-63054**






# ਫੁੱਲ ਮੈਰਾਥਨ ਜਿੱਤ ਦਾ ਇਛੁੱਕ ਇੰਟਰਨੈਸ਼ਨਲ ਦੌੜਾਕ ਗੁਰਬਿੰਦਰ ਸਿੰਘ ਉਰਫ ਰੋਮੀ ਘੜਾਮੇ ਵਾਲਾ



**ਇੰਜੀ. ਸਤਨਾਮ ਸਿੰਘ ਮੱਟੂ**
**9779708257**

ਖੇਡਾਂ ਤੰਦਰੁਸਤ ਜੀਵਨ ਦਾ ਆਧਾਰ ਹਨ।ਖਿਡਾਰੀ ਹਮੇਸ਼ਾ ਤੰਦਰੁਸਤ, ਫੁਰਤੀਲੇ ਅਤੇ ਮੁਸਤੈਦ ਰਹਿੰਦੇ ਹਨ। ਕਈ ਵਾਰ ਜੀਵਣ ਤੰਦਰੁਸਤੀ ਲਈ ਕਸਰਤ ਕਿਰਿਆਵਾਂ ਜਾਂ ਯੋਗਾ ਕਰਦਿਆਂ ਹੀ ਅੰਦਰਲਾ ਖਿਡਾਰੀ ਉੱਭਰ ਕੇ ਸਾਹਮਣੇ ਆ ਜਾਂਦਾ ਹੈ, ਅਜਿਹਾ ਹੀ ਵਾਕਿਆ ਰੋਜ਼ਮਰ੍ਹਾ ਦੀਆਂ ਸਰੀਰਕ ਕਿਰਿਆਵਾਂ ਕਰਦਿਆਂ ਖੇਡਾਂ ਦੇ ਖੇਤਰ ਚ ਥੋੜ੍ਹੇ ਸਮੇਂ ਲੰਮੀਆਂ ਅਤੇ ਉੱਚੀਆਂ ਉਡਾਰੀਆਂ ਮਾਰਨ ਵਾਲੇ ਦੌੜਾਕ ਗੁਰਬਿੰਦਰ ਸਿੰਘ (ਰੋਮੀ ਘੜਾਮੇ ਵਾਲਾ) ਨਾਲ ਹੋਇਆ ਹੈ। ਉਸਨੇ ਬਹੁਤ ਥੋੜ੍ਹੇ ਸਮੇਂ ਚ ਹੀ ਇਸ ਖੇਤਰ 'ਚ ਵੱਡੀਆਂ ਮੱਲਾਂ ਮਾਰ ਲਈਆਂ ਹਨ।

ਗੁਰਬਿੰਦਰ ਸਿੰਘ ਉਰਫ ਰੋਮੀ ਘੜਾਮੇ ਵਾਲੇ ਦਾ ਜਨਮ ਰਾਜਪੁਰਾ ਨੇੜੇ ਘੜਾਮਾਂ ਕਲਾਂ (ਪਟਿਆਲਾ) ਵਿਖੇ 21 ਮਈ 1983 ਨੂੰ ਪਿਤਾ ਸ੍ਰ ਹਾਕਮ ਸਿੰਘ ਅਤੇ ਮਾਤਾ ਸ੍ਰੀਮਤੀ ਅਮਰਜੀਤ ਕੌਰ ਦੇ ਵਿਹੜੇ ਹੋਇਆ। ਮੁਢਲੀ ਸਿੱਖਿਆ ਤੋਂ ਬਾਅਦ ਬੀ.ਏ., ਡੀ.ਐਲ.ਐਮ.ਟੀ., ਜੀ.ਐਨ.ਐਮ., ਸੀ.ਐਮ.ਐਸ ਐਂਡ ਈ.ਡੀ. ਤੱਕ ਦੀ ਪੜਾਈ ਕੀਤੀ। ਪੰਜਾਬੀ ਦੇ ਵੱਖ ਵੱਖ ਅਖ਼ਬਾਰਾਂ ਚ ਪੱਤਰਕਾਰੀ ਕਰਦਿਆਂ ਅਤੇ ਰੋਜ਼ੀ ਰੋਟੀ ਦੇ ਜੁਗਾੜ ਲਈ ਰੋਪੜ ਸ਼ਹਿਰ ਚ ਸੈਟ ਹੋਇਆ।

ਇੱਥੇ ਰੋਜ਼ਾਨਾ ਸਵੇਰੇ ਕੁਦਰਤੀ ਫਿਜ਼ਾ ਦੇ ਨਜ਼ਾਰੇ ਮਾਣਦਿਆਂ ਸੈਰ ਕਰਨੀ, ਦੌੜ ਲਗਾਉਣੀ, ਗਰਾਂਊਂਡ ਚ ਕਸਰਤ ਕਰਨੀ ਰੋਜ਼ਮਰ੍ਹਾ ਜ਼ਿੰਦਗੀ ਦਾ ਹਿੱਸਾ ਬਣਾ ਲਿਆ। ਉਸਨੇ ਇੱਕ ਸੰਖੇਪ ਮੁਲਾਕਾਤ ਦੌਰਾਨ ਦੱਸਿਆ ਕਿ ਉਸਨੇ ਆਪਣੇ ਵਿੱਦਿਆਰਥੀ ਜੀਵਣ ਕਦੇ ਵੀ ਕਿਸੇ ਖੇਡ ਵਿੱਚ ਹਿੱਸਾ ਨਹੀਂ ਲਿਆ ਸੀ, ਪਰ ਸਰੀਰਕ ਤੰਦਰੁਸਤੀ ਲਈ ਸੈਰ ਕਰਨਾ ਉਸਦੀ ਮੁੱਢਲੀ ਆਦਤ ਸੀ। ਖੇਡਾਂ ਵੱਲ ਆਉਣ ਬਾਰੇ ਉਸਨੇ ਦੱਸਿਆ ਕਿ ਇਤਫ਼ਾਕ ਹੀ ਕਿ 2022 'ਚ ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਲਈ ਰੋਪੜ ਦੀ ਰਾਜਨ ਅਥਲੈਟਿਕਸ ਅਕੈਡਮੀ ਦੇ ਕੋਚ ਨੂੰ ਪੰਜ ਕਿਲੋਮੀਟਰ ਦੌੜ ਲਈ 35 ਸਾਲ ਦੀ ਉਮਰ ਤੋਂ ਉੱਪਰ ਵਾਲੇ ਦੌੜਾਕ ਦੀ ਲੋੜ ਸੀ।ਕੋਚ ਨੇ ਉਸਨੂੰ ਗਰਾਊਂਡ 'ਚ ਰੋਜ਼ਾਨਾ ਦੌੜ ਲਗਾਉਂਦਿਆਂ ਤੱਕਿਆ ਸੀ, ਸੋ ਉਹਨਾਂ ਰੋਮੀ ਤੱਕ ਪਹੁੰਚ ਕਰਕੇ ਮੁਕਾਬਲੇ ਲਈ ਨਾਮ ਭੇਜ ਦਿੱਤਾ। ਇਸ ਮੁਕਾਬਲੇ ਚ ਉਸਨੂੰ ਤੀਜਾ ਸਥਾਨ ਮਿਲਿਆ, ਪਰ




ਹੌਸਲਾ ਅਫ਼ਜ਼ਾਈ ਬਹੁਤ ਹੋਈ। ਉਸ ਅੰਦਰਲਾ ਖਿਡਾਰੀਪੁਣਾ ਅੰਗੜਾਈਆਂ ਲੈਣ ਲੱਗ ਪਿਆ ਤੇ ਕੋਚ ਰਾਜਨ ਕੁਮਾਰ ਦੀ ਯੋਗ ਰਹਿਨੁਮਾਈ ਅਤੇ ਅਗਵਾਈ ਹੇਠ ਦ੍ਰਿੜ ਇਰਾਦੇ ਅਤੇ ਬੁਲੰਦ ਹੌਸਲੇ ਨਾਲ ਕਰੜੀ ਮਿਹਨਤ ਅਤੇ ਕਸਰਤ ਸ਼ੁਰੂ ਕਰ ਦਿੱਤੀ।

ਉਸਦਾ ਕਹਿਣਾ ਹੈ ਕਿ ਉਹ 65 ਸਾਲ ਤੋਂ ਵੀ ਵੱਧ ਉਮਰ ਦੇ ਮੋਹਨ ਸਿੰਘ ਚਾਹਲ ਵਾਸੀ ਰੋਪੜ ਅਤੇ ਜੀਤ ਸਿੰਘ ਵਾਸੀ ਡਸਕਾ (ਮੋਹਾਲੀ) ਤੋਂ ਬਹੁਤ ਪ੍ਰਭਾਵਿਤ ਹੋਇਆ ਹੈ, ਜੋ ਉਸਦੇ ਪ੍ਰੇਰਨਾ ਸਰੋਤ ਵੀ ਕਹੇ ਜਾ ਸਕਦੇ ਹਨ।

ਉਹ ਹੁਣ ਤੱਕ ਪੰਜਾਬ, ਗੋਆ, ਕੂਚ ਬੇਹਾਰ (ਪੱਛਮੀ ਬੰਗਾਲ), ਕਰਨਾਟਕ, ਰਾਜਸਥਾਨ, ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰਾਖੰਡ, ਚੰਡੀਗੜ੍ਹ, ਤੇਲੰਗਾਨਾ ਚ ਨੈਸ਼ਨਲ ਪੱਧਰੀ ਮੁਕਾਬਲਿਆਂ ਅਤੇ ਨੇਪਾਲ ਅਤੇ ਭੂਟਾਨ ਚ ਇੰਟਰਨੈਸ਼ਨਲ ਮੁਕਾਬਲਿਆਂ ਚ ਹਿੱਸਾ ਲੈਕੇ ਜਿੱਤਾਂ ਦਰਜ ਕਰਵਾ ਕੇ ਆਪਣੇ ਇਲਾਕੇ, ਸ਼ਹਿਰ ਅਤੇ ਪੰਜਾਬ ਦਾ ਨਾਮ ਰੌਸ਼ਨ ਕਰ ਚੁੱਕਾ ਹੈ।

ਉਸਨੇ ਨੇਪਾਲ ਚ ਹੋਏ ਇੰਟਰਨੈਸ਼ਨਲ 400 ਮੀਟਰ, 800 ਮੀਟਰ, 1500 ਮੀਟਰ ਦੌੜ ਮੁਕਾਬਲਿਆਂ ਅਤੇ 4-100 ਮੀਟਰ ਰਿਲੇਅ ਦੌੜਾਂ ਵਿੱਚ ਗੋਲਡ ਮੈਡਲ ਜਿੱਤਿਆ। ਇਸੇ ਤਰ੍ਹਾਂ ਭੂਟਾਨ 'ਚ ਵੀ ਇੰਟਰਨੈਸਨਲ 800 ਮੀਟਰ ਤੇ 1500 ਮੀਟਰ ਦੌੜਾਂ ਵਿੱਚ ਗੋਲਡ ਮੈਡਲ ਅਤੇ 400 ਮੀਟਰ 'ਚ ਸਿਲਵਰ ਮੈਡਲ ਜਿੱਤ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਨਾਲ ਸਿਰ ਉੱਚਾ ਕੀਤਾ ਹੈ । ਨੈਸ਼ਨਲ ਪੱਧਰੀ ਗੋਆ ਚ ਹੋਏ ਮੁਕਾਬਲਿਆਂ 'ਚ ਉਸਨੇ 800 ਤੇ 1500




ਮੀਟਰ ਦੌੜ ਚ ਗੋਲਡ ਮੈਡਲ, 400 ਮੀਟਰ ਦੌੜ ਚ ਬ੍ਰਾਂਜ਼ ਮੈਡਲ ਅਤੇ 4-100 ਮੀਟਰ ਰਿਲੇਅ ਰੇਸ ਵਿੱਚ ਸਿਲਵਰ ਮੈਡਲ ਜਿੱਤਣ ਦਾ ਰਿਕਾਰਡ ਬਣਾਇਆ। ਕੂਚ ਬੇਹਾਰ (ਪੱਛਮੀ ਬੰਗਾਲ) ਚ 800 ਤੇ 1500 ਮੀਟਰ ਦੌੜ ਚ ਗੋਲਡ ਅਤੇ 400 ਮੀਟਰ ਬ੍ਰਾਂਜ਼ ਮੈਡਲ ਜਿੱਤੇ ਹਨ। ਉਸਨੇ ਦੌੜਾਂ ਤੋਂ ਇਲਾਵਾ ਜਲੰਧਰ ਵਿਖੇ ਸਟੇਟ ਮੁਕਾਬਲਿਆਂ ਦੌਰਾਨ ਜੈਵਲਿਨ ਥਰੋਅ ਵਿੱਚ ਬ੍ਰਾਂਜ ਮੈਡਲ, ਹੈਦਰਾਬਾਦ ਵਿਖੇ ਨੈਸ਼ਨਲ ਮੁਕਾਬਲੇ ਦੌਰਾਨ ਪੋਲ ਵਾਲਟ ਵਿੱਚ ਬ੍ਰਾਂਜ਼ ਮੈਡਲ ਨਾਲ ਪੰਜਾਬ ਦੀ ਜਿੱਤ ਦਰਜ ਕਰਵਾ ਕੇ ਪੰਜਾਬੀਅਤ ਦਾ ਝੰਡਾ ਬਰਦਾਰ ਕੀਤਾ।

ਨੇਪਾਲ ਵਿਖੇ ਇੰਟਰਨੈਸ਼ਨਲ ਅਤੇ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਵਿਖੇ ਨੈਸ਼ਨਲ ਮੁਕਾਬਲਿਆਂ ਵਿੱਚ ਉਸਨੇ ਟੀਮ ਲੀਡਰ ਅਤੇ ਆਫੀਸੀਅਲ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ।

ਉਸਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਉਸਨੂੰ 26 ਜਨਵਰੀ 2023 ਨੂੰ ਐਸ ਡੀ ਐਮ ਰਾਜਪੁਰਾ ਵੱਲੋਂ, 26 ਜਨਵਰੀ 2024 ਨੂੰ ਡਿਪਟੀ ਕਮਿਸ਼ਨਰ ਰੋਪੜ ਵੱਲੋਂ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੌਰ ਵੈਲਫੇਅਰ ਫਾਊਂਡੇਸ਼ਨ (ਰਜਿ.) ਵੱਲੋਂ ਆਲਾਜ਼-ਏ-ਆਵਾਮ ਅਵਾਰਡ ਅਤੇ ਡਾ. ਅਮਰਜੀਤ ਸ਼ਰਮਾ ਸਪੋਰਟਸ ਕਲੱਬ ਕੀਰਤਪੁਰ ਸਾਹਿਬ ਵੱਲੋਂ ਮਰਹੂਮ ਕੇ. ਦੀਪ ਯਾਦਗਾਰੀ ਅਵਾਰਡ ਸਨਮਾਨ 'ਚ ਮਿਲਿਆ ਹੈ। ਉਸਦਾ ਕਹਿਣਾ ਹੈ ਕਿ ਉਸਦੀ ਮੁੱਖ ਦੌੜ 400 ਮੀਟਰ ਹੈ ਅਤੇ ਉਹ 60 ਮੀਟਰ ਤੋਂ 21.1 ਕਿਲੋਮੀਟਰ (ਹਾਫ ਮੈਰਾਥਨ) ਤੱਕ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰਕੇ ਮੁਕਾਬਲੇ ਜਿੱਤ ਚੁੱਕਾ ਹੈ। ਉਸਦਾ ਕਹਿਣਾ ਹੈ ਕਿ:

"ਇਸ ਦੁਨੀਆਂ ਵਿੱਚ ਬੰਦੇ ਖਾਤਿਰ
ਨਹੀਂ ਕੋਈ ਕੰਮ ਔਖੇਰਾ,
ਬੱਸ ਚਾਹੀਦੈ ਮੰਜ਼ਿਲ ਉੱਤੇ
ਪੈੜਾਂ ਕਰਨ ਦਾ ਜੇਰਾ..."

ਉਹ ਦ੍ਰਿੜ ਇਰਾਦੇ ਅਤੇ ਬੁਲੰਦ ਹੌਸਲੇ ਨਾਲ ਮੰਜ਼ਿਲਾਂ ਸਰ ਕਰਨ ਲਈ ਮਿਹਨਤ ਨਾਲ ਜੁਟਿਆ ਹੋਇਆ ਹੋਇਆ ਹੈ।

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ,
ਉਹ ਕਰ ਆਰਾਮ ਨਹੀਂ ਬਹਿੰਦੇ.."

ਭਾਈ ਵੀਰ ਸਿੰਘ ਦੀਆਂ ਸਤਰਾਂ ਉਸ ਉੱਪਰ ਪੂਰੀਆਂ ਢੁੱਕਦੀਆਂ ਹਨ। ਹੁਣ ਉਸਦਾ ਟੀਚਾ 42.2 ਕਿਲੋਮੀਟਰ (ਫੁੱਲ ਮੈਰਾਥਨ) ਜਿੱਤਣਾ ਹੈ।

ਬਹੁਤ ਹੀ ਮਿਲਣਸਾਰ ਅਤੇ ਪੁਆਧ ਦਾ ਜੰਮਪਲ ਰੋਮੀ ਘੜਾਮੇ ਵਾਲਾ ਇੱਕ ਵਧੀਆ ਪੱਤਰਕਾਰ, ਪੁਆਧੀ ਸ਼ਾਇਰ, ਸੁਰੀਲੀ ਅਤੇ ਬੁਲੰਦ ਆਵਾਜ਼ ਦਾ ਮਾਲਕ ਗਾਇਕ ਵੀ ਹੈ। ਉਸਦਾ ਨੌਜਵਾਨਾਂ ਨੂੰ ਸੁਨੇਹਾ ਆਇਆਹੈ ਕਿ ਜਲਦੀ ਸੌਂ ਕੇ ਜਲਦੀ ਉੱਠਣ ਦੀ ਆਦਤ ਨਾਲ ਆਪਣਾ ਦਿਨ ਲੰਮਾ ਕਰੋ। ਉਸਦਾ ਮੰਨਣਾ ਹੈ ਕਿ

"ਹਿੰਮਤ ਕਰੇ ਇਨਸਾਨ ਤੋਂ ਕਿਆ ਕਾਮ ਹੈ ਮੁਸ਼ਕਿਲ
ਵੋ ਕੌਨ ਜਾਂ ਮਾਮਲਾ ਹੈ ਯੋ ਹੱਲ ਨਹੀਂ ਹੋ ਸਕਤਾ।।"

ਸਾਰਥਕ ਸੋਚ ਅਤੇ ਇਮਾਨਦਾਰੀ ਨਾਲ ਮਿਹਨਤ ਕਰੋ, ਸਫਲਤਾ ਤੁਹਾਡੇ ਕਦਮ ਚੁੰਮੇਗੀ।

ਉਸਦੀਆਂ ਸਫਲਤਾਵਾਂ ਦੀਆਂ ਲੰਮੀਆਂ ਉਡਾਰੀਆਂ ਲਈ ਸਾਡੀਆਂ ਵੀ ਦਿਲੋਂ ਦੁਆਵਾਂ।

# ਕਵਿੱਤਰੀ ਦੇ ਜੀਵਨ ਅਨੁਭਵਾਂ ਅਤੇ ਤਜਰਬਿਆਂ ਦਾ ਨਿਚੋੜ ਹੈ-ਵਲਵਲਿਆਂ ਦੀ ਦੁਨੀਆਂ

**ਲੇਖਿਕਾ -ਬਲਵਿੰਦਰ ਕੌਰ ਥਿੰਦ**
**ਫੋਨ-88721-44600**
**ਕਾਵਿ ਸੰਗ੍ਰਹਿ -ਵਲਵਲਿਆਂ ਦੀ ਦੁਨੀਆਂ**
**ਪੰਨੇ-112, ਮੁੱਲ-200 ਰੁਪਏ**
**ਪਬਲਿਸ਼ਰ-ਗੁਸੱਈਆਂ ਪਬਲੀਕੇਸ਼ਨ ਪਟਿਆਲਾ**

ਬਲਵਿੰਦਰ ਕੌਰ ਥਿੰਦ ਪੰਜਾਬੀ ਸਾਹਿਤ ਦੇ ਪਿੜ੍ਹ ਦੀ ਬੇੜੀ ਦੇ ਨਵੇਂ ਪੂਰ ਦੀਆਂ ਕਵਿੱਤਰੀਆਂ ਚ ਸ਼ੁਮਾਰ ਕਵਿਤਰੀ ਹੈ। ਉਹ ਪੇਸ਼ੇ ਪੱਖੋਂ ਅਧਿਆਪਕਾ ਅਤੇ ਗਹਿਰੀ ਸੋਚ ਦੀ ਮਾਲਕ ਹੈ। ਉਹ ਬੇਹੱਦ ਸਾਊ, ਨਿਮਰ ਅਤੇ ਮਿੱਠਬੋਲੜੇ ਸੁਭਾਅ ਵਾਲੀ ਸਾਰਥਿਕ ਅਤੇ ਸਿਰਜਣਾਤਮਕ ਪ੍ਰਤਿਭਾ ਦੀ ਲੇਖਿਕਾ ਹੈ।ਉਹਦਾ ਲਿਖਣ ਸਫ਼ਰ ਬੇਸ਼ੱਕ ਲੰਮੇਰਾ ਹੈ, ਪਰ ਸਾਹਿਤਕ ਪਿੜ ਚ ਉਸਦਾ ਹੱਥਲੀ ਪਲੇਠੀ ਕਿਤਾਬ "ਵਲਵਲਿਆਂ ਦੀ ਦੁਨੀਆਂ" ਨਾਲ ਦਾਖਲਾ ਹੈ। ਉਹ ਚੁਫੇਰੇ ਵਾਪਰਦੀਆਂ ਸਮਾਜਿਕ, ਸੱਭਿਆਚਾਰਕ, ਧਾਰਮਿਕ, ਪ੍ਰਸ਼ਾਸਨਿਕ, ਧਾਰਮਿਕ ਗਤੀਵਿਧੀਆਂ ਅਤੇ ਘਟਨਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਬਣਾਉਣ ਦੀ ਕੋਸ਼ਿਸ਼ ਚ ਹੁੰਦੀ ਹੈ। ਉਹ ਵਾਤਾਵਰਣ ਪ੍ਰਸਥਿਤੀਆਂ ਅਤੇ ਜ਼ਿੰਦਗੀ ਦੇ ਸਫ਼ਰ ਦੇ ਤਜਰਬਿਆਂ ਤੋਂ ਪ੍ਰਭਾਵਿਤ ਵਿਚਾਰਾਂ ਦੀ ਲੜੀ ਦੇ ਸ਼ਬਦਾਂ ਨੂੰ ਵੀ ਮਾਲ਼ਾ ਰੂਪੀ ਕਵਿਤਾਵਾਂ ਚ ਪਰੋਣ ਦੀ ਯਤਨਸ਼ੀਲਤਾ ਦੀ ਹਾਮੀ ਹੈ। ਤਾਹੀਓਂ ਉਹ ਆਪਣੀ ਇਸ ਕਾਵਿ ਸੰਗ੍ਰਹਿ ਪੁਸਤਕ ਨੂੰ "ਵਲਵਲਿਆਂ ਦੀ ਦੁਨੀਆਂ" ਦੇ ਨਾਮ ਨਾਲ ਪ੍ਰਸਤੁਤ ਕਰਦੀ ਹੈ।ਉਹ ਆਪਣੀ ਪੁਸਤਕ ਸੰਬੰਧੀ 'ਆਪਣੇ ਵੱਲੋਂ' ਸਿਰਲੇਖ ਚ ਲਿਖਣ ਦੀ ਸ਼ੁਰੂਆਤ ਹੀ ਇਸ ਸ਼ੇਅਰ ਤੋਂ ਕਰਦੀ ਹੈ:-

ਓਸ ਸੱਚੇ ਦੇ ਦਰ ਤੇ ਜਦੋਂ ਮਨਜ਼ੂਰ ਦਿਲ ਦੀ ਪੁਕਾਰ ਹੁੰਦੀ ਏ, ਉੱਠਦੀਆਂ ਨੇ ਦਿਲ ਚ ਤਰੰਗਾਂ ਤੇ ਵਲਵਲਿਆਂ ਦੀ ਭਰਮਾਰ ਹੁੰਦੀ ਏ!




ਉਸਦੀਆਂ ਲਿਖਤਾਂ ਚ ਜ਼ਿੰਦਗੀ ਦਾ ਨਿਚੋੜ ਹੈ। ਕਵਿਤਾ ਉਹਦੀ ਜ਼ਿੰਦਗੀ ਦੇ ਨਾਲ ਚੱਲਦੀ ਹੈ।

ਡਾ।ਮੀਤ ਖੱਟੜਾ ਚੰਡੀਗੜ੍ਹ, ਸਮਾਜਿਕ ਚਿੰਤਕ ਅਤੇ ਲੇਖਕ ਬਲਵੀਰ ਜਲਾਲਾਬਾਦੀ ਨੇ ਸ਼ਾਇਰਾ ਬਲਵਿੰਦਰ ਕੌਰ ਥਿੰਦ ਦੇ ਵਿਚਾਰਾਂ ਦੀ ਸਾਰਥਕ ਅਤੇ ਗੁਣਾਤਮਕ ਪ੍ਰੌੜਤਾ ਦੀ ਮੋਹਰ ਲਗਾ ਕੇ ਲੇਖਿਕਾ ਨੂੰ ਸੁਝਾਵਾਂ ਸਹਿਤ ਹੱਲ੍ਹਾਸ਼ੇਰੀ ਦਿੱਤੀ ਹੈ। ਲੇਖਿਕਾ ਨੇ ਸਿਰਜਣਾਤਮਕ ਰੁਚੀਆਂ ਨੂੰ ਬੜ੍ਹਾਵਾ ਦੇਣ ਅਤੇ ਉਤਸ਼ਾਹਿਤ ਕਰਨ ਵਾਲੇ ਡਾ. ਦਰਸਨ ਸਿੰਘ ਆਸ਼ਟ, ਕੁਲਵੰਤ ਸਿੰਘ ਨਾਰੀਕੇ, ਬਲਵੀਰ ਸਿੰਘ ਜਲਾਲਾਬਾਦੀ, ਬੂਟਾ ਗੁਲਾਮੀਵਾਲਾ ਆਦਿ ਸਾਹਿਤਕ ਇਨਸਾਨਾਂ ਦਾ ਵੀ 'ਵਲਵਲਿਆਂ ਦੀ ਦੁਨੀਆਂ' ਪੁਸਤਕ ਤੱਕ ਦੇ ਸਫ਼ਰ 'ਚ ਸਹਿਯੋਗ ਕਰਨ ਲਈ ਵਿਸ਼ੇਸ਼ ਸ਼ਬਦਾਂ ਨਾਲ ਸਨਮਾਨ ਦਿੱਤਾ ਹੈ। ਜੇਕਰ ਪੁਸਤਕ ਦੀਆਂ ਰਚਨਾਵਾਂ ਦੀ ਗੱਲ ਕਰੀਏ ਤਾਂ ਕਵਿਤਾਵਾਂ ਚ ਰੌਚਿਕਤਾ ਹੈ ਅਤੇ ਪਹਿਲੀ ਕਵਿਤਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੈ। ਉਸਨੇ ਅਣਜੰਮੀਆਂ ਅਤੇ ਰੂੜੀਆਂ ਤੇ ਰੁਲਦੀਆਂ ਧੀਆਂ ਦੇ ਦਰਦੀਲੇ ਦ੍ਰਿਸ਼ਾਂ ਨੂੰ ਮਹਿਸੂਸ ਕਰਕੇ ਲਿਖਦਿਆਂ ਸਮਾਜ ਅਤੇ ਕਾਨੂੰਨ ਨੂੰ ਵਿਸ਼ੇਸ਼ ਤਵੱਜੋਂ ਦਾ ਸੁਝਾਅ ਦਿੱਤਾ ਹੈ।

'ਕਿੰਝ ਨੰਨ੍ਹੀ ਜਾਨ ਵਿਰਲਾਪਦੀ ਏ
ਇਹਨੂੰ ਸਜ਼ਾ ਮਿਲੀ ਕਿਹੜੇ ਪਾਪ ਦੀ ਏ'

ਔਰਤ ਦੇ ਹੱਕਾਂ ਦੀ ਹਾਮੀ, ਬਸੰਤ, ਛੱਡ ਮਨਾ, ਮਾਂ ਦਾ ਪਿਆਰ, ਮਜ਼ਦੂਰ, ਸੱਚੀਆਂ ਗੱਲਾਂ ਸਮੇਤ ਕਵਿਤਾਵਾਂ ਪੜਦਿਆਂ ਕਵੀਤਰੀ ਦੇ ਸਮਾਜ ਪ੍ਰਤੀ ਦਰਦ ਅਤੇ ਚਿੰਤਾ ਦਾ ਅਹਿਸਾਸ ਹੁੰਦਾ ਹੈ।

ਮਜ਼ਦੂਰ ਕਵਿਤਾ ਚ ਮਜ਼ਦੂਰ ਦੀ ਮਜਬੂਰੀ ਨੂੰ ਬਿਆਨ ਕਰਦਿਆਂ ਲਿਖਿਆ ਹੈ; ਮਜ਼ਦੂਰ ਵਿਚਾਰੇ ਮਜ਼ਦੂਰ ਹਰ ਪੱਖੋਂ ਮਜਬੂਰ, ਭੁੱਖ, ਗਰੀਬੀ, ਬੇਰੁਜ਼ਗਾਰੀ ਨੇ ਕੀਤੇ ਚਕਨਾਚੂਰ।

ਉਹਦੀ ਕਵਿਤਾਵਾਂ ਚ ਸਮਾਜਿਕ ਨਾਬਰਾਬਰੀ, ਦਰਿੰਦਗੀ, ਭੇਦਭਾਵ ਦੇ ਦਰਦ ਅਤੇ ਫ਼ਿਕਰ ਦਾ ਅਹਿਸਾਸ ਸਾਫ ਝਲਕਦਾ ਹੈ। ਵੋਟਾਂ ਲੈਣ ਲਈ ਲੀਡਰਾਂ ਵੱਲੋਂ ਗਰੀਬ, ਮਜ਼ਦੂਰ, ਆਮ ਲੋਕਾਂ ਨੂੰ ਲੱਛੇਦਾਰ ਭਾਸ਼ਣ ਨਾਲ ਭਰਮਾ ਕੇ ਵੋਟਾਂ ਬਟੋਰਨ ਦੇ ਢੰਗਾਂ ਅਤੇ ਕੁਰਸੀ ਦੀ ਲਾਲਸਾ ਨੂੰ ਬਾਖ਼ੂਬੀ ਉਭਾਰਿਆ ਹੈ। ਸ਼ਾਇਰਾ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਪਾਠਕ ਵੀ ਲੇਖਿਕਾ ਵਾਂਗ ਸੋਚਾਂ ਦੇ ਗਹਿਰੇ ਸਾਗਰ ਚ ਡੁੱਬ ਜਾਂਦਾ ਹੈ। ਲੇਖਿਕਾ ਦੀਆਂ ਕਵਿਤਾਵਾਂ ਚ ਸਰਲਤਾ ਹੈ, ਵਹਾਅ ਹੈ, ਲੈਅ ਹੈ, ਸਪੱਸ਼ਟਤਾ ਹੈ। ਪੁਸਤਕ ਪੜਦਿਆਂ ਅਕੇਵਾਂ ਜਾਂ ਮਾਨਸਿਕ ਥਕੇਵਾਂ ਮਹਿਸੂਸ ਨਹੀਂ ਹੁੰਦਾ। ਪਹਿਲੀ ਪੁਸਤਕ ਨਾਲ ਹੀ ਲੇਖਿਕਾ ਦੀ ਸਾਹਿਤਕ ਖੇਤਰ ਚੰਗੀ ਪਹਿਚਾਣ ਬਣਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**- ਇੰਜੀ. ਸਤਨਾਮ ਸਿੰਘ ਮੱਟੂ**

# ਇਕ ਜਗਤਾਰ ਇਹ ਵੀ ਸੀ

ਡਾ. ਜਗਤਾਰ ਮਾਰਚ 2010 ਵਿਚ ਇਸ ਦੁਨੀਆਂ ਨੂੰ ਛੱਡ ਗਿਆ ਸੀ। ਅੱਜ ਵੀ ਮੈਨੂੰ ਉਹ ਪਲ ਯਾਦ ਹੈ, ਜਦੋਂ ਉਸਦੀ ਬੇਟੀ ਕੰਚਨ ਦਾ ਫੋਨ ਆਇਆ ਕਿ ''ਅੰਕਲ ਪਾਪਾ ਨਹੀਂ ਰਹੇ'' ਤਾਂ ਕਿਵੇਂ ਇਹ ਸ਼ਬਦ ਸੁਣ ਮੈਂ ਇੱਕਦਮ ਸੁੰਨ ਹੋ ਗਿਆ ਸਾਂ। ਅੱਜ ਵੀ ਮੈਂ ਜਦ ਜਗਤਾਰ ਬਾਰੇ ਸੋਚਦਾ ਹਾਂ ਤਾਂ ਦਿਲ ਇੱਕਦਮ ਉਦਾਸ ਹੋ ਜਾਂਦਾ ਹੈ।

ਜਗਤਾਰ ਨੂੰ ਮੈਂ ਪਹਿਲੀ ਵਾਰ ਅਗਸਤ 1976 ਵਿਚ ਮਿਲਿਆ ਸੀ, ਜਦੋਂ ਉਹ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੰਜਾਬੀ ਦਾ ਲੈਕਚਰਾਰ ਨਿਯੁਕਤ ਹੋ ਕੇ ਆਇਆ ਸੀ। ਮੈਂ ਖੁਦ ਪੰਜਾਬੀ ਅਧਿਆਪਨ ਨਾਲ ਜੁੜਿਆ ਹੋਣ ਕਰਕੇ ਡਾ. ਜਗਤਾਰ ਦੀ ਸ਼ਾਇਰੀ ਤੋਂ ਵਾਕਫ ਤਾਂ ਸਾਂ ਹੀ, ਸਗੋਂ ਇਕ ਤਰ੍ਹਾਂ ਨਾਲ ਮੈਂ ਜਗਤਾਰ ਦੀ ਦਲੇਰੀ ਦਾ ਵੀ ਕਾਇਲ ਸਾਂ। ਇਸ ਦਾ ਕਾਰਨ ਇਹ ਸੀ ਕਿ 1871/72 ਦੇ 'ਸੂਰਜਮੁਖੀ' ਮੈਗਜ਼ੀਨ ਵਿਚ ਡਾ. ਜਗਤਾਰ ਦਾ ਡਾ. ਹਰਿਭਜਨ ਸਿੰਘ ਦੇ ਨਾਂ ਇਕ ਖਤ ਛਪਿਆ ਸੀ, ਜਿਸ ਵਿਚ ਜਗਤਾਰ ਨੇ ਡਾ. ਹਰਿਭਜਨ ਸਿੰਘ ਨੂੰ ਅੰਮ੍ਰਿਤਾ ਦੇ ਕਹਿਣ 'ਤੇ ਐਫਰੋ ਏਸ਼ੀਅਨ ਕਾਨਫਰੰਸ ਵਿਚੋਂ ਵਾਕ ਆਊਟ ਕਰਨ ਬਾਰੇ ਖਰੀਆਂ-ਖਰੀਆਂ ਸੁਣਾਈਆਂ ਸਨ। ਸੋ, ਮੈਂ ਇਕ ਤਰ੍ਹਾਂ ਨਾਲ ਇਕ ਪ੍ਰਸੰਸਕ ਦੀ ਹੈਸੀਅਤ ਵਿਚ ਕੁਝ ਵਧੇਰੇ ਹੀ ਬੇਸਬਰੀ ਨਾਲ ਜਗਤਾਰ ਦੀ ਉਡੀਕ ਕਰ ਰਿਹਾ ਸਾਂ। ਪਰ ਜਿਸ ਦਿਨ ਜਗਤਾਰ ਕਾਲਜ ਡਿਊਟੀ ਜੁਆਇਨ ਕਰਨ ਆਇਆ ਤਾਂ ਮੈਂ ਉਸ ਨੂੰ ਵੇਖ ਕੇ ਬੜਾ ਹੈਰਾਨ ਹੋਇਆ ਕਿਉਂਕਿ ਜਗਤਾਰ ਮੈਨੂੰ ਇਕ ਕਵੀ ਘੱਟ ਤੇ ਗਲ਼ ਵਿਚ ਪਿਸਤੌਲ ਪਾਈ ਇਕ ਜਗੀਰਦਾਰ ਵਧੇਰੇ ਲੱਗ ਰਿਹਾ ਸੀ। ਮੈਂ ਸੋਚ ਰਿਹਾ ਸਾਂ ਕਿ ਕੀ ਇਹ ਉਹੀ ਜਗਤਾਰ ਹੈ, ਜਿਸਨੇ 'ਲਹੂ ਦੇ ਨਕਸ਼' ਵਰਗੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ। ਕੀ ਇਹ ਉਹੀ ਸ਼ਾਇਰ ਹੈ ਜਿਸ ਦੀਆਂ ਲਿਖੀਆਂ ਸੱਤਰਾਂ :-

ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨੇਰਾ,<br>
ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਵੇਖ ਜੇਰਾ।

ਦੇ ਲੋਕ ਦੀਵਾਨੇ ਹਨ। ਕੁਝ ਮਿੰਟਾਂ ਵਿਚ ਹੀ ਜਗਤਾਰ ਮੇਰੇ ਨਾਲ ਘੁਲ-ਮਿਲ ਗਿਆ ਅਤੇ ਮੇਰੀ ਹੈਰਾਨਗੀ ਵੀ ਜਾਂਦੀ ਰਹੀ, ਜਦ ਉਸਨੇ ਦੱਸਿਆ ਕਿ ਉਸਦੇ ਛੋਟੇ ਭਰਾ ਦਾ ਕਤਲ ਹੋ ਗਿਆ ਸੀ, ਜਿਸ ਕਰਕੇ ਹਥਿਆਰ ਰੱਖਣਾ ਕਿਸੇ ਹੱਦ ਤੱਕ ਉਸਦੀ ਮਜਬੂਰੀ ਵੀ ਹੈ ਤੇ ਸ਼ਾਇਦ ਉਸ ਲਈ ਜ਼ਰੂਰੀ ਵੀ।

ਛੇਤੀ ਹੀ ਮੈਂ ਤੇ ਜਗਤਾਰ ਇਕ-ਦੂਜੇ ਦੇ ਨੇੜੇ ਹੁੰਦੇ ਗਏ। ਮੈਂ ਮਹਿਸੂਸ ਕੀਤਾ ਕਿ ਜਗਤਾਰ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਉਹ ਜਦ ਵੀ ਕਿਸੇ ਦੇ ਨੇੜੇ ਹੁੰਦਾ ਹੈ, ਕਿਸੇ ਨਾਲ ਸਾਂਝ ਪਾਉਂਦਾ ਹੈ ਤਾਂ ਆਪਣਾ ਆਪਾ ਉਸ ਅੱਗੇ ਫੋਲ ਕੇ ਰੱਖ ਦਿੰਦਾ ਹੈ। ਆਪਣੀ ਜ਼ਿੰਦਗੀ ਦਾ ਹਰ ਰਾਜ਼ ਉਸ ਨਾਲ ਸਾਂਝਾ ਕਰ ਲੈਂਦਾ ਹੈ। ਪਰ ਉਸਦਾ ਇਹ ਸੁਭਾਅ ਕਈ ਵਾਰ ਉਸਦਾ ਇਕ ਔਗੁਣ ਵੀ ਸਾਬਤ ਹੋਇਆ ਹੈ। ਕੁਝ ਦੋਸਤਾਂ ਦੇ ਇਸੇ ਸੁਭਾਅ ਸਦਕਾ ਉਸਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ। ਮੈਂ 1975 ਤੋਂ ਲੈ ਕੇ ਉਸਦੇ ਅੰਤਲੇ ਸਮੇਂ ਅਰਥਾਤ 2010 ਤੱਕ ਉਸ ਨਾਲ ਜੁੜਿਆ ਰਿਹਾ ਹਾਂ। ਇੰਨੇ ਲੰਮੇ ਸਮੇਂ ਦੇ ਸਾਥ ਵਿਚ ਮੈਂ ਇਕ ਗੱਲ ਮਹਿਸੂਸ ਕੀਤੀ ਕਿ ਉਹ ਆਪਣੇ ਕਿਸੇ ਦੋਸਤ ਦੀ ਨਿੰਦਾ ਨਾ ਤਾਂ ਕਰਦਾ ਸੀ ਅਤੇ ਨਾ ਹੀ ਸੁਣਦਾ ਸੀ। ਜੋ ਦੋਸਤ ਕਿਸੇ ਕਾਰਨ ਵੱਸ ਉਸ ਤੋਂ ਜੁਦਾ ਹੋ ਗਏ, ਉਹਨਾਂ ਬਾਰੇ ਵੀ ਬਹੁਤੀ ਗੱਲ ਨਹੀਂ ਸੀ ਕਰਦਾ। ਮੈਂ ਤਾਂ ਉਸਨੂੰ ਕਾਲਜ ਵਿਚ ਵਿਚਰਦਿਆਂ ਇੱਥੋਂ ਤੱਕ ਵੀ ਵੇਖਿਆ ਹੈ ਕਿ ਉਹ ਆਪਣੇ ਕਿਸੇ ਕੁਲੀਗ ਚਾਹੇ ਉਹ ਮਰਦ ਹੋਵੇ ਜਾਂ ਔਰਤ, ਉਹ ਅਪਸ਼ਬਦ ਨਹੀਂ ਸੀ ਬੋਲਦਾ। ਇਕ ਵਾਕਿਆ ਮੈਨੂੰ ਯਾਦ ਆ ਰਿਹਾ ਹੈ ਕਿ ਅਸੀਂਕੁਝ ਦੋਸਤ ਨਾਰੇ ਡਾਡੇ ਪਿਕਨਿਕ ਉਪਰ ਗਏ। ਉਥੇ ਸਾਡੇ ਇਕ ਮਿੱਤਰ ਨੇ ਇਕ ਕੁਲੀਗ (ਜੋ ਪਿਕਨਿਕ ਵਿਚ ਸ਼ਾਮਲ ਨਹੀਂ ਸੀ) ਦੀ ਬੇਟੀ ਦੀ ਸ਼ਕਲ ਸੂਰਤ ਉਪਰ ਫਿਕਰਾ ਕਸ ਦਿੱਤਾ ਤਾਂ ਜਗਤਾਰ ਨੇ ਉਸੇ ਵੇਲੇ ਉਸਨੂੰ ਗੁੱਸੇ ਨਾਲ ਝਿੜਕਦਿਆਂ ਇਹ ਕਿਹਾ ਕਿ ਅਗਾਂਹ ਤੋਂ ਇਹੋ ਜਿਹੀ ਗੱਲ ਨਹੀਂ ਕਰਨੀ। ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ ਤੇ ਮਾਂ-ਪਿਓ ਨੂੰ ਪਿਆਰੀਆਂ ਹੁੰਦੀਆਂ ਨੇ। ਇਸ ਤੋਂ ਬਾਅਦ ਮੈਂ ਵੇਖਿਆ ਕਿ ਮਿੱਤਰ ਸੱਜੇ ਖੱਬੇ ਤਾਂ ਗੱਲਾਂ ਕਰਦੇ ਸਨ ਪਰ ਜਗਤਾਰ ਦੀ ਹਾਜ਼ਰੀ ਵਿਚ ਮੁੜ ਇਹੋ ਜਿਹੀ ਗੱਲ ਕਰਨ ਦੀ ਕਿਸੇ ਨੇ ਜੁਅਰਤ ਨਹੀਂ ਕੀਤੀ।

ਜਗਤਾਰ ਦਾ ਹੁਸ਼ਿਆਰਪੁਰ ਕਾਲਜ ਆਉਣਾ ਪੰਜਾਬੀ ਵਿਭਾਗ ਲਈ ਇਕ ਸ਼ੁਭ ਸ਼ਗਨ ਸਾਬਤ ਹੋਇਆ। ਜਦ ਵੀ ਕਦੇ ਸਟਾਫ ਰੂਮ ਵਿਚ ਬੈਠਿਆ ਕਿਸੇ ਵਿਸ਼ੇ ਚਾਹੇ ਉਹ ਅੰਗਰੇਜ਼ੀ ਸਾਹਿਤ ਹੁੰਦਾ ਸੀ, ਚਾਹੇ ਹਿੰਦੀ ਸਾਹਿਤ, ਚਾਹੇ ਪੇਂਟਿੰਗ, ਫਾਈਨ ਆਰਟਸ ਅਤੇ ਚਾਹੇ ਇਤਿਹਾਸ- ਬਾਰੇ ਬਹਿਸ ਹੁੰਦੀ ਤਾਂ ਜਗਤਾਰ ਉਸ ਵਿਚ ਹਿੱਸਾ ਲੈਂਦਾ, ਆਪਣੀ ਗੱਲ ਕਹਿੰਦਾ। ਦਿਨਾਂ ਵਿਚ ਜਗਤਾਰ ਦਾ ਬਿੰਬ ਇਕ ਕਾਲਜ ਵਿਚ ਪੜ੍ਹੇ-ਲਿਖੇ ਸਕਾਲਰ ਵਾਲਾ ਬਣ ਗਿਆ। ਕਈ ਵਾਰੀ ਤਾਂ ਪੰਛੀਆਂ ਤੇ ਦਰਖਤਾਂ ਬਾਰੇ ਉਸਦੀ ਜਾਣਕਾਰੀ ਕਮਾਲ ਦੀ ਹੁੰਦੀ। ਇਹੋ ਜਿਹਾ ਸਮਾਂ ਵੀ ਮੈਂ ਵੇਖਿਆ ਜਦ ਲੋਕ ਸਿਰਫ ਜਗਤਾਰ ਦੀ ਉਡੀਕ ਇਸ ਵਾਸਤੇ ਹੀ ਕਰਦੇ ਰਹਿੰਦੇ ਕਿ ਉਸ ਕੋਲੋਂ ਵੱਖ-ਵੱਖ ਵਿਸ਼ਿਆਂ ਬਾਰੇ ਗੱਲਾਂ ਸੁਣਾਂਗੇ। ਮੈਂ ਸੱਚ ਕਹਿੰਦਾ ਹਾਂ ਕਿ ਮਹਿਫਲ (ਚਾਹੇ ਉਹ ਸਟਾਫ ਰੂਮ ਦੇ ਅੰਦਰ ਜੰਮਦੀ, ਚਾਹੇ ਬਾਹਰ ਲਾਅਨ ਵਿਚ ਤੇ ਚਾਹੇ ਕਨਟੀਨ ਵਿਚ) ਖਤਮ ਹੋਣ ਉਪਰੰਤ, ਹਰ ਕੋਈ ਇਹ ਮਹਿਸੂਸ ਕਰਦਾ ਕਿ ਉਸਦੇ ਗਿਆਨ ਵਿਚ ਵਾਧਾ ਹੋਇਆ ਹੈ। ਨਿਰਸੰਦੇਹ ਇਸ ਨਾਲ ਪੰਜਾਬੀ ਵਿਭਾਗ ਦਾ ਬਿੰਬ ਵੀ ਕਾਲਜ ਵਿਚ ਵਧੀਆ ਬਣਿਆ ਅਤੇ ਲੋਕਾਂ ਨੂੰ ਇਹ ਅਹਿਸਾਸ ਵੀ ਹੋਇਆ ਕਿ ਪੰਜਬੀ ਵਿਚ ਵੀ ਪੜ੍ਹਨ-ਲਿਖਣ ਵਾਲੇ ਬੰਦੇ ਮੌਜੂਦ ਹਨ।

ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੂੰ ਜਗਤਾਰ ਦੇ ਆਉਣ ਦਾ ਇਹ ਫਾਇਦਾ ਹੋਇਆ ਕਿ ਜਿਹੜਾਵੀ ਲੇਖਕ ਚਾਹੇ ਉਹ ਸ਼ਾਇਰ ਸੀ ਜਾਂ ਕਹਾਣੀਕਾਰ ਜਾਂ ਨਾਵਲਕਾਰ ਜਗਤਾਰ ਨੂੰ ਮਿਲਣ ਆਉਂਦਾ। ਅਸੀਂ ਐਮ. ਏ. ਦੀਆਂ ਕਲਾਸਾਂ ਇਕੱਠੀਆਂ ਕਰ ਉਸਦਾ ਲੈਕਚਰ ਰੱਖ ਦਿੰਦੇ। ਦਰਜਨਾਂ ਹੀ ਵਿਦ-ਵਾਨਾਂ/ਲੇਖਕਾਂ ਨੂੰ ਵਿਦਿਆਰਥੀ ਤੇ ਜੇ ਮੈਂ ਆਖਾਂ ਕਿ ਅਧਿਆਪਕ ਵੀ ਪਹਿਲੀ ਵਾਰ ਮਿਲੇ। ਕਾਲਜ ਦੇ ਇਹੋ ਜਿਹੇ ਲੈਕਚਰਾਂ ਉਪਰ ਇਕ ਪੈਸਾ ਵੀ ਖਰਚ ਨਹੀਂ ਆਇਆ। ਮੈਂ ਤਾਂ ਕਹਾਂਗਾ ਕਿ ਜਗਤਾਰ ਦੇ ਆਉਣ ਨਾਲ ਹੁਸ਼ਿਆਰਪੁਰ ਸ਼ਹਿਰ ਵਿਚ ਹੀ ਇਕ ਸਾਹਿਤਕ ਮਾਹੌਲ ਬਣ ਗਿਆ।



**ਪਰਬਿੰਦਰ ਸਿੰਘ**
**ਸੈਨ ਲੀਆਂਦਰੋ**
**ਕੈਲੀਫੋਰਨੀਆ**

ਜਗਤਾਰ ਪੰਜਾਬੀ, ਉਰਦੂ ਤੇ ਪਰਸ਼ੀਅਨ ਦੇ ਵਿਸ਼ਿਆਂ ਦੀ ਐਮ. ਏ. ਸੀ ਤੇ ਹਰੇਕ ਵਿਚ ਹੀ ਉਸਦੀ ਯੂਨੀਵਰਸਿਟੀ ਵਿਚ ਫਸਟ ਪੁਜੀਸ਼ਨ ਸੀ। ਮੈਂ ਜਗਤਾਰ ਦੇ ਸੁਭਾਅ ਵਿਚ ਚਾਪਲੂਸੀ ਦੀ ਭੋਰਾ ਭਰ ਵੀ ਲੇਸ ਨਹੀਂ ਵੇਖੀ। ਉਹ ਜੋ ਠੀਕ ਸਮਝਦਾ ਸੀ ਉਹ ਬਿਨਾਂ ਕਿਸੇ ਲਾਗ-ਲਪੇਟ ਦੇ ਆਪਣੇ ਅਫਸਰ ਨੂੰ ਕਹਿ ਦਿੰਦਾ ਸੀ। ਪ੍ਰਿੰਸੀਪਲ ਆਰ. ਐਸ. ਬਾਵਾ ਹੁਸ਼ਿਆਰਪੁਰ ਸਰਕਾਰੀ ਕਾਲਜ ਦੇ ਸੱਤ ਅੱਠ ਸਾਲ ਪ੍ਰਿੰਸੀਪਲ ਰਹੇ। ਉਹਨਾਂ ਦਾ ਜਗਤਾਰ ਨਾਲ ਵਾਹਵਾ ਪਿਆਰ ਸੀ। ਇਕ ਵਾਰ ਇਕ ਬੰਦਾ ਅਮਰੀਕਾ ਤੋਂ ਪਰਸ਼ੀਅਨ ਦਾ ਇਕ ਖਰੜਾ ਲੈ ਕੇ ਆਇਆ। ਉਹ ਉਥੇ ਇਤਿਹਾਸ ਦੇ ਵਿਸ਼ੇ 'ਤੇ ਪੀ. ਐਚ. ਡੀ. ਕਰ ਰਿਹਾ ਸੀ ਤੇ ਉਸ ਖਰੜੇ ਦੇ ਅਨੁ-ਵਾਦ ਦੀ ਉਸਨੂੰ ਡਾਢੀ ਲੋੜ ਸੀ। ਉਹ ਬਾਵਾ ਜੀ ਦਾ ਦੋਸਤ ਸੀ ਤੇ ਉਸਨੂੰ ਕਿਸੇ ਨੇ ਦੱਸ ਪਾਇ. ਸੀ ਕਿ ਹੁਸ਼ਿਆਰਪੁਰ ਕਾਲਜ ਵਿਚ ਜਗਤਾਰ ਨੂੰ ਪਰਸ਼ੀਅਨ ਆਉਂਦੀ ਹੈ। ਪ੍ਰਿੰਸੀਪਲ ਸਾਹਿਬ ਨੇ ਜਗਤਾਰ ਨੂੰ ਦਫਤਰ ਬੁਲਾਇਆ ਤੇ ਉਸ ਸਾਹਮਣੇ ਉਸ ਆਦਮੀ ਦੀ ਸਮੱਸਿਆ ਰੱਖੀ। ਜਗਤਾਰ ਨੇ ਖਰੜਾ ਵੇਖਿਆ- ਜੋ ਤਕਰੀਬਨ 100 ਕੁ ਸਫੇ ਦਾ ਸੀ ਤੇ ਕਿਹਾ ਕਿ ਮੈਂ ਇਯਦੇ ਅਨੁਵਾਦ ਕਰ ਦਿਆਂਗਾ। ਤੁਸੀਂ ਮਹੀਨੇ ਬਾਅਦ ਮੇਰੇ ਤੋਂ ਲੈ ਜਾਣਾ। ਬਾਵਾ ਜੀ ਤੇ ਉਹਨਾਂ ਦੇ ਦੋਸਤ ਨੇ ਕਿਹਾ ਕਿ ਜੇ 15 ਦਿਨਾਂ ਵਿਚ ਕੰਮ ਹੋ ਜਾਵੇ ਤਾਂ ਵਧੇਰੇ ਠੀਕ ਹੈ। ਜਗਤਾਰ ਨੇ ਕਿਹਾ ਕਿ ਮੈਂ ਹਰ ਰੋਜ਼ 4 ਸਫੇ ਕਰਾਂਗਾ ਤੇ ਬਾਕੀ ਮੇਰੇ ਹੋਰ ਵੀ ਕੰਮ ਹਨ। ਜੇ ਤੁਸੀਂ ਇਕ ਮਹੀਨਾ ਉਡੀਕ ਸਕਦੇ ਹੋ ਤਾਂ ਠੀਕ ਹੈ ਨਹੀਂ ਤਾਂ ਕਿਸੇ ਹੋਰ ਕੋਲੋਂ ਕਰਵਾ ਲਵੋ। ਉਹ ਬੰਦਾ ਕਹਿਣ ਲੱਗਾ ਕਿ ਪੈਸੇ ਜਿੰਨੇ ਮਰਜ਼ੀ ਲੈ ਲਵੋ ਤਾਂ ਜਗਤਾਰ ਨੇ ਕਿਹਾ ਕਿ ਇਕ ਤਾਂ ਤੁਸੀਂ ਬਾਵਾ ਜੀ ਦੇ ਦੋਸਤ ਹੋ ਤੇ ਦੂਜਾ ਇਕ ਸਕਾਲਰ ਜੋ ਕੁਝ ਕਰਨਾ ਚਾਹੁੰਦੇ ਹੋ। ਮੈਂ ਤਾਂ ਇਸ ਨਾਤੇ ਤੁਹਾਡਾ ਕੰਮ ਕਰਨ ਲਈ ਹਾਂ ਕੀਤੀ ਸੀ, ਵਰਨਾ ਮੈਨੂੰ ਤਾਂ ਆਪਣੇ ਹੀ ਕੰਮਾਂ ਤੋਂ ਵਿਹਲ ਨਹੀਂ। ਜੇ ਪੈਸੇ ਨਾਲ ਹੀ ਕੰਮ ਕਰਵਾਉਣਾ ਹੈ ਤਾਂ ਹੋਰ ਬਥੇਰੇ ਹਨ। ਜਗਤਾਰ ਨੇ ਅਨੁਵਾਦ ਕੀਤਾ, ਉਹ ਬੰਦਾ ਪੀ. ਐਚ. ਡੀ. ਕਰਕੇ ਵਿਸ਼ੇਸ਼ ਤੌਰ 'ਤੇ ਜਗਤਾਰ ਦਾ ਧੰਨਵਾਦ ਕਰਨ ਆਇਆ। ਸਾਡੇ ਹੀ ਮਿੱਤਰਾਂ ਵਿਚੋਂ ਇਕ (ਜਿਸ ਨਾਲ ਜਗਤਾਰ ਰਾਤਾਂ ਨੂੰ ਸ਼ਿਕਾਰ ਖੇਡਣ ਜਾਂਦਾ ਸੀ) ਪ੍ਰਿੰਸੀਪਲ ਬਣ ਕੇ ਸਾਡੇ ਹੀ ਕਾਲਜ ਵਿਚ ਆ ਲੱਗਾ। ਮੈਨੂੰ ਯਾਦ ਹੈ ਅਸੀਂ ਉਸਨੂੰ ਵਧਾਈ ਦੇਣ ਦਫਤਰ ਵਿਚ ਗਏ। ਉਹਨਾਂ ਜਗਤਾਰ ਨੂੰ ਕਿਹਾ ਕਿ ਹੁਣ ਤਾਂ ਤੁਸੀਂ ਦਫਤਰ ਵਿਚ ਆਇਆ ਹੀ ਕਰੋਗੇ ਤਾਂ ਜਗਤਾਰ ਬੋਲਿਆ 'ਨਹੀਂ, ਹੁਣ ਤੁਸੀਂ ਅਫਸਰ ਹੋ ਤੇ ਅਫਸਰਾਂ ਨਾਲ ਅਸਾਂ ਕੀ ਕਰਨਾ ਹੈ। ਅਸੀਂ ਦਫਤਰ ਵਿਚ ਉਦੋਂ ਹੀ ਆਵਾਂਗੇ ਜਦ ਬੁਲਾਓਗੇ'। ਇਹ ਕਹਿ ਕੇ ਉਹ ਦਫਤਰ ਵਿਚੋਂ ਬਾਹਰ ਹੋ ਗਿਆ।



ਜਗਤਾਰ ਬਾਰੇ ਇਹ ਇਕ ਆਮ ਧਾਰਨਾ ਮਸ਼ਹੂਰ ਸੀ ਕਿ ਉਹ ਹਰ ਵੇਲੇ ਆਪਣੀ ਬਿਮਾਰੀ ਦਾ ਜ਼ਿਕਰ ਕਰਦਾ ਰਹਿੰਦਾ ਹੈ। ਸ਼ਾਇਦ ਇੰਝ ਕਰਕੇ ਉਹ ਹਮਦਰਦੀ ਹਾਸਲ ਕਰਨਾ ਚਾਹੁੰਦਾ ਹੈ। ਮੈਂ ਇਹ ਦਾਅਵਾ ਤਾਂ ਨਹੀਂ ਕਰਦਾ ਕਿ ਮੈਂ ਜਗਤਾਰ ਦਾ 24 ਘੰਟੇ ਦਾ ਸਾਥੀ ਸਾਂ ਪਰ ਅਸੀਂ ਸਵੇਰੇ 9 ਵਜੇ ਤੋਂ ਲੈ ਕੇ 3 ਵਜੇ ਤੱਕ ਤਾਂ ਹਰ ਰੋਜ਼ ਹੀ ਇਕੱਠੇ ਹੁੰਦੇ ਸਾਂ। ਕਦੀ ਕਦੀ ਮੈਂ ਉਸ ਕੋਲ ਰਾਤ ਵੀ ਠਹਿਰ ਜਾਂਦਾ ਸਾਂ। ਇਕ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਤਾਂ ਕਿ ਉਸਦੀ ਬਿਮਾਰੀ ਦਾ ਅੰਦਾਜ਼ਾ ਲਾਇਆ ਜਾ ਸਕੇ। ਇਕ ਦਿਨ ਮੈਂ ਰੋਜ਼ ਵਾਂਗ ਕਾਲਜ ਜਾਣ ਤੋਂ ਪਹਿਲਾਂ ਜਗਤਾਰ ਦੇ ਘਰ ਗਿਆ ਜੋ ਕਾਲਜ ਰੋਡ ਉਤੇ ਹੀ ਸੀ ਅਤੇ ਮੇਰੇ ਕਾਲਜ ਜਾਣ ਦੇ ਰਸਤੇ ਵਿਚ ਹੀ ਪੈਂਦਾ ਸੀ। ਜਦ ਮੈਂ ਕਮਰੇ ਵਿਚ ਦਾਖਲ ਹੋਇਆ ਤਾਂ ਵੇਖਿਆ ਕਿ ਜਗਤਾਰ ਮੰਜੇ ਉਪਰ ਪਿਆ ਬਹੁਤ ਖਿੱਚ ਖਿੱਚ ਸਾਹ ਲੈ ਰਿਹਾ ਹੈ। ਇਕ ਪਲ ਤਾਂ ਮੈਨੂੰ ਇੰਝ ਲੱਗਾ ਜਿਵੇਂ ਉਹ ਕੁਝ ਪਲਾਂ ਵਿਚ ਹੀ ਸਾਹ ਲੈਣਾ ਬੰਦ ਕਰ ਦੇਵੇਗਾ। ਮੈਂ ਡਰ ਗਿਆ ਕਿਉਂਕਿ ਮੈਂ ਪਹਿਲਾਂ ਅਜਿਹੀ ਹਾਲਤ ਵਿਚ ਕਿਸੇ ਨੂੰ ਵੀ ਨਹੀਂ ਵੇਖਿਆ ਸੀ। ਮੈਨੂੰ ਵੇਖਦਿਆਂ ਸਾਰ ਕਹਿਣ ਲੱਗਾ ਕਿ ਰਾਤ ਦਾ ਦੌਰਾ ਪਿਆ ਹੋਇਆ ਹੈ (ਉਸਨੂੰ ਦਮੇ ਦੀ ਡਾਢੀ ਸ਼ਿਕਾਇਤ ਸੀ)। ਮੈਂ ਝੱਟ ਕਿਹਾ 'ਮੈਂ ਡਾਕਟਰ ਨੂੰ ਬੁਲਾ ਕੇ ਲਿਆਉਂਦਾ ਹਾਂ' ਉਸ ਹੱਥ ਦੇ ਇਸ਼ਾਰੇ ਨਾਲ ਮੈਨੂੰ ਕੋਲ ਸੱਦਿਆ ਤੇ ਹੌਲੀ ਦੇਣੀ ਕਹਿਣ ਲੱਗਾ 'ਡਰ ਨਾ, ਮੈਨੂੰ ਅਕਸਰ ਇਸ ਤਰ੍ਹਾਂ ਦੌਰਾ ਪੈ ਜਾਂਦਾ ਹੈ। ਤੂੰ ਉਹ ਅਲਮਾਰੀ ਵਿਚੋਂ ਟੀਕਾ ਤੇ ਸਹਿੰਜ ਫੜਾ ਦੇ' ਮੈਂ ਫਿਰ ਡਾਕਟਰ ਲਿਆਉਣ ਦੀ ਗੱਲ ਕੀਤੀ। ਉਸ ਸਿਰ ਨਾਲ ਹੀ ਇਨਕਾਰ ਕਰ ਦਿੱਤਾ ਤੇ ਅਲਮਾਰੀ ਵੱਲ ਇਸ਼ਾਰਾ ਕੀਤਾ। ਮੈਂ ਡਰਦੇ-ਡਰਦੇ ਉਸਨੂੰ ਟੀਕਾ ਤੇ ਸਰਿੰਜ ਫੜਾ ਦਿੱਤੇ। ਉਸ ਸਰਿੰਜ ਵਿਚ ਦਵਾਈ ਭਰੀ ਅਤੇ ਖੁਦ ਹੀ ਜਦ ਲਾਉਣ ਲੱਗਾ ਤਾਂ ਮੈਂ ਡਰਦੇ ਨੇ ਮੂੰਹ ਦੂਜੇ ਪਾਸੇ ਕਰ ਲਿਆ। 15/20 ਮਿੰਟਾਂ ਬਾਅਦ ਉਸਨੂੰ ਥੋੜ੍ਹਾ ਆਰਾਮ ਆਉਣਾ ਸ਼ੁਰੂ ਹੋ ਗਿਆ। ਅਗਲੇ ਦਿਨ ਪਹਿਲਾਂ ਨਾਲੋਂ ਠੀਕ ਤੇ ਤੀਜੇ ਦਿਨ ਜਦ ਮੈਂ ਉਸ ਕੋਲ ਪੁੱਜਾ ਤਾਂ ਉਹ ਪੂਰਾ ਨੌ ਬਰ ਨੌ, ਕੋਟ ਪੈਂਟ ਪਾਈ, ਮੈਚਿੰਗ ਟਾਈ ਲਾਈ ਕਾਲਜ ਜਾਣ ਵਾਸਤੇ ਤਿਆਰ ਖੜ੍ਹਾ ਸੀ। ਬਰਸਾਤਾਂ ਤੋਂ ਲੈ ਕੇ ਸਿਆਲ ਦੇ ਅਖੀਰ ਤੱਕ ਹਮੇਸ਼ਾ ਹੀ ਇਹ ਗੱਲ ਦਾ ਡਰ ਬਣਿਆ ਰਹਿੰਦਾ ਸੀ ਕਿ ਦੌਰਾ ਪਿਆ ਕਿ ਪਿਆ। ਸ਼ਾਇਦ ਹੀ ਕੋਈ ਸਾਲ ਖਾਲੀ ਲੰਘਦਾ ਹੋਵੇ ਜਦ ਉਸਨੂੰ ਅਟੈਕ ਨਾ ਹੋਇਆ ਹੋਵੇ। ਪਰ ਅਸ਼ਕੇ ਜਾਈਏ ਉਸਦੀ ਹਿੰਮਤ ਦੇ ਕਿ ਠੀਕ ਹੁੰਦਿਆਂ ਹੀ ਉਹ ਦੋਸਤਾਂ ਨਾਲ ਟੂਰ ਉਪਰ ਨਿਕਲ ਜਾਂਦਾ ਅਤੇ ਕਈ ਵਾਰੀ ਸਿਆਲ ਦੀਆਂ ਰਾਤਾਂ ਨੂੰ ਸ਼ਿਕਾਰ ਉਪਰ ਜਾਣ ਦਾ ਸ਼ੌਂਕ ਵੀ ਪੂਰਾ ਕਰਦਾ। ਕਈ ਵਾਰੀ ਟੂਰ ਤੋਂ ਉਹ ਬਿਮਾਰ ਹੋ ਕੇ ਮੁੜਿਆ ਪਰ ਮਜਾਲ ਹੈ ਕਿ ਉਸਨੇ ਘੁੰਮਣ-ਫਿਰਨ ਤੋਂ ਤੌਬਾ ਕੀਤੀ ਹੋਵੇ। ਇਕ ਵਾਰ ਤਾਂ ਅਮਰੀਕਾ ਤੋਂ ਆਉਂਦਾ ਹੋਇਆ ਸਿੰਘਾਪੁਰ ਵਿਚ ਕਾਫੀ ਬਿਮਾਰ ਹੋ ਗਿਆ ਤੇ ਹਸਪਤਾਲ ਵਿਚ ਪਿਆ ਰਿਹਾ। ਜਦ ਵਾਪਸ ਆਇਆ ਤਾਂ ਮੈਂ ਕਿਹਾ, ਬਾਬਿਓ ਹੁਣ ਘੁੰਮਣਾ-ਫਿਰਨਾ ਬੰਦ ਕਰ ਦੇਵੋ ਤਾਂ ਕਹਿਣ ਲੱਗਾ 'ਯਾਰ ਬਿਮਾਰੀ ਠਮਾਰੀ ਤਾਂ ਆਉਂਦੀ ਹੀ ਹੈ, ਇਸ ਦਾ ਮਤਲਬ ਇਹ ਤਾਂ ਨਹੀਂ ਕਿ ਬੰਦਾ ਜੀਣਾ ਹੀ ਬੰਦ ਕਰ ਦੇਵੇ।''

ਜਗਤਾਰ ਦੇ ਵਿਅਕਤੀਤਵ ਦਾ ਇਕ ਇਹ ਵੀ ਪੱਖ ਸੀ ਕਿ ਉਹ ਜਦ ਕਿਸੇ ਕੰਮ ਬਾਰੇ ਸੋਚ ਲੈਂਦਾ ਸੀ ਤਾਂ ਫਿਰ ਉਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਪਣੀ ਸਾਰੀ ਤਾਕਤ ਲਾ ਦਿੰਦਾ ਸੀ। ਮੈਂ ਤਾਂ ਸਗੋਂ ਇਹ ਕਹਾਂਗਾ ਕਿ ਉਸਦੀ ਇਸ ਪਾਸੇ ਲੋੜ ਤੋਂ ਵਧੇਰੇ ਸਰਗਰਮੀ ਕਏ. ਵਾਰੀ ਉਸਦੇ ਬਿਮਾਰ ਹੋਣ ਦਾ ਕਾਰਨ ਬਣੀ। ਮੇਰੇ ਵੇਖਦਿਆਂ ਵੇਖਦਿਆਂ ਉਸਨੇ ਕੰਧ ਚਿੱਤਰਾਂ ਦੀ ਫੋ-ਟੋਗ੍ਰਾਫੀ, ਕਿੱਲਿਆਂ ਤੇ ਵਿਸ਼ੇਸ਼ ਕਰਕੇ ਰਾਜਸਥਾਨ ਦੇ ਕਿਲਿਆਂ ਦੀ ਫੋਟੋਗ੍ਰਾਫੀ, ਕਿਲਿਆਂ ਦਾ ਆਕੀਟੈਕਚਰ, ਪੁਰਾਤਨ ਸਿੱਕਿਆਂ ਨੂੰ ਇਕੱਠਾ ਕਰਨ ਆਦਿ ਦੇ ਅਜਿਹੇ ਸ਼ੌਂਕ ਪਾਲੇ ਤੇ ਇਹਨਾਂ ਬਾਰੇ ਅਜਿਹੀ ਜਾਣਕਾਰੀ ਹਾਸਲ ਕੀਤੀ ਕਿ ਇਹਨਾਂ ਪੱਖਾਂ ਬਾਰੇ ਚੋਖੀ ਜਾਣਕਾਰੀ ਰੱਖਣ ਵਾਲਾ ਵੀ ਉਸਦਾ ਲੋਹਾ ਮੰਨਦਾ ਸੀ। ਰਾਜਸਥਾਨ ਦੇ ਕਿਲਿਆਂ ਬਾਰੇ ਉਸਦੀਆਂ ਖਿੱਚੀਆਂ ਤਸਵੀਰਾਂ ਸੱਚਮੁਚ ਇਕ ਅਣਮੋਲ ਖਜ਼ਾਨਾ ਸੀ। ਸਿੱਕਿਆਂ ਬਾਰੇ ਜਾਣਕਾਰੀ ਰੱਖਣ ਦੀ ਇਕ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਮਿਠਾਪੁਰ ਵਿਚ ਉਸ ਕੋਲ ਇਕ ਸੱਜਣ ਆਇਆ ਤੇ ਜਗਤਾਰ ਨੂੰ ਉਸਨੇ 6/7 ਸਿੱਕੇ ਵਿਖਾਏ ਜੋ ਉਸਨੂੰ ਕਿਤੋਂ ਮਿਲੇ ਸਨ। ਜਗਤਾਰ ਨੇ ਉਹਨਾਂ ਨੂੰ ਵੇਖ ਕੇ ਉਸਨੂੰ ਪੁੱਛਿਆ ਕਿ ਤੂੰ ਇਹਨਾਂ ਨੂੰ ਵੇਚਣਾ ਚਾਹੁੰਦਾ ਹੈਂ। ਉਸਨੇ 'ਹਾਂ' ਵਿਚ ਉਤਰ ਦਿੱਤਾ। ਜਦ ਜਗਤਾਰ ਨੇ ਪੈਸੇ ਪੁੱਛੇ ਤਾਂ ਕਹਿਣ ਲੱਗਾ ਕਿ ਸਾਰਿਆਂ ਦਾ 2000 ਰੁਪਿਆ ਲਵਾਂਗਾ। ਜਗਤਾਰ ਨੇ ਉਸ ਵੱਲ ਵੇਖਿਆ ਤੇ ਮੁਸਕਰਾਇਆ। ਫਿਰ ਕਹਿਣ ਲੱਗਾ ਕਿਉਂਕਿ ਤੂੰ ਮੇਰੇ ਕੋਲ ਇਹਨਾਂ ਬਾਰੇ ਪੁੱਛਣ ਆਇਆ ਸੀ ਕਿ ਇਹ ਕਿੰਨੇ ਕੁ ਮੁੱਲਵਾਨ ਹਨ। ਇਸ ਲਈ ਮੈਂ ਤੇਰੇ ਨਾਲ ਧੋਖਾ ਨਹੀਂ ਕਰਾਂਗਾ। ਇਹਨਾਂ ਵਿਚੋਂ ਇਕ ਸਿੱਕਾ ਬਹੁਤ ਦੁਰਲੱਭ ਹੈ। ਤੂੰ ਮੇਰੇ ਨਾਲ ਹਫਤੇ ਬਾਅਦ ਚੱਲੀਂ, ਮੈਂ ਤੈਨੂੰ ਇਸਦੇ ਕਾਫੀ ਪੈਸੇ ਦਿਵਾ ਦਿਆਂਗਾ। ਉਹ ਸਿੱਕਾ ਸਿੱਕੇ ਵਾਲਿਆਂ ਦੀ ਮਾਰਕੀਟ ਵਿਚ 80 ਹਜ਼ਾਰ ਰੁਪਏ ਦਾ ਵਿਕਿਆ। ਜੇ ਜਗਤਾਰ ਚਾਹੁੰਦਾ ਤਾਂ ਇਹ ਪੈਸੇ ਖੁਦ ਕਮਾ ਸਕਦਾ ਸੀ। ਇਹ ਦਰਵੇਸ਼ੀ ਵੀ ਉਸੇ ਦੇ ਹਿੱਸੇ ਆਈ ਸੀ।

ਜਗਤਾਰ ਦੀ ਯਾਦਾਸ਼ਤ ਬਹੁਤ ਕਮਾਲ ਦੀ ਸੀ। ਮੈਨੂੰ ਯਾਦ ਹੈ ਇਕ ਵਾਰ ਮੈਂ ਡਾ. ਜਗਤਾਰ ਤੇ ਪ੍ਰੋ. ਭਾਰਤੀ ਘੁੰਮਣ ਫਿਰਨ ਤੁਰੇ ਹਰੀਪੁਰ ਗੁਲੇਰ ਪੁੱਜ ਗਏ। ਸ਼ਾਮ ਉਤਰ ਆਈ ਸੀ। ਅਸੀਂ ਇਸ ਪਿੰਡ ਕਿਸੇ ਨੂੰ ਜਾਣਦੇ ਨਹੀਂ ਸਾਂ। ਲੱਗ ਰਿਹਾ ਸੀ ਕਿ ਛੇਤੀ ਹੀ ਰਾਤ ਪੈ ਜਾਵੇਗੀ, ਟਿਕਾਣਾ ਹੈ ਕੋਈ ਨਹੀਂ ਸੀ। ਜਗਤਾਰ ਕਹਿਣ ਲੱਗਾ, ਆਓ ਇੱਥੇ ਜਿਹੜਾ ਸਕੂਲ ਹੈ, ਉਥੇ ਚਲਦੇ ਹਾਂ। ਨਾਲੇ ਤਾਂ ਆਲੇ ਦੁਆਲੇ ਬਾਰੇ ਕੁਝ ਪਤਾ ਕਰ ਲਵਾਂਗੇ ਤੇ ਸ਼ਾਇਦ ਰਾਤ ਕੱਟਣ ਦਾ ਕੋਈ ਜੁਗਾੜ ਵੀ ਬਣ ਜਾਵੇ।' ਜਦ ਅਸੀਂ ਸਕੂਲ ਪੁੱਜੇ ਤਾਂ ਸਕੂਲ ਬੰਦ ਹੋ ਚੁੱਕਾ ਸੀ, ਵਿਦਿਆਰਥੀ ਤੇ ਅਧਿਆਪਕ ਸਭ ਜਾ ਚੁੱਕੇ ਸਨ। ਚਪੜਾਸੀ ਤੋਂ ਪਤਾ ਲੱਗਾ ਕਿ ਹੈਡਮਾਸਟਰ ਸਾਹਿਬ ਹਾਲੇ ਆਪਣੇ ਦਫਤਰ ਵਿਚ ਬੈਠੇ ਹਨ। ਅਸੀਂ ਉਹਨਾਂ ਦੇ ਦਫਤਰ ਪੁੱਜ ਕੇ ਦੁਆ ਸਲਾਮ ਕੀਤੀ ਤੇ ਜਗਤਾਰ ਉਹਨਾਂ ਨਾਲ ਹਰੀਪੁਰ ਗੁਲੇਰ ਤੇ ਆਲੇ-ਦੁਆਲੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਗੱਲਾਂ ਕਰਨ ਲੱਗਾ। ਮੈਂ ਤੇ ਪ੍ਰੋ. ਭਾਰਤੀ ਚੁੱਪਚਾਪ ਬੈਠੇ ਸੁਣ ਰਹੇ ਸਾਂ ਕਿ ਅਚਾਨਕ ਜਗਤਾਰ ਹੈਡਮਾਸਟਰ ਵੱਲ ਟਿਕਟਿਕੀ ਲਾ ਕੇ ਵੇਖਦਿਆਂ ਕਹਿਣ ਲੱਗਾ ਕਿ ਤੇਰਾ ਨਾਂ ਫਲਾਣਾ (ਮੈਂ ਨਾਂ ਭੁੱਲ ਗਿਆ ਹਾਂ) ਤੇ ਨਹੀਂ? ਤੂੰ ਉਸ ਸਕੂਲ ਵਿਚ ਛੇਵੀਂ ਵਿਚ ਪੜ੍ਹਦਾ ਹੁੰਦਾ ਸੀ। ਹੈਡਮਾਸਟਰ ਸਾਹਿਬ ਵੀ ਹੈਰਾਨੀ ਨਾਲ ਜਗਤਾਰ ਵੱਲ ਵੇਖਣ ਲੱਗੇ ਤੇ ਕਹਿਣ ਲੱਗੇ 'ਹਾਂ, ਮੈਂ ਉਹੀ ਹਾਂ' ਤਾਂ ਜਗਤਾਰ ਨੇ ਹੱਸ ਕੇ ਉਹਨਾਂ ਨੂੰ ਜੱਫੀ ਪਾ ਲਈ ਤੇ ਆਪਣੇ ਬਾਰੇ ਦੱਸਿਆ ਕਿ ਮੈਂ ਵੀ ਡੇਰੇ ਨਾਲ ਉਸੇ ਸਕੂਨ ਵਿਚ ਪੜ੍ਹਿਆ ਹਾਂ। ਫਿਰ ਉਹ ਦੋਵੇਂ ਪੁਰਾਣੇ ਦਿਨਾਂ ਦੀਆਂ ਯਾਦਾਂ ਵਿਚ ਗੁਆਚ ਗਏ। ਮੈਂ ਤੇ ਭਾਰਤੀ ਹੈਰਾਨੀ ਨਾਲ ਜਗਤਾਰ ਦੇ ਮੂੰਹ ਵੱਲ ਵੇਖਦੇ ਰਹੇ। ਉਥੇ ਗੱਲਾਂ ਵਿਚ ਹੀ ਪਤਾ ਲੱਗਾ ਕਿ ਪਿੰਡ ਵਿਚ ਚੰਦਰਧਰ ਸ਼ਰਮਾ ਗੁਲੇਰੀ, ਉਸਨੇ ਕਹਾ ਥਾ ਹਿੰਦੀ ਕਹਾਣੀ ਦੇ ਰਚਾਇਤਾ ਦਾ ਪੋਤਾ ਰਹਿੰਦਾ ਹੈ। ਹੁਣ ਜਗਤਾਰ ਨੂੰ ਉਸਨੂੰ ਮਿਲਣ ਦੀ ਕਾਹਲੀ ਸੀ। ਹੈਡਮਾਸਟਰ ਸਾਹਿਬ ਤੋਂ ਵਿਦਾ ਲੈ ਕੇ ਅਸੀਂ ਗੁਲੇਰੀ ਦੇ ਪੋਤੇ ਨੂੰ ਮਿਲਣ ਚੱਲ ਪਏ। ਰਾਤ ਹੁਣ ਪੂਰੀ ਤਰ੍ਹਾਂ ਉਤਰ ਆਈ ਸੀ। ਉਸਦੇ ਘਰ ਪੁੱਜੇ ਤਾਂ ਬਹੁਤ ਹੀ ਖੂਬਸੂਰਤ ਗੋਰੇ ਚਿੱਟੇ ਨੌਜਵਾਨ ਨਾਲ ਮੁਲਾਕਾਤ ਹੋਈ। ਉਸਨੇ ਜਗਤਾਰ ਦਾ ਨਾਂ ਸੁਣਿਆ ਹੋਇਆ ਸੀ। ਉਹ ਹਿਮਾਚਲ ਵਿਚ ਹਿੰਦੀ ਸਾਹਿਤ ਸਭਾਵਾਂ ਨਾਲ ਵੀ ਜੁੜਿਆ ਹੋਇਆ ਸੀ। ਸੋ ਲਿਟਰੇਚਰ ਬਾਰੇ ਤੇ ਇੱਧਰ ਉਧਰ ਵੇਖਣ ਵਾਲੀਆਂ ਥਾਵਾਂ ਬਾਰੇ ਉਸ ਨਾਲ ਗੱਲਬਾਤ ਹੁੰਦੀ ਰਹੀ। ਰਾਤ ਅਸੀਂ ਤਿੰਨੇ ਉਸ ਕੋਲ ਹੀ ਠਹਿਰੇ। ਉਸਦੀ ਪਤਨੀ ਨੇ ਬੜਾ ਵਧੀਆ ਖਾਣਾ ਬਣਾਇਆ। ਜਗਤਾਰ ਨੇ ਹੁਕਮ ਸੁਣਾ ਦਿੱਤਾ ਕਿ ਸਵੇਰੇ ਵੇਲੇ ਸਿਰ ਉਠ ਕੇ ਤਿਆਰ ਹੋ ਕੇ ਪਹਿਲਾਂ ਸਟੇਸ਼ਨ ਤੋਂ ਗੱਡੀ ਫੜਨ ਹੈ ਜੋ ਘਰ ਤੋਂ ਮੀਲ ਕੁ ਦੀ ਵਿੱਥ ਉਪਰ ਸੀ। ਫਿਰ ਅੱਗੋਂ ਬੱਸ ਫੜ ਕੇ ਮਸਰੂਰ ਪੁੱਜਣਾ ਸੀ। ਸਵੇਰੇ ਘਰ ਦੀ ਸੁਆਣੀ ਨੇ ਪਰੌਂਠੇ ਬਣਾ ਕੇ ਸਾਨੂੰ ਨਾਲ ਬੰਨ੍ਹ ਕੇ ਦਿੱਤੇ ਤੇ ਉਹ ਖੂਬਸੂਰਤ ਨੌਜਵਾਨ ਸਾਨੂੰ ਸਟੇਸ਼ਨ ਉਪਰ ਵਿਦਾ ਕਰਨ ਆਇਆ। ਜੁਦਾ ਹੋਣ ਵੇਲੇ ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਆਪਣੇ ਕਿਸੇ ਬਹੁਤ ਨੇੜਲੇ ਰਿਸ਼ਤੇਦਾਰ ਤੋਂ ਵਿੱਛੜ ਰਹੇ ਹੋਈਏ। ਉਸਨੂੰ ਵੇਖ ਕੇ ਇੰਝ ਲੱਗਾ ਕਿ ਆਪਸੀ ਭਾਈਚਾਰਾ, ਮਹਿਮਾਨ ਨਿਵਾਜ਼ੀ ਹਾਲੇ ਜ਼ਿੰਦਾ ਹੈ, ਮਰੀ ਨਹੀਂ।

ਜਦ ਅਸੀਂ ਮਸਰੂਰ ਸੜਕ ਉਪਰ ਬੱਸ ਵਿਚੋਂ ਉਤਰੇ ਤੇ ਮੰਦਰ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਕਿਲੋਮੀਟਰ ਤੁਰ ਕੇ ਜਾਣਾ ਪਵੇਗਾ। ਹਲਕੀਆਂ-ਹਲਕੀਆਂ ਕਣੀਆਂ ਸ਼ੁਰੂ ਹੋ ਗਈਆਂ ਸਨ। ਅਸੀਂ ਤਿੰਨੇ ਗੱਲਾਂ ਮਾਰਦੇ ਮੰਦਰ ਵਿਚ ਪੁੱਜ ਗਏ ਜੋ ਇਕੋ ਪੱਧਰ ਨੂੰ ਕੱਟ ਕੇ ਬਣਾਇਆ ਗਿਆ ਸੀ। ਅਸੀਂ ਉਥੇ ਦੀਆਂ ਕੁਝ ਤਸਵੀਰਾਂ ਖਿੱਚੀਆਂ। ਜਗਤਾਰ ਨਾਲ ਨਾਲ ਮੰਦਰ ਨਾਲ ਜੁੜੇ ਇਤਿਹਾਸ/ਮਿਥਿਹਾਸ ਦਾ ਚਾਨਣਾ ਪਾ ਰਿਹਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਕੋਈ ਹੰਢਿਆ ਵਰਤਿਆ ਗਾਈਡ ਹੋਵੇ। ਮੀਂਹ ਪੈਂਦੇ ਵਿਚ ਹੀ ਸਾਨੂੰ 7 ਕੁ ਮੀਲ ਪੈਦਲ ਚੱਲਣਾ ਪਿਆ ਤਾਂ ਕਿ ਉਥੋਂ ਕਾਂਗੜੇ ਨੂੰ ਜਾਣ ਵਾਲੀ ਬੱਸ ਫੜ ਸਕੀਏ। ਮੀਂਹ ਵਿਚ ਤੁਰੇ ਜਾਂਦੇ ਮੈਂ ਤੇ ਭਾਰਤੀ ਜਗਤਾਰ ਨੂੰ ਵੇਖਕੇ ਆਪਸ ਵਿਚ ਘੁਸਰ ਮੁਸਰ ਕਰ ਰਹੇ ਸਾਂ ਕਿ ਐਸ ਘੜੀ ਜਗਤਾਰ ਦੀ ਤੋਰ ਤੇ ਚਿਹਰੇ ਉਪਰਲੇ ਜੋਸ਼ ਨੂੰ ਵੇਖ ਕੇ ਕੋਈ ਕਹਿ ਸਕਦਾ ਹੈ ਕਿ ਇਹ ਬੰਦਾ ਦਮੇ ਦੀ ਬਿਮਾਰੀ ਨਾਲ ਪੀੜਤ ਹੈ ਅਤੇ ਜਿਸਨੂੰ ਸਾਹ ਚੜ੍ਹਦਾ ਹੈ। ਅਸੀਂ ਦੋਵਾਂ ਜਗਤਾਰ ਦੇ ਗੋਡੀਂ ਹੱਥ ਲਾਇਆ ਤੇ ਬੋਲੇ ''ਬਾਬਿਓ ਤੁਸੀਂ ਗਰੇਟ ਹੋ' ਜਗਤਾਰ ਨਿੰਮਾ ਨਿੰਮਾ ਮੁਸਕਰਾਉਂਦਾ ਰਿਹਾ। ਕਾਂਗੜੇ ਜਦ ਅਸੀਂ ਹੋਟਲ ਵਿਚ ਪੁੱਜੇ ਤਾਂ ਇਕ ਪਾਸੇ ਰਾਤ ਉਤਰ ਰਹੀ ਸੀ ਤੇ ਦੂਜੇ ਪਾਸੇ ਮੋਹਲੇਧਾਰ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਅਸੀਂ ਇਕ ਕਮਰਾ ਲਿਆ। ਜਗਤਾਰ ਨੇਵੇਟਰ ਨੂੰ ਇਕ ਪਊਆ ਵਿਸਕੀ ਦਾ ਤੇ ਅੱਧਾ ਕਿਲੋ ਮੱਛੀ ਲਿਆਉਣ ਲਈ ਕਿਹਾ। ਮੈਂ ਜਗਤਾਰ ਨੂੰ ਉਸ ਦਿਨ ਹੀ ਸ਼ਰਾਬਰ ਚੜ੍ਹੀ ਵੇਖੀ। ਮੈਂ ਤੇ ਭਾਰਤੀ ਪੀਂਦੇ ਨਹੀਂ ਸਾਂ। ਅਸੀਂ ਸਿਰਫ ਗੱਲਾਂ ਵਿਚ ਤੇ ਮੱਛੀ ਖਾਣ ਵਿਚ ਹੀ ਉਸਦਾ ਸਾਥ ਦੇ ਰਹੇ ਸਾਂ। ਗੱਲਾਂ-ਗੱਲਾਂ ਵਿਚ ਉਸਦੀ ਸੂਈ ਹੀਰ ਰਾਂਝੇ ਦੇ ਕਿੱਸੇ 'ਤੇ ਅੜ ਗਈ। ਵਾਰ-ਵਾਰ ਇਹੀ ਆਖੇ ਕਿ ਮੈਂ ਤੁਹਾਨੂੰ ਇਸ ਬਾਰੇ ਕਿਤਾਬ ਲਿਖ ਕੇ ਵਿਖਾਵਾਂਗਾ। ਜਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸਦੀ 'ਹੀਰ ਦਮੋਦਰ' ਪੁਸਤਕ ਛਪੀ ਤਾਂ ਸਾਨੂੰ ਲੱਗਾ ਕਿ ਸ਼ਰਾਬੀ ਹਾਲਤ ਵਿਚ ਕਹੀ ਗੱਲ ਵੀ ਉਹ ਸੱਚ ਸਾਬਤ ਕਰ ਗਿਆ ਹੈ। ਕੰਮ ਕਰਨ ਤੋਂ ਜਗਤਾਰ ਕਦੇ ਨਹੀਂ ਸੀ ਭੱਜਾ। ਜੇ ਉਸਨੇ 'ਹਾਂ' ਕਰ ਦਿੱਤੀ ਤਾਂ ਸਮਝ ਲਓ 100 ਫੀਸਦੀ ਗਰੰਟੀ ਹੈ ਕਿ ਕੰਮ ਹੋ ਜਾਵੇਗਾ। ਨਹੀਂ ਤਾਂ ਉਹ ਪਹਿਲਾਂ ਹੀ ਨਾਂਹ ਕਰ ਦਿੰਦਾ ਸੀ। ਇਕ ਵਾਰੀ ਮੈਂ ਜਗਤਾਰ ਨੂੰ ਕਿਹਾ ਕਿ ਤੁਸੀਂ ਪੰਜਾਬੀ ਦੇ ਉਹਨਾਂ ਕੁਝ ਇਕ ਚੋਣਵੇ ਵਿਅਕਤੀਆਂ ਵਿਚੋਂ ਹੋ ਜਿਹਨਾਂ ਨੂੰ ਉਰਦੂ, ਫਾਰਸੀ ਦਾ ਗਿਆਨ ਹੈ। ਤੁਸੀਂ ਕਿੱਸਾ ਕਾਵਿ ਨੂੰ ਸਮਝਣ ਲਈ ਜੇ ਕੋਈ ਸ਼ਬਦਕੋਸ਼ ਬਣਾ ਦਿਓ ਤਾਂ ਇਹ ਆਉਣ ਵਾਲੀ ਪੀੜ੍ਹੀ ਉਪਰ ਇਕ ਬਹੁਤ ਵੱਡਾ ਅਹਿਸਾਨ ਹੋਵੇਗਾ। ਸਾਡੇ ਵਰਗਿਆਂ ਨੂੰ ਉਰਦੂ ਫਾਰਸੀ ਦਾ ਗਿਆਨ ਨਹੀਂ। **(ਬਾਕੀ ਅਗਲੇ ਸਫੇ 'ਤੇ)**

# ਇਕ ਜਗਤਾਰ ਇਹ ਵੀ ਸੀ

(ਸਫਾ 23 ਦੀ ਬਾਕੀ)

ਆਉਣ ਵਾਲੇ ਸਮੇਂ ਵਿਚ ਕਿੱਸਾ ਕਵਿਤਾ ਪੜ੍ਹਾਉਣੀ ਔਖੀ ਹੋ ਜਾਵੇਗੀ। ਜਗਤਾਰ ਕਹਿਣ ਲੱਗਾ 'ਇਹ ਕੰਮ ਬਹੁਤ ਮਿਹਨਤ ਮੰਗਦਾ ਹੈ। ਇਹ ਤਾਂ ਕੋਈ ਯੂਨੀਵਰਸਿਟੀ ਹੀ ਯਤਨ ਕਰੇ ਤਾਂ ਹੋ ਸਕਦਾ ਹੈ। ਮੈਂ ਕਿਹਾ ਜੇ ਯੂਨੀਵਰਸਿਟੀ ਵਾਲੇ ਤੁਹਾਨੂੰ ਅਜਿਹਾ ਕੋਸ਼ ਬਣਾਉਣ ਲਈ ਕਹਿਣ ਤਾਂ ਬਣਾ ਦਿਓਗੇ। ਕੁਝ ਸੋਚਣ ਤੋਂ ਬਾਅਦ ਜਗਤਾਰ ਨੇ 'ਹਾਂ' ਕਰ ਦਿੱਤੀ। ਮੈਂ ਡਾ. ਪ੍ਰਆਰ ਜੋ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ ਅਤੇ ਭਾਸ਼ਾ ਦੀ ਤਰੱਕੀ ਲਈ ਸ਼ਬਦ ਕੋਸ਼ਾਂ ਦੀ ਮਹੱਤਤਾ ਤੋਂ ਜਾਣੂ ਸਨ- ਨੂੰ ਬੇਨਤੀ ਕੀਤੀ ਕਿ ਕੋਈ ਉਰਦੂ ਫਾਰਸੀ ਦਾ ਸ਼ਬਦਕੋਸ਼ ਬਣਵਾਓ ਤਾਂ ਕਿ ਭਵਿੱਖ ਵਿਚ ਕਿੱਸਾ-ਕਾਵਿ ਨੂੰ ਠੀਕ ਤਰ੍ਹਾਂ ਸਮਝਿਆ ਜਾ ਸਕੇ। ਉਹਨਾਂ ਕਿਹਾ ਕਿ ਕੌਣ ਹੈ ਜੋ ਅਜਿਹਾ ਸ਼ਬਦਕੋਸ਼ ਬਣਾ ਸਕਦਾ ਹੈ। ਮੈਂ ਇੱਕਦਮ ਡਾ. ਜਗਤਾਰ ਦਾ ਨਾਂ ਲੈ ਦਿੱਤਾ। ਉਹ ਗੰਭੀਰ ਹੋ ਕੇ ਕਹਿਣ ਲੱਗੇ ਕਿ ਉਹ ਇਹ ਕੰਮ ਕਰ ਦੇਵੇਗਾ। ਮੈਂ 'ਹਾਂ' ਵਿਚ ਸਿਰ ਹਿਲਾਇਆ। ਡਾ. ਪ੍ਰਆਰ ਨੇ ਇਹ ਪ੍ਰਾਜੈਕਟ ਯੂਨੀਵਰਸਿਟੀ ਵੱਲੋਂ ਡਾ. ਜਗਤਾਰ ਨੂੰ ਅਲਾਟ ਕਰ ਦਿੱਤਾ। ਡਾ. ਜਗਤਾਰ ਨੇ ਵੀ ਨਿੱਠ ਕੇ ਕੰਮ ਕੀਤਾ। ਉਸ ਦੁਆਰਾ ਕੀਤਾ ਇਹ ਬਹੁਮੁੱਲਾ ਕੰਮ ਪੰਜਾਬੀ ਯੂਨੀਵਰਸਿਟੀ ਵੱਲੋਂ ਛਪ ਕੇ ਅੱਜ ਮਾਰਕੀਟ ਵਿਚ ਉਪਲਬਧ ਹੈ।

ਮੈਂ ਜਗਤਾਰ ਦੇ ਕੰਮ ਕਰਨ ਦੇ ਅੰਦਾਜ਼ ਵਿਚ ਇਕ ਤਰਤੀਬ, ਇਕ ਸਲੀਕਾ ਵੇਖਿਆ ਹੈ। ਉਹ ਕੰਮ ਚਾਹੇ ਸਾਹਿਤ ਰਚਣ ਨਾਲ ਸਬੰਧ ਰੱਖਦਾ ਹੋਵੇ, ਚਾਹੇ ਖਤਾਂ ਦੇ ਜਵਾਬ ਦੇਣ ਨਾਲ, ਚਾਹੇ ਰਸੋਈ ਵਿਚ ਭਾਂਡੇ ਥਾਂ ਸਿਰ ਰੱਖਣੇ ਹੋਣ, ਚਾਹੇ ਮੰਜੇ ਉਪਰਲਾ ਬਿਸਤਰੇ ਨੂੰ ਤਹਿ ਕਰਕੇ ਸਾਫ ਸੁਥਰੇ ਤਰੀਕੇ ਨਾਲ ਰੱਖਣਾ ਹੋਵੇ- ਮੈਂ ਜਿਹਨਾਂ ਦਿਨਾਂ ਦੀ ਗੱਲ ਕਰਦਾ ਹਾਂ, ਉਦੋਂ ਜਗਤਾਰ ਇਕੱਲਾ ਹੀ ਹੁਸ਼ਿਆਰਪੁਰ ਰਹਿੰਦਾ ਸੀ ਅਤੇ ਰੋਟੀ ਟੁੱਕ ਵੀ ਆਪ ਹੀ ਕਰਦਾ ਸੀ। ਉਹ ਆਪਣੇ ਕੱਪੜੇ ਹੀ ਵਧੀਆ ਤੇ ਮੈਚਿੰਗ ਨਹੀਂ ਸੀ ਪਾਉਂਦਾ ਸਗੋਂ ਹਰ ਸਾਲ ਆਪਣੀ ਰਜਾਈ ਦਾ ਉਛਾੜ ਵੀ ਨਵਾਂ ਸ਼ਨੀਲ ਦਾ ਬਣਵਾਉਂਦਾ ਸੀ। ਅਸੀਂ ਜਦੋਂ ਕਦੇ ਵੀ ਬਜ਼ਾਰ ਵਿਚ ਘੁੰਮਣ ਜਾਣਾ ਤਾਂ ਉਹ ਜਾਂ ਤਾਂ ਆਪਣੇ ਲਈ ਪੈਂਟ, ਕਮੀਜ਼ ਜਾਂ ਸੂਟ ਦਾ ਕੱਪੜਾ ਵੇਖਦਾ ਤੇ ਜਾਂ ਕੋਈ ਘਰ ਸਜਾਉਣ ਲਈ ਡੈਕੋਰੇਸ਼ਨ ਪੀਸ ਵੇਖ ਰਿਹਾ ਹੁੰਦਾ। ਡੈਕੋਰੇਸ਼ਨ ਪੀਸ ਕਿੰਨਾ ਮਹਿੰਗਾ ਹੈ, ਇਸਦੀ ਉਹ ਕਦੇ ਪਰਵਾਹ ਨਹੀਂ ਸੀ ਕਰਦਾ, ਸ਼ਰਤ ਇਹੀ ਸੀ ਕਿ ਉਸਨੂੰ ਪਸੰਦ ਆ ਜਾਵੇ। ਚਾਰ ਪੰਜ ਹਜ਼ਾਰ ਰੁਪਇਆ ਇਸ ਉਪਰ ਖਰਚ ਦੇਣਾ ਉਸ ਦਾ ਇਕ ਅਵੱਲਾ ਸ਼ੌਂਕ ਸੀ। ਜਿਹੜੇ ਮਿੱਤਰ, ਦੋਸਤ ਜਾਂ ਜਾਣਕਾਰੀ ਉਸਦੇ ਘਰ ਗਏ ਹਨ, ਉਹਨਾਂ ਨੇ ਜ਼ਰੂਰ ਉਹ ਡੈਕੇਰੇਸ਼ਨ ਪੀਸ ਵੇਖੇ ਹੋਣਗੇ।

ਜਗਤਾਰ ਦੇ ਸੁਭਾਅ ਦਾ ਇਕ ਪੱਖ ਇਹ ਸੀ ਕਿ ਉਹ ਲੱਗਦੇ ਵ੍ਹਾ ਕਿਸੇ ਦੇ ਮਰਗ 'ਤੇ ਨਹੀਂ ਸੀ ਜਾਂਦਾ। ਉਹ ਕਹਿੰਦਾ ਸੀ ਕਿ ਮੇਰਾ ਦਿਲ ਘਿਰਨ ਲੱਗ ਪੈਂਦਾ, ਕੁਝ ਅੰਦਰੋਂ ਟੁੱਟਣ ਲੱਗ ਜਾਂਦਾ ਹੈ। ਇਹੋ ਜਿਹੀਆਂ ਸਾਰੀਆਂ ਜ਼ਿੰਮੇਵਾਰੀਆਂ ਜਗਤਾਰ ਦੀ ਪਤਨੀ ਹੀ ਨਿਭਾਉਂਦੀ ਸੀ। ਰਿਸ਼ਤੇਦਾਰੀ ਦੇ ਬਹੁਤੇ ਕਾਰ ਵਿਹਾਰ ਵੀ ਜਗਤਾਰ ਦੀ ਪਤਨੀ ਦੇ ਜ਼ਿੰਮੇ ਹੀ ਸਨ। ਇੱਥੋਂ ਤੱਕ ਕਿ ਜਿਹਨਾਂ ਦਿਨਾਂ ਵਿਚ ਹੁਸ਼ਿਆਰਪੁਰ ਇਕੱਲਾ ਰਹਿੰਦਾ ਸੀ, ਉਹਨਾਂ ਦਿਨਾਂ ਵਿਚ ਬੱਚੀਆਂ ਦੀ ਪਰਵਰਿਸ਼ 'ਤੇ ਉਹਨਾਂ ਦੀ ਪੜ੍ਹਾਈ ਦੀ ਸਾਰੀ ਜ਼ਿੰਮੇਵਾਰੀ ਜਗਤਾਰ ਦੀ ਪਤਨੀ ਨੇ ਹੀ ਨਿਭਾਈ। ਇਕ ਵਾਰੀ ਮੈਂ ਜਗਤਾਰ ਨੂੰ ਛੇੜਨ ਲੱਗ ਪਿਆ ਕਿ ਤੁਸੀਂ ਲੇਖਕ ਲੋਕ ਆਪ ਤਾਂ ਮੌਜਾਂ ਕਰਦੇ ਹੋ ਤੇ ਜ਼ਿੰਮੇਵਾਰੀ ਸਾਰੀ ਘਰਦਿਆਂ ਨੂੰ ਦੇ ਛੱਡਦੇ ਹੋ। ਜਗਤਾਰ ਗੰਭੀਰ ਹੋ ਕੇ ਕਹਿਣ ਲੱਗਾ ''ਬਿੰਦਰ, ਤੂੰ ਸੱਚ ਮੰਨੀ ਜੇ ਮੈਂ ਅੱਜ ਲੇਖਕ ਹਾਂ, ਮੇਰਾ ਕੋਈ ਮੁਕਾਮ ਹੈ ਤਾਂ ਇਸ ਦਾ ਸਿਹਰਾ ਮੇਰੀ ਪਤਨੀ ਗੁਰਬਚਨ ਨੂੰ ਹੀ ਜਾਂਦਾ ਹੈ। ਜੇ ਉਹ ਮੈਨੂੰ ਇਹਨਾਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਨਾ ਕਰਦੀ ਤਾਂ ਨਿਰਸੰਦੇਹ ਮੇਰਾ ਅੱਜ ਇਹ ਮੁਕਾਮ ਨਾ ਹੁੰਦਾ।' ਮੈਂ ਜਗਤਾਰ ਦਾ ਉਤਰ ਸੁਣ ਮਨ ਵਿਚ ਸੋਚ ਰਿਹਾ ਸੀ ਕਿ ਜਿਹੜੇ ਲੋਕ ਜਗਤਾਰ ਬਾਰੇ ਇਹ ਕਹਿੰਦੇ ਹਨ ਕਿ ਉਸਦੀ ਆਪਣੇ ਪਰਿਵਾਰ ਨਾਲ ਨਹੀਂ ਬਣਦੀ ਉਹ ਪਤਾ ਨਹੀਂ ਕਿਸ ਆਧਾਰ 'ਤੇ ਇਹੋ ਜਿਹੀਆਂ ਗੱਲਾਂ ਕਰਦੇ ਹਨ। ਜਦ ਬੱਚੀਆਂ ਦੀ ਕਾਲਜ ਦੀ ਪੜ੍ਹਾਈ ਸ਼ੁਰੂ ਹੋਈ ਤਾਂ ਜਗਤਾਰ ਨੇ ਪਰਿਵਾਰ ਨੂੰ ਹੁਸ਼ਿਆਰਪੁਰ ਬੁਲਾ ਲਿਆ। ਕਾਲਜ ਦੀ ਪੜ੍ਹਾਈ ਤੋਂ ਲੈ ਕੇ ਬੱਚੀਆਂ ਦੇ ਵਿਆਹ ਕਰਨ ਤੇ, ਉਸ ਤੋਂ ਪਿੱਛੋਂ ਆਪਣੇ ਅੰਤਲੇ ਸਮੇਂ ਤੱਕ ਜਗਤਾਰ ਨੇ ਬੱਚੀਆਂ ਨੂੰ ਪਿਆਰ ਤੇ ਉਹ ਸਭ ਕੁਝ ਦਿੱਤਾ ਜੋ ਇਕ ਚੰਗਾ ਬਾਪ ਦੇ ਸਕਦਾ ਹੈ। ਉਸਨੂੰ ਆਪਣੀਆਂ ਬੱਚੀਆਂ ਦੇ ਆਗਿਆਕਾਰ ਹੋਣ 'ਤੇ ਮਾਣ ਸੀ। ਮੈਂ ਸਮਝਦਾ ਹਾਂ ਕਿ ਕਈ ਵਾਰੀ ਅਸੀਂ ਲੋਕ ਕਿਸੇ ਦੀਆਂ ਇਕ ਦੋ ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ 'ਤੇ ਉਸ ਬਾਰੇ ਫਤਵੇ ਦੇਣ ਲੱਗ ਪੈਂਦੇ ਹਾਂ। ਕੀ ਇਹ ਠੀਕ ਹੈ?

ਇਹ ਇਕ ਆਮ ਜਿਹੀ ਧਾਰਨਾ ਹੈ ਕਿ ਸ਼ਾਇਰ ਲੋਕ ਇਸੇ ਤਾਕ ਵਿਚ ਰਹਿੰਦੇ ਹਨ ਕਿ ਕੋਈ ਸਰੋਤਾ ਮਿਲੇ ਤਾਂ ਉਸਨੂੰ ਆਪਣੀ ਕਵਿਤਾ ਸੁਣਾਉਣ। ਪਰ ਇਹ 'ਬਿਮਾਰੀ' ਜਗਤਾਰ ਨੂੰ ਬਿਲਕੁਲ ਨਹੀਂ ਸੀ। ਸ਼ਾਇਦ ਹੀ ਕਿਸੇ ਨੇ ਕਾਲਜ ਵਿਚ ਆਪਣੇ ਸਾਥੀ ਅਧਿਆਪਕਾਂ ਨੂੰ ਕਵਿਤਾ ਸੁਣਾਉਂਦਿਆਂ ਜਗਤਾਰ ਨੂੰ ਵੇਖਿਆ ਹੋਵੇ। ਪਰ ਇਹ ਦਾ ਇਹ ਮਤਲਬ ਨਹੀਂ ਕਿ ਉਸਨੂੰ ਬੋਲਣ ਦਾ ਸ਼ੌਂਕ ਨਹੀਂ ਸੀ। ਉਹ ਆਪਣੀ ਮਿੱਤਰ ਮੰਡਲੀ ਨੂੰ ਕੁਝ ਸੁਣਾਉਂਦਾ ਜ਼ਰੂਰ ਸੀ ਪਰ ਉਹ ਨਿਰਸੰਦੇਹ ਕਵਿਤਾ ਨਹੀਂ ਸੀ ਹੁੰਦੀ ਸਗੋਂ ਉਹ ਆਪਣੇ ਜੀਵਨ ਵਿਚ ਵਾਪਰਦੀਆਂ ਦਿਲਚਸਪ ਘਟਨਾਵਾਂ ਬਾਰੇ (ਅਸੀਂ ਹਮੇਸ਼ਾ ਸ਼ੰਕਾ ਹੀ ਕਰਦੇ ਰਹੇ ਕਿ ਉਹ ਕੋਲੋਂ ਬਣਾ-ਬਣਾ ਸੁਣਾਈ ਜਾਂਦਾ ਹੈ) ਜ਼ਿੰਦਗੀ ਵਿਚ, ਭੁਗਤੇ ਮੁਕੱਦਮਿਆਂ ਬਾਰੇ, ਵੇਖੇ ਕਿਲਿਆਂ ਬਾਰੇ ਤੇ ਉਹਨਾਂ ਨਾਲ ਜੁੜੀਆਂ ਕਥਾਵਾਂ ਬਾਰੇ, ਪੇਂਟਰਾਂ ਦੇ ਜੀਵਨ ਬਾਰੇ। ਦੋਸਤ ਇਕ ਤਰ੍ਹਾਂ ਨਾਲ ਚਾਹ ਦੀ ਮਹਿਫਲ ਵਿਚ ਜੁੜਦੇ ਹੀ ਇਸ ਲਈ ਸਨ ਕਿ ਜਗਤਾਰ ਦੀਆਂ ਗੱਲਾਂ ਸੁਣ ਸਕਣ। ਕਿਸੇ ਨੇ ਵੀ ਗੱਲ ਕਰਦਿਆਂ ਜੇ ਕਿਸੇ ਪਿੰਡ ਦਾ ਨਾਂ ਲੈਣਾ ਤਾਂ ਜਗਤਾਰ ਨੇ ਕਹਿਣਾ ਕਿ ਮੈਂ ਉਥੇ ਗਿਆ ਤੇ 'ਫਲਾਣੇ' ਨੂੰ ਮਿ-ਲਿਆ ਸੀ ਜਾਂ ਉਥੇ ਆਪਣਾ 'ਫਲਾਣਾ' ਜਾਣੂ ਹੈ। ਅਸੀਂ ਅਕਸਰ ਇਸ ਬਾਰੇ ਉਸਨੂੰ ਛੇੜਦੇ ਰਹਿੰਦੇ ਸਾਂ ਕਿ ਤੂੰ ਪੰਜਾਬ ਦਾ ਜੁ-ਗਰਾਫੀਆ ਘੋਟਾ ਲਾਇਆ ਹੋਇਆ ਹੈ ਤੇ ਬੰਦਿਆਂ ਦੇ ਨਾਂ ਕੋਲੋਂ ਹੀ ਲੈ ਦਿੰਦਾ ਹੈਂ। ਇਕ ਵਾਰੀ ਇਹ ਪਰਖਣ ਲਈ ਕਿ ਵਾਕਿਆ ਹੀ ਉਹ ਸੱਚ ਕਹਿੰਦਾ ਹੈ ਮੈਂ ਆਪਣੇ ਨਾਨਕੇ ਪਿੰਡ ਦਾ ਨਾਂ 'ਗੜ੍ਹ ਪ੍ਰਧਾਣਾ' ਲਿਆ ਤਾਂ ਉਹ ਝੱਟ ਦੇਣੀ ਬੋਲਿਆ ਮੈਂ ਉਥੇ ਗਿਆ ਹਾਂ। ਅਸੀਂ ਸਾਰੇ ਹੱਸ ਪਏ। ਉਹ ਕਹਿਣ ਲੱਗਾ, ਇਹ ਉਹੀ 'ਗੜ੍ਹ ਪਧਾਣਾ' ਹੈ ਜੋ ਔੜ ਤੋਂ ਰਾਹੋਂ ਨੂੰ ਜਾਂਦਿਆਂ ਰਾਹ ਵਿਚ ਆਉਂਦਾ ਹੈ। ਮੈਂ ਕਿਹਾ 'ਹਾਂ' ਪਰ ਤੂੰ ਦੱਸ ਕਿ ਤੂੰ ਉਥੇ ਗਿਆ ਕਿਹਨਾਂ ਦੇ ਸੀ? ਮੈਂ ਇਕ ਤਰ੍ਹਾਂ ਨਾਲ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਐਵੇਂ ਕੋਲੋਂ ਹੀ ਨਾਂ ਲੈ ਦਿੰਦਾ ਹੈ। ਉਹ ਕਹਿਣ ਲੱਗਾ ਪਿੰਡ ਵੜਦਿਆਂ ਖੱਬੇ ਪਾਸੇ ਵੱਡਾ ਸਾਰਾ ਘਰ ਹੈ ਕਾਮਰੇਡ ਚਰਨਜੀਤ ਸਿੰਘ ਥਾਂਦੀ ਦਾ, ਉਸਦਾ ਬਾਪ ਜ਼ੈਲਦਾਰ ਸੀ, ਉਹ ਆਪਣਾ ਮਿੱਤਰ ਹੈ ਤੇ ਸਾਡੇ ਪਿੰਡ ਦੇ ਕੋਲ ਰੁੜਕੇ ਅਣਖੀ ਦੇ ਆਉਂਦਾ ਹੁੰਦਾ ਸੀ। ਉਸਦਾ ਵਾਹਵਾ ਮਿੱਤਰ ਹੈ ਤੇ ਉਸ ਰਾਹੀਂ ਹੀ ਮੇਰਾ ਮਿੱਤਰ ਬਣਿਆ। ਮੈਂ ਉਸਦੇ ਮੂੰਹ ਵੱਲ ਹੀ ਵੇਖੀ ਗਿਆ ਕਿ ਇਹ ਬੰਦਾ ਹੈ ਜਾਂ ਕੋਈ ਜਿੰਨ ਜੋ ਸਭ ਨੂੰ ਜਾਣਦਾ ਹੈ, ਕਿਉਂਕਿ ਕਾਮਰੇਡ ਚਰਨਜੀਤ ਥਾਂਦੀ ਮੇਰਾ ਸਕਾ ਮਾਮਾ ਸੀ। ਮੈਂ ਉਠਿਆ ਤੇ ਉਠ ਕੇ ਜਗਤਾਰ ਦੇ ਗੋਡੀਂ ਹੱਥ ਲਾ ਕੇ ਕਿਹਾ, ਬਾਬਿਓ, ਤੁਸੀਂ ਵਾਕਈ ਗਰੇਟ ਹੋ।

ਆਮ ਬੋਲਚਾਲ ਵਿਚ ਜਗਤਾਰ ਬਹੁਤੀ ਰੱਖ-ਰਖਾ ਵਾਲੀ ਭਾਸ਼ਾ ਦਾ ਇਸਤੇਮਾਲ ਨਹੀਂ ਸੀ ਕਰਦਾ। ਜੇ ਮੈਂ ਦੁਨੀਆਂਦਾਰੀ ਵਾਲੀ ਭਾਬਾ (ਜਿਸ ਵਿਚ ਆਮ ਤੌਰ 'ਤੇ ਝੂਠ ਤੇ ਲੇਪਾਪੋਚੀ ਵਧੇਰੇ ਹੁੰਦੀ ਹੈ) ਤੋਂ ਜਗਤਾਰ ਕੋਰਾ ਸੀ ਜਾਂ ਉਸ ਨੂੰ ਇਕ ਤਰ੍ਹਾਂ ਨਾਲ ਅਜਿਹੀ ਭਾਸ਼ਾ ਤੋਂ ਘ੍ਰਿਣਾ ਸੀ। ਜਿਸਨੂੰ ਆਪਣਾ ਕਹਿ ਲਿਆ ਉਸ ਨਾਲ ਫੇਰ ਰੱਖ-ਰਖਾ ਕਾਹਦਾ। ਉਹ ਇਸੇ ਵਿਚਾਰ ਦਾ ਹਾਮੀ ਸੀ। ਅਸੀਂ ਇਕ ਵਾਰੀ ਚੰਡੀਗੜ੍ਹ ਸ. ਪ੍ਰੀਤਮ ਸਿੰਘ ਪੀ. ਸੀ. ਐਸ. ਨੂੰ ਉਹਨਾਂ ਦੇ ਘਰ ਮਿਲਣ ਗਏ। ਉਹ ਉਸ ਸਮੇਂ ਮੁੱਖ ਮੰਤਰੀ ਦੇ ਓ. ਐਸ. ਡੀ. ਸਨ। ਦਰਵਾਜ਼ੇ ਵਿਚ ਖੜ੍ਹ ਕੇ ਹੀ ਜਗਤਾਰ ਨੇ ਆਵਾਜ਼ ਮਾਰੀ 'ਪ੍ਰੀਤਮ ਸਿੰਘ, ਓ ਪ੍ਰੀਤਮ ਸਿੰਘ'। ਮੈਂ ਜਗਤਾਰ ਦੇ ਮੂੰਹ ਵੱਲ ਵੇਖਦਾ ਰਹਿ ਗਿਆ ਕਿਉਂਕਿ ਮੈਂ ਅਜਿਹੇ ਸੰਬੋਧਨ ਦੀ ਆਸ ਨਹੀਂ ਸੀ ਰੱਖ ਰਿਹਾ। ਪਰ ਅਸ਼ਕੇ ਜਾਵਾਂ ਪ੍ਰੀਤਮ ਸਿੰਘਹੁਣਾਂ ਦੇ ਜਿਹਨਾਂ ਦੇ ਚਿਹਰੇ ਤੇ ਇਕ ਵੀ ਸ਼ਿਕਨ ਨਹੀਂ ਸੀ ਤੇ ਦੋਵੇਂ ਬੜੇ ਪਿਆਰ ਨਾਲ ਮਿਲੇ। ਚਾਹ-ਪਾਣੀ ਤੋਂ ਪਿੱਛੋਂ ਪ੍ਰੀਤਮ ਸਿੰਘ ਹੁਣਾਂ ਜਗਤਾਰ ਨੂੰ ਆਪਣੀ ਨਵੀਂ ਲਿਖੀ ਕਵਿਤਾ ਸੁਣਾਈ ਤਾਂ ਜਗਤਾਰ ਨੇ ਉਸ ਕਵਿਤਾ ਉਪਰ ਕਿੰਤੂ-ਪ੍ਰੰਤੂ ਕੀਤਾ। ਪ੍ਰੀਤਮ ਸਿੰਘ ਹੁਣੀਂ ਆਪਣਾ ਪੱਖ ਰੱਖ ਰਹੇ ਸਨ ਤੇ ਜਗਤਾਰ ਆਪਣੀ ਗੱਲ ਕਹਿ ਰਿਹਾ ਸੀ ਤੇ ਮੈਂ ਬੈਠਾ ਸੋਚ ਰਿਹਾ ਸਾਂ ਕਿ ਜਗਤਾਰ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ। ਵਰਨਾ ਅੱਜਕਲ੍ਹ ਤਾਂ ਲੋਕ ਅਫਸਰਾਂ ਦੇ ਮੂਹਰੇ ਵਿਛਣ ਤੱਕ ਜਾਂਦੇ ਹਨ।

ਮੈਨੂੰ ਇਕ ਹੋਰ ਵਾਕਿਆ ਯਾਦ ਆ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰੀਡਰ ਦੀ ਪੋਸਟ ਨਿਕਲੀ ਤਾਂ ਮੈਂ ਜਗਤਾਰ ਨੂੰ ਅਪਲਾਈ ਕਰਨ ਲਈ ਕਿਹਾ। ਉਹ ਕਹਿਣ ਲੱਗਾ 'ਕੋਈ ਫਾਇਦਾ ਨਹੀਂ, ਫੈਸਲੇ ਪਹਿਲਾਂ ਹੀ ਕੀਤੇ ਹੁੰਦੇ ਨੇ।' ਮੈਂ ਕਿਹਾ 'ਤੂੰ ਅਪਲਾਈ ਤਾਂ ਕਰ, ਕੀ ਪਤਾ ਤੁੱਕਾ ਲੱਗ ਹੀ ਜਾਵੇ' ਖੈਰ ਬਹੁਤ ਕਹਿਣ ਤੇ ਉਹ ਮੰਨ ਗਿਆ। ਜਦ ਅਸੀਂ ਇੰਟਰਵਿਊ 'ਤੇ ਗਏ। ਡਾ. ਜੋਗਿੰਦਰ ਸਿੰਘ ਰਾਹੀਂ ਉਸ ਵੇਲੇ ਹੈਡ ਸਨ ਤੇ ਉਹਨਾਂ ਇੰਟਰਵਿਊ ਵਿਚ ਬੈਠਣਾ ਸੀ। ਅਸੀਂ ਪੰਜ ਸੱਤ ਜਣੇ ਬਾਹਰ ਖੜ੍ਹੇ ਸਾਂ। ਡਾ. ਰਾਹੀ ਸਾਡੇ ਕੋਲ ਦੀ ਲੰਘਣ ਲੱਗੇ ਤਾਂ ਉਹਨਾਂ ਇਕ ਤਰ੍ਹਾਂ ਨਾਲ ਖੜਿਆਂ ਨੂੰ ਇਗਨੋਰ ਕੀਤਾ। ਉਹ ਜਗਤਾਰ ਦੇ ਚੰਗੇ ਜਾਣੂੰਆਂ 'ਚੋਂ ਸਨ। ਜਗਤਾਰ ਤੋਂ ਇਹ ਜਰ ਨਾ ਹੋਇਆ ਕਿ ਜਾਣੂ ਬੰਦਾ ਕੋਲ ਦੀ ਇੰਝ ਲੰਘ ਜਾਵੇ। ਜਗਤਾਰ ਫੱਟ ਬੋਲਿਆ 'ਰਾਹੀ ਜੀ ਜੇ ਸਾਨੂੰ ਨਹੀਂ ਵੀ ਰੱਖਣਾ ਤਾਂ ਇੰਝ ਤਾਂ ਨਾ ਕੋਲ ਦੀ ਅੱਖਾਂ ਚੁਰਾ ਕੇ ਲੰਘੋ'। ਰਾਹੀਂ ਹੁਣਾਂ ਦੇ ਚਿਹਰੇ ਤੋਂ ਸਾਫ ਲੱਗ ਰਿ ਸੀ ਕਿ ਉਹਨਾਂ ਇਸ ਗੱਲ ਦਾ ਗੁੱਸਾ ਕੀਤਾ ਹੈ ਪਰ ਜਗਤਾਰ ਬਿਲਕੁਲ ਸ਼ਾਂਤ ਖੜ੍ਹਾ ਸੀ ਤੇ ਮੈਂ ਸੋਚ ਰਿਹਾ ਸਾਂ ਕਿ ਹੁਣ ਕੀ ਸਿਲੈਕਸ਼ਨ ਹੋਣੀ ਹੈ। ਅੰਦਰ ਇੰਟਰਵਿਊ ਵਿਚ ਡਾ. ਅਤਰ ਸਿੰਘ ਅਤੇ ਜਲੰਧਰ ਦੇ ਕਮਿਸ਼ਨਰ ਜੋ ਉਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਸੇਵਾ ਵੀ ਨਿਭਾਅ ਰਹੇ ਸਨ- ਬੈਠੇ ਸਨ। ਜਦ ਜਗਤਾਰ ਨੇ ਆਪਣੀਆਂ ਕਿਤਾਬਾਂ ਮੇਜ 'ਤੇ ਰੱਖੀਆਂ ਤਾਂ ਕਮਿਸ਼ਨਰ ਸਾਹਿਬ ਦੀਆਂ ਅੱਖਾਂ ਤੇ ਚਿਹਰੇ ਉਪਰ ਜਗਤਾਰ ਲਈ ਚੰਗੇ ਭਾਵ ਸਨ। ਉਹਨਾਂ ਡਾ. ਅਤਰ ਸਿੰਘ ਨੂੰ ਪ੍ਰਸ਼ਨ ਪੁੱਛਣ ਲਈ ਕਿਹਾ। ਜਗਤਾਰ ਦੇ ਕਹਿਣ ਅਨੁਸਾਰ ਡਾ. ਅਤਰ ਸਿੰਘ ਕਹਿਣ ਲੱਗੇ ਕਿ 'ਇਹ ਸਾਡ ਬਹੁਤ ਵੱਡਾ ਸ਼ਾਇਰ ਹੈ। ਇਸ ਲਈ ਇਹ ਪੋਸਟ ਬਹੁਤ ਛੋਟੀ ਹੈ। ਇਸ ਵਰਗੇ ਬੰਦੇ ਲਈ ਤਾਂ ਕੋਈ ਵੱਡੀ ਪੋਸਟ ਚਾਹੀਦੀ ਹੈ।' ਜਗਤਾਰ ਕਹਿੰਦਾ 'ਮੈਂ ਵਾਈਸ ਚਾਂਸਲਰ ਵੱਲ ਮੂੰਹ ਕਰਕੇ ਕਿਹਾ ਇਹ ਮੇਰੇ ਨਾਲ ਇਕ ਕਿਤਾਬ ਵਿਚ ਕੋ-ਆਥਾਰ ਹਨ ਪਰ ਜਦ ਵੀ ਮੇਰੇ ਲਈ ਕੁਝ ਕਰਨ ਦਾ ਮੌਕਾ ਆਉਂਦਾ ਹੈ ਤਾਂ ਇਹੋ ਜਿਹੀਆਂ ਗੱਲਾਂ ਕਰਕੇ ਹੀ ਵਕਤ ਟਪਾ ਦਿੰਦੇ ਹਨ।' ਸ਼ਾਇਦ ਜਗਤਾਰ ਦੇ ਇਸ ਸਪਸ਼ਟਵਾਦੀ ਸੁਭਾਅ ਦਾ ਹੀ ਸਿੱਟਾ ਹੈ ਕਿ ਉਸਨੇ ਸਿਸਟਮ ਬਾਰੇ ਇਹ ਲਿਖਿਆ:

ਕੁਰਸੀਆਂ ਨੂੰ ਲੋਕ ਅੱਜਕਲ੍ਹ ਪੂਜਦੇ 'ਜਗਤਾਰ ਜੀ'
ਕੌਣ ਸ਼ਾਇਰ ਨੂੰ ਤੇ ਕਿਹੜਾ ਸ਼ੇਅਰ ਨੂੰ ਹੈ ਪਰਖਦਾ।

ਜਗਤਾਰ ਕਈ ਵਾਰੀ ਇਕਦਮ ਗੁੱਸੇ ਵਿਚ ਵੀ ਆ ਜਾਂਦਾ ਸੀ ਤੇ ਫੱਟ ਕਹਿ ਦਿੰਦਾ ਸੀ ''ਮੈਂ ਉਸ ਤੋਂ ਕੀ ਲੈਣਾ ਹੈ'' ਆਪਣੇ ਇਸੇ ਸੁਭਾਅ ਕਾਰਨ ਹੀ ਉਸਨੇ ਕਈ ਦੋਸਤਾਂ ਨੂੰ ਆਪਣੇ ਤੋਂ ਦੂਰ ਕੀਤਾ। ਪ੍ਰੋ. ਸਰਿੰਦਰ ਸਿੰਘ ਚੀਮਾ ਲੁਧਿਆਣੇ ਵਾਲੇ ਜਗਤਾਰ ਬਾਰੇ ਅਕਸਰ ਕਹਿੰਦੇ ਸਨ ਕਿ ਜਗਤਾਰ ਕਲਮ ਦਾ ਖੱਟਿਆ ਖਾਂਦਾ ਹੈ ਤੇ ਮੂੰਹ ਦਾ ਬੋਲਿਆ ਵਿਗਾੜਦਾ ਹੈ।

ਤੁਸੀ ਸੋਚਦੇ ਹੋਵੋਗੇ ਕਿ ਜਗਤਾਰ ਮੂਲ ਤੌਰ 'ਤੇ ਸ਼ਾਇ+ ਸੀ ਤੇ ਇਹ ਚੰਗਾ ਜਗਤਾਰ ਦਾ ਦੋਸਤ ਹੈ ਜੋ ਉਸਦੀ ਸ਼ਾਇਰੀ ਦੀ ਗੱਲ ਹੀ ਨਹੀਂ ਕਰਦਾ। ਜਗਤਾਰ ਨੇ 1953 ਵਿਚ ਹਲਕੇ ਫੁਲਕੇ ਗੀਤਾਂ ਨਾਲ ਆਪਣੀ ਸਿਰਜਣਾ ਦਾ ਸਫਰ ਸ਼ੁਰੂ ਕੀਤਾ ਤੇ ਫਿਰ ਲਗਾਤਾਰ ਲਿਖਦਿਆਂ ਹੋਇਆਂ ਤਲਖੀਆਂ ਰੰਗੀਨੀਆਂ, ਰੱਤਾ ਰਾਂਗਲੀਆਂ, ਦੁੱਧ ਪੱਥਰੀ, ਅਧੂਰਾ ਆਦਮੀ, ਲਹੂ ਦੇ ਨਕਸ਼, ਛਾਂਗਿਆ ਰੁੱਖ, ਸ਼ੀਸ਼ੇ ਦਾ ਜੰਗਲ, ਜੰਜੀਰਿਆਂ ਵਿਚ ਘਿਰਿਆ ਸਮੁੰਦਰ, ਚਨੁਕਰੀ ਸ਼ਾਮ, ਜੁਗਨੂੰ ਦੀਵਾ ਤੇ ਦਰਿਆ, ਅੱਖਾਂ ਵਾਲੀਆਂ ਪੈੜਾਂ ਆਦਿ ਕਾਵਿ ਪੁਸਤਕਾਂ ਤੋਂ ਬਿਨਾਂ ਕੋਈ ਡੇਢ ਦਰਜਨ ਦੇ ਕਰੀਬ ਲਿਪੀਅੰਤਰ, ਅਨੁਵਾਦ, ਸੰਪ-ਾਦਿਤ ਤੇ ਖੋਜ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 'ਲਹੂ ਦੇ ਨਕਸ਼' ਪੁਸਤਕ ਦੀਆਂ ਲੱਗਭੱਗ ਸਾਰੀਆਂ ਕਵਿਤਾਵਾਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੀਆਂ। ਡਾ. ਰਮੇਸ਼ ਕੁੰਤਲ ਮੇਘ ਤੇ ਨਾਗ ਅਰਜਨ ਨੇ ਹਿੰਦੀ ਵਿਚ ਅਨੁ-ਵਾਦ ਕੀਤੇ, ਨਖਲੇਸ਼ਵਰ ਨੇ ਤੇਲਗੂ ਵਿਚ, ਪ੍ਰੋ. ਰਾਜ਼ਦਾਂ, ਪ੍ਰੀਤਮ ਸਿੰਘ ਪੀ. ਸੀ. ਐਸ., ਵਿਪਨ ਲਾਘਰੂ ਤੇ ਬੰਧੋਪਾਧਿਆਏ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤੇ। ਭਾਰਤੀ ਸਾਹਿਤ ਅਕਾਡਮੀ ਵੱਲੋਂ ਤੇ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਵੀ ਵਜੋਂ ਸਨਮਾਨਿਤ ਹੋਇਆ। ਯੂਨੀਵਰਸਿਟੀਆਂ ਨੇ ਸਨਮਾਨ ਵਜੋਂ ਐਮ. ਏ. ਕੋਰਸਾਂ ਵਿਚ ਲਾਇਆ।

ਭਾਵੇਂ ਜਗਤਾਰ ਨੇ ਆਪਣੀ ਸਾਹਿਤ ਸਿਰਜਣਾ ਦੇ ਆਰੰਭਕ ਦੌਰ ਵਿਚ ਉਰਦੂ ਕਹਾਣੀਆਂ ਤੇ ਕਵਿਤਾਵਾਂ ਵੀ ਲਿਖੀਆਂ ਪਰ ਉਹ ਇਕ ਲੇਖਕ ਵਜੋਂ ਸਥਾਪਤ ਮਾਂ-ਬੋਲੀ ਪੰਜਾਬੀ ਵਿਚ ਹੀ ਹੋਇਆ। ਨਾਨਕ ਸਿੰਘ ਨਾਵਲਕਾਰ ਨੂੰ ਜਗਤਾਰ ਦੇ ਲਿਖੇ ਗੀਤ ਮੋਹਨ ਸਿੰਘ ਨਾਲੋਂ ਵਧੇਰੇ ਪਸੰਦ ਸਨ। ਦੇਵਿੰਦਰ ਸਤਿਆਰਥੀ ਜਗਤਾਰ ਨੂੰ ਯੁੱਗ ਅਨੁਕੂ ਚੇਤਨਾ ਦਾ ਕਵੀ ਕਹਿੰਦਾ ਹੈ। ਡਾ. ਸਤਿੰਦਰ ਸਿੰਘ ਉਸਨੂੰ ਗ਼ਜ਼ਲ ਦਾ ਵੱਡਾ ਸ਼ਾਇਰ ਤਸਲੀਮ ਕਰਦਾ ਹੈ। ਪਰ ਮੈਂ ਸਮਝਦਾ ਹਾਂ ਕਿ ਡਾ. ਜਗਤਾਰ ਸਮੇਂ ਦੇ ਸੱਚ ਦਾ ਸ਼ਾਇਰ ਹੈ, ਜਿਸਨੇ ਸਮੇਂ ਨਾਲ ਕਦਮ ਮੇਲਦਿਆਂ ਹਰ ਲਹਿਰ ਤੇ ਹਰੇਕ ਉਥਲ ਪੁਥਲ ਨੂੰ ਸ਼ਿੱਦਤ ਨਾਲ ਮਹਿਸੂਸ ਕਰਕੇ ਅਜਿਹੇ ਢੰਗ ਨਾਲ ਲਿਖਿਆ ਹੈ ਕਿ ਉਸਦੀ ਕਵਿਤਾ ਵਿਚ ਇਕ ਤਰੋ-ਤਾਜ਼ਗੀ ਤੇ ਲੋਕਾਂ ਦੀ ਆਵਾਜ਼ ਮਹਿ-ਸੂਸ ਹੁੰਦੀ ਹੈ। ਉਹ ਅਗਾਂਹਵਧੂ ਵੀ ਹੈ ਤੇ ਯਥਾਰਥਕ ਵੀ, ਜੁ-ਝਾਰਵਾਦੀ ਕਵਿਤਾ ਵੀ ਉਸ ਰਚੀ ਹੈ ਤੇ ਰੁਮਾਂਟਿਕ ਰੰਗਣ ਤੋਂ ਵੀ ਉਹ ਅਣਭਿੱਜ ਨਹੀਂ ਰਿਹਾ। ਡਾ. ਜਗਤਾਰ ਇਕ ਇਕਾਈ ਤੋਂ ਫੈਲ ਕੇ ਇਕ ਸੰਸਾਰ ਬਣ ਜਾਂਦੇ ਦਰਦ ਦਾ ਸ਼ਾਇਰ ਹੋ ਨਿ-ਬੜਿਆ ਹੈ। ਉਹ ਸੰਵੇਦਨਸ਼ੀਲ ਵੀ ਹੈ, ਤਲਖ ਵੀ ਹੈ ਤੇ ਗਹਿਰ ਗੰਭੀਰ ਵੀ। ਉਸ ਕੋਲ ਕਵਿਤਾ ਵੀ ਹੈ ਤੇ ਗਹਿਰ ਗੰਭੀਰ ਵੀ। ਉਸ ਕੋਲ ਕਵਿਤਾ ਦੀ ਸਚਿਆਈ ਵੀ ਹੈ ਤੇ ਕਵਿਤਾ ਦੀ ਪਕਿਆਈ ਵੀ। ਉਸਦੀ ਕਵਿਤਾ ਸ਼ੋਰ 'ਚੋਂ ਉਦੇ ਹੁੰਦੀ ਸ਼ਹਿਨਾਈ ਦੀ ਤਾਨ ਵਰਗੀ ਹੈ। ਜਗਤਾਰ ਦਾ ਕਹਿਣਾ ਸੀ ਕਿ ਬਿਗਾਨਿਆਂ ਫੂਹੜੀਆਂ 'ਤੇ ਆਦਮੀ ਕਦੋਂ ਤੱਕ ਚੱਲ ਸਕਦਾ ਹੈ। ਇਸੇ ਕਰਕੇ ਉਸਨੇ ਆਲੋਚਕਾਂ ਦਾ ਕੋਈ ਧੜਾ ਨਹੀਂ ਸੀ ਪਾਲਿਆ ਹੋਇਆ। ਉਸ ਅਨੁਸਾਰ 'ਸ਼ਾਇਰ ਦੀ ਸ਼ਾਇਰੀ ਦਾ ਫੈਸਲਾ ਤਾਂ ਉਸਦੀ ਮੌਤ ਤੋਂ ਬਾਅਦ ਹੀ ਹੋਵੇਗਾ। ਜੇ ਸ਼ਾਇਰੀ ਵਿਚ ਜਾਨ ਹੋਵੇਗੀ ਤਾਂ ਜ਼ਿੰਦਾ ਰਹੇਗੀ, ਨਹੀ ਤਾਂ ਵਕਤ ਦੀ ਧੂੜ ਵਿਚ ਅਲੋਪ ਹੋ ਜਾਵੇਗੀ।''

ਦੋ ਕੁ ਸਾਲ ਪਹਿਲਾਂ ਜਦ ਜਗਤਾਰ ਦੇ ਪੇਸ ਮੇਕਰ ਪਿਆ ਤਾਂ ਉਸ ਤੋਂ ਬਾਅਦ ਉਹ ਕਾਫੀ ਢਿੱਲਾ ਰਿਹਾ। ਉਸਨੂੰ ਸ਼ੂਗਰ ਵੀ ਹੋ ਗਈ ਤੇ ਹਾਰਟ ਪ੍ਰਾਬਲਮ ਵੀ। ਇਕ ਅੱਖ ਵਿਚੋਂ ਦਿੱਸਣਾ ਤਕਰੀਬਨ ਬੰਦ ਹੋ ਗਿਆ ਸੀ। ਇਕ ਵੇਲੇ ਤਾਂ ਹਾਲਤ ਇੰਨੀ ਵਧੇਰੇ ਮਾੜੀ ਹੋ ਗਈ ਸੀ ਕਿ ਆਪਣੇ ਕਮਰੇ ਨਾਲ ਜੁੜੇ ਬਾਥਰੂਮ ਤੱਕ ਜਾਣਾ ਵੀ ਔਖਾ ਸੀ। ਇਕ-ਦੋ ਵਾਰ ਤਾਂ ਉਹ ਡਿੱਗਾ ਵੀ। ਉਹਨਾਂ ਦਿਨਾਂ ਵਿਚ ਇਕ ਸ਼ਾਮ ਮੈਂ ਉਸ ਕੋਲ ਬੈਠਾ ਹੋਇਆ ਸਾਂ ਕਿ ਉਹਦੇ ਮੂੰਹ ਵਿਚੋਂ ਨਿਕਲਿਆ 'ਹਾਏ ਉਏ ਰੱਬਾ' ਮੈਂ ਕਿਹਾ 'ਜਗਤਾਰ ਉਮਰ ਦੇ ਇਸ ਪੜਾਅ ਤੇ ਅਜਿਹੀ ਸਥਿਤੀ ਵਿਚ ਘਿਰਿਆ ਹੁਣ ਤੂੰ ਮੰਨਦਾ ਹੈ ਕਿ ਰੱਬ ਹੈ? ਤਾਂ ਕਹਿਣਾ ਲੱਗਾ 'ਬਿੰਦਰ, ਇਹ ਤਾਂ ਤਕੀਆ ਕਲਾਮ ਵਾਂਗ ਹੀ ਮੂੰਹ 'ਚੋਂ ਨਿਕਲਿਆ ਹੈ। ਮੇਰਾ ਇਸ ਘੜੀ 'ਚ ਵੀ ਇਹੀ ਵਿਸ਼ਵਾਸ ਹੈ ਕਿ ਰੱਬ ਨਹੀਂ ਹੈ। ਬੰਦਾ ਹੀ ਸਭ ਕੁਝ ਹੈ। ਇਹੋ ਜਿਹੀਆਂ ਸਥਿਤੀਆ 'ਚੋਂ ਗੁਜ਼ਰਦਿਆਂ ਵੀ ਉਹ ਲਗਾਤਾਰ ਕੰਮ ਕਰਦਾ ਰਿਹਾ। ਇਸ ਸਮੇਂ ਦੌਰਾਨ ਉਸਦੀਆ ਤਿੰਨ ਕਿਤਾਬਾਂ 'ਬੁਲੇਸ਼ਾਹ ਬਾਰੇ, ਸ਼ਾਹ ਹੁਸੈਨ ਉਤੇ ਅਤੇ ਪਾਕਿਸਤਾਨੀ ਸਫਰਨਾਮਾ' ਛਪ ਕੇ ਸਾਹਮਣੇ ਆਈਆਂ। ਅਖੀਰਲੀ ਪੁਸਤਕ ਤਾਂ ਉਸ ਦਿਨ ਆਈ, ਜਿਸਨੂੰ ਉਡੀਕਦਾ ਉਡੀਕਦਾ ਉਹ ਤੁਰ ਗਿਆ।ਇਹ ਹੈ ਸਿਰੜ ਉਸ ਲੇਖਕ ਦਾ, ਜਿਸਨੇ ਲਿਖਿਆ ਸੀ 'ਮੈਂ ਆਪਣੀ ਮੌਤ ਤਾਂ ਵੇਖ ਸਕਦਾ ਹਾਂ। (ਪਰ) ਆਪਣੇ ਦਰਦ ਤੇ ਆਪਣੀ ਰਚਨਾ ਦੀ ਮੌਤ ਨਹੀਂ ਵੇਖ ਸਕਦਾ।'' ਅਤੇ ਇਹ ਗੱਲ ਉਸਨੇ ਸੱਚ ਕਰ ਵਿਖਾਈ।

ਮਾਰਚ ਦੇ ਮਹੀਨੇ ਵਿਚ ਉਹ ਅਕਸਰ ਉਦਾਸ ਰਹਿੰਦਾ ਸੀ। ਮੈਂ ਉਸਨੂੰ ਇਕ ਵਾਰ ਉਸਦੀ ਇਸ ਉਦਾਸੀ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗਾ, 'ਇਸੇ ਮਹੀਨੇ ਮੇਰੀ ਮਾਂ ਮਰੀ ਸੀ, ਇਸੇ ਮਹੀਨੇ ਮੇਰੇ ਛੋਟੇ ਭਰਾ ਦਾ ਕਤਲ ਹੋਇਆ ਸੀ। ਮੈਨੂੰ ਲੱਗਦਾ ਮੇਰੀ ਮੌਤ ਵੀ ਮਾਰਚ ਵਿਚ ਹੀ ਹੋਵੇਗੀ।'' ਉਹ ਸੱਚ ਹੀ ਕਹਿੰਦਾ ਸੀ। ਮਾਰਚ ਵਿਚ ਉਹ ਪਰਿਵਾਰ ਤੇ ਦੋਸਤਾਂ ਨੂੰ ਹਮੇਸ਼ਾ ਹਮੇਸ਼ਾ ਲਈ ਅਲਵਿਦਾ ਕਹਿ ਤੁਰ ਗਿਆ, ਮੁੜ ਨਾ ਆਉਣ ਲਈ।

ਦੋਸਤੀ ਤੇ ਦੁਸ਼ਮਣੀ ਦੇ ਸਿਲਸਿਲੇ ਸਭ ਤੋੜ ਕੇ।
ਇਕ ਨਾ ਇਕ ਦਿਨ ਘੂਕ ਸੌਂ ਜਾਵਾਂਗਾ ਮਿੱਟੀ ਉੜ੍ਹਕੇ।

ਜਗਤਾਰ ਦੀ ਪਤਨੀ, ਬੱਚੀਆਂ, ਜਵਾਈ ਤੇ ਹੋਰ ਰਿਸ਼ਤੇਦਾਰ ਦੋਸਤ ਜਗਤਾਰ ਦਾ ਹੀ ਸ਼ੇਅਰ ਸੋਚ ਰਹੇ ਹਨ:-

ਬਲਦੀਆਂ ਅੱਖਾਂ, ਬੁਢੇ ਖਿਡੌਣੇ, ਸੁੰਨਾ ਵਿਹੜਾ ਆਖ ਰਿਹੈ,
ਜਾਣ ਸਮੇਂ ਏਨਾ ਤਾਂ ਦਸ ਜਾ, ਮੁੜ ਕਿਸ ਦਿਨ ਘਰ ਆਵੇਗਾ।

ਅਖੀਰ ਉਪਰ ਮੈਂ ਜਗਤਾਰ ਦੇ ਕੁਝ ਚੋਣਵੇਂ ਸ਼ੇਅਰ ਦੇ ਰਿਹਾ ਹਾਂ, ਜਿਸ ਤੋਂ ਪਾਠਕ ਖੁਦ, ਜਗਤਾਰ ਦੀ ਸੋਚ ਦੀ ਅੰਦਾਜ਼ਾ ਲਗਾ ਸਕਦੇ ਹਨ।

ਰੋਜ਼ ਪੁੱਛਦੀ ਹੈ ਮੇਰੀ ਪਤਨੀ ਉਦਾਸੀ ਦਾ ਸਬੱਬ,
ਕੀ ਕਹਾਂ ਕਿ ਪਾਸ ਹੀ ਇਕ ਹੋਰ ਮੰਦਰ ਬਣ ਰਿਹੈ।
ਜ਼ਿੰਦਗੀ ਮੈਨੂੰ ਮਿਲੀ ਹੈ ਜਿਸ ਤਰ੍ਹਾਂ ਤੀਰਾਂ ਦੀ ਸੇਜ,
ਪਰ ਮੈਂ ਨਾ ਮਜਬੂਰ ਨਾ ਬੇਵੱਸ ਹਾਂ ਭੀਸ਼ਮ ਦੀ ਤਰ੍ਹਾਂ।
ਕਰਾਂਤੀ ਕੀ ਲਿਆਉਣੀ ਹੈ ਇਹਨਾਂ ਲੋਕਾਂ ਨੇ ਏਥੇ,
ਜਿਨ੍ਹਾਂ ਲੋਕਾਂ ਦਾ ਹਾਲੇ ਤੀਕ ਵੀ ਪਿੱਪਲ ਖੁਦਾ ਹੈ।

ਸੀ ਹਰ ਚਿਹਰਾ ਹੀ ਪਿਛਲੀ ਸਦੀ ਨੇ ਭਾਵੇਂ ਵਲੂੰਧਰਿਆ
ਬੜਾ ਚ੍ਹਾ ਫਿਰ ਵੀ ਹਰ ਇਕ ਨੂੰ ਨਵੀਂ ਸਦੀ ਦੇ ਆਗਮਨ ਦਾ ਸੀ

ਅੱਜਕਲ੍ਹ ਜ਼ਰਾ ਵੀ ਸਿਰ ਕਿਤੇ ਚੁਕਦੀ ਹੈ ਲਾਟ ਜੇ,
ਹੱਲਾ ਹਨੇਰ ਬੋਲਦੈ, ਝਟ ਉਸ ਮਕਾਨ 'ਤੇ।

ਹਥ ਦੁਆਵਾਂ 'ਚ ਉੱਠੇ ਹੀ ਪਥਰਾ ਗਏ
ਨਾ ਖੁਦਾ ਬਹੁੜਿਆ ਨਾ ਸ਼ਫਾ ਹੀ ਮਿਲੀ
ਹੋਰ ਕਿੰਨਾ ਕੁ ਚਿਰ ਸਰਦਲਾਂ 'ਤੇ ਭਲਾ
ਸਿਰ-ਵਿਹੂਣੇ ਧੜਾ ਦਾ ਬਸੇਰਾ ਰਹੂ।

ਰੋਸ਼ਨੀ ਦਾ ਕਿਵੇਂ ਦੌਰ ਹੋਇਆ ਭਲਾ?
ਸ਼ਹਿਰ ਦਰ ਸ਼ਹਿਰ ਜਦ ਗਹਿਰ ਹੈ ਦੋਸਤੋ।

ਕਤਲ ਕਰਵਾਏ ਸੀ ਮੇਰੇ ਯਾਰ ਜਿਹਨਾਂ ਨੇ ਕਦੇ,
ਉਹ ਬਦਲ ਕੇ ਭੇਸ ਅੱਜਕਲ੍ਹਦੇ ਰਹੇ ਨੇ ਦਿਲਬਰੀ।

ਤੋਤਾ, ਕਦੇ ਹੈ ਬਾਘ ਤੇ ਖਰਗੋਸ਼ ਹੈ ਕਦੇ
ਇਕ ਆਦਮੀ ਦੇ ਕੋਲ ਨੇ ਕਿੰਨੇ ਨਕਾਬ ਦੇਖ।

ਆਪਣਾ ਆਪਣਾ ਬੂਹਾ ਲਾ ਕੇ, ਲੋਕੀ ਅੰਦਰ ਬੈਠ ਰਹੇ,
ਇਸ ਮੌਸਮ ਦੇ ਸਰਦ ਵਤੀਰੇ ਦੀ ਗੱਲ ਕਿਸਦੇ ਨਾਲ ਕਰਾਂ।

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।
(ਇਹ ਸ਼ੇਅਰ ਜਗਤਾਰ ਨੇ ਦਰਸ਼ਨ ਖਟਕੜ ਨੂੰ ਨਵੇਂ ਵਰ੍ਹੇ ਦੇ ਕਾਰਡ ਉਪਰ ਲਿਖ ਭੇਜਿਆ ਸੀ, ਬਾਕੀ ਗਜ਼ਲ ਦੇ ਸ਼ੇਅਰ ਪਿੱਛੋਂ ਲਿਖੇ।)

ਜੁਦਾ ਹੋਇਆ ਤਾਂ ਹੋਵਾਂਗਾ ਜੁਦਾ ਖੁਸ਼ਬੂ ਤਰ੍ਹਾਂ ਤੈਥੋਂ,
ਨਿਭੀ ਤਾਂ ਰੰਗ ਵਾਂਗੂੰ ਆਖਰੀ ਦਮ ਤੱਕ ਨਿਭਾਵਾਂਗਾ।

ਰੱਖ ਕੇ ਹੱਥ ਲਾਟ 'ਤੇ ਖਾ ਕੇ ਅੱਗ ਦੀ ਕਸਮ,
ਸਾਥ ਜੀਆਂ ਮਰਾਂਗੇ ਕਿਹਾ ਸੀ ਜਿਨ੍ਹਾਂ
ਕੀ ਪਤਾ ਸੀ ਮੁਖਾਲਿਫ਼ ਹਵਾ ਜਾ ਵਗੀ
ਇਸ ਤਰ੍ਹਾਂ ਬਰਫ ਦੇ ਵਾਂਗ ਠਰ ਜਾਣਗੇ।

ਮਕਬਰੇ ਢਾਹ ਕੇ ਵਸਾ ਦਿੱਤੀਆਂ ਨੇ ਭਾਵੇਂ ਬਸਤੀਆਂ,
ਰੂਹ ਸ਼ਾਹਾਂ ਦੀ ਅਜੇ ਪਰ ਜੀਊਂਦਿਆਂ ਨੂੰ ਖਾ ਰਹੀ।

ਉਹ ਬੜੇ ਸਾਹਿਬ ਲਈ ਫੜਦਾ ਹੈ ਅਕਸਰ ਮਛਲੀਆਂ,
ਉਸਦਾ ਕੀ ਹੈ ਉਹ ਜਦੋਂ ਚਾਹੇਗਾ ਦਫਤਰ ਆਏਗਾ।

ਜਿਸਨੂੰ ਤੇਰੇ ਜਿਸਮ ਦੀ ਜੰਜੀਰ ਨਾ ਅਟਕਾ ਸਕੀ
ਵਹਿਮ ਹੈ ਤੇਰਾ ਕਿ ਮੁੜਕੇ ਉਹ ਮੁਸਾਫਰ ਆਏਗਾ।

ਜ਼ਿੰਦਗੀ ਕੁਛ ਗ਼ਮ ਨਾ ਕਰ, ਇਹ ਕੁਝ ਵੀ ਕਰ ਜਾਵਾਂਗਾ ਮੈਂ,
ਤੂੰ ਜਦੋਂ ਚ੍ਹਾਵੇਂ ਤਿਰੇ ਕੋਲੋਂ ਗੁਜ਼ਰ ਜਾਵਾਂਗਾ ਮੈਂ।

ਚਿਪਕਿਆ ਹੋਵੇਗਾ ਪਿੱਠ 'ਤੇ ਨਿੰਦਿਆ ਦਾ ਇਸ਼ਤਿਹਾਰ,
ਉੱਠ ਕੇ ਜਿਗਰੀ ਦੋਸਤਾਂ 'ਚੋਂ ਜਦ ਵੀ ਘਰ ਜਾਵਾਂਗਾ ਮੈਂ।

ਔੜਾਂ ਦੇ ਮਾਰੇ ਬਿਰਛ ਦਾ ਤਾਂ ਕੁਝ ਇਲਾਜ ਹੈ,
ਉਸਦਾ ਇਲਾਜ ਕੀ ਹੈ ਜੋ ਵਰਖਾ 'ਚ ਸੜ ਗਿਆ।

# 52 ਕਵੀਆਂ ਵਿਚੋਂ ਇਕ ਭਾਈ ਨੰਦ ਲਾਲ ਗੋਯਾ



ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦਸਿੰਘ ਜੀ ਦੇ ਬੜੇ ਸ਼ਰਧਾਵਾਨ ਸ਼ਰਧਾਲੂ ਸਨ। ਉਹ ਪੰਜਾਬ ਖੇਤਰ ਵਿਚ ਸਤਾਰਵੀਂ ਸਦੀ ਦੇ ਇਕ ਪੰਜਾਬੀ, ਫਾਰਸੀ ਅਤੇ ਅਰਬੀ ਦੇ ਕਵੀ ਸਨ। ਉਹਨਾਂ ਆਪਣੇ ਪਿਤਾ ਪਾਸੋਂ ਇਹ ਭਾਸ਼ਾਵਾਂ ਸਿੱਖ ਲਈਆਂ ਸਨ। ਉਨ੍ਹਾਂ 12 ਸਾਲ ਦੀ ਉਮਰ ਵਿਚ 'ਗੋਯਾ' ਤਖੱਲਸ ਹੇਠ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਗੁਰੂ ਸਾਹਿਬ ਜੀ ਦੀ ਸਿੱਖਿਆ ਤੇ ਸਿਧਾਂਤ ਦੇ ਖੋਜੀ ਸਨ। ਉਸਦੀ ਕਵਿਤਾ 'ਜੋਤ ਵਿਗਾਸ' ਪੰਜਾਬੀ ਵਿਚ ਹੈ ਤੇ ਪ੍ਰਵਾਨਿਤ ਸਿੱਖ ਸਿਧਾਂਤ ਦਾ ਹਿੱਸਾ ਹੈ ਅਤੇ ਸਿੱਖ ਧਾਰਮਿਕ ਦੀਵਾਨਾਂ ਵਿਚ ਸ਼ਾਸਤਰੀ ਬਾਣੀ ਨਾਲ ਸੁਣਾਈ ਜਾ ਸਕਦੀ ਹੈ। ਉਨ੍ਹਾਂ ਦੀ ਰਚਨਾ ਵਿਚ ਸੰਗੀਤਕ ਪੇਸ਼ਕਾਰੀ ਵੀ ਹੈ। ਬਾਕੀ ਦੀ ਕਵਿਤਾ ਫਾਰਸੀ ਵਿਚ ਹੈ।

ਗੋਯਾ ਦਾ ਜਨਮ 1633 ਈਸਵੀ ਵਿਚ ਅਫ਼ਗਾਨਿਸਤਾਨ ਦੇ ਗਜ਼ਨੀ ਕਸਬੇ ਵਿਚ ਖੱਤਰੀ ਪਰਿਵਾਰ ਵਿਚ ਹੋਇਆ। ਇਨ੍ਹਾਂ ਦਾ ਵਰਗ ਮੁਗ਼ਲ ਕਾਲ ਵਿਚ ਫਾਰਸੀ, ਜੋ ਕਿ ਸਰਕਾਰੀ ਭਾਸ਼ਾ ਸੀ, ਨੂੰ ਸਿੱਖਣ ਵਿਚ ਵਿਵਹਾਰਿਕ ਮੁਹਾਰਤ ਰੱਖਣ ਲਈ ਵੱਖਰਾ ਸੀ। ਉਨ੍ਹਾਂ ਦੇ ਪਿਤਾ ਛੱਜੂ ਮੱਲ ਜੀ ਗਜ਼ਨੀ ਦੇ ਨਵਾਬ ਕੋਲ ਮੀਰ ਮੁਨਸ਼ੀ ਸਨ। ਨਵਾਬ ਉਨ੍ਹਾਂ ਤੇ ਬੜਾ ਵਿਸ਼ਵਾਸ ਕਰਦਾ ਸੀ, ਇਸ ਲਈ ਕਈ ਮਹੱਤਵਪੂਰਨ ਮਹਿਕਮੇ ਜਿਵੇਂ ਲੋਕ ਸੇਵਾ, ਰਾਜ ਸੇਵਾ, ਸੈਨਾ, ਆਬਕਾਰੀ ਆਦਿ। ਕਈ ਮਹਿਕਮੇ ਮਿਲੇ ਹੋਏ ਸਨ। ਉਸਦੀ 50 ਸਾਲ ਦੀ ਉਮਰ ਤੱਕ ਕੋਈ ਔਲਾਦ ਨਹੀਂ ਸੀ ਕਿਉਂਕਿ ਹਰ ਬੱਚਾ 2-3 ਸਾਲ ਦੀ ਉਮਰ ਵਿਚ ਮਰ ਜਾਂਦਾ ਸੀ। ਤਦ 51 ਸਾਲ ਦੀ ਉਮਰ ਵਿਚ ਪੁੱਤਰ ਨੰਦ ਲਾਲ ਪੈਦਾ ਹੋਇਆ। ਪਰ ਕੋਈ ਖੁਸ਼ੀ ਦੀ ਰਸਮ ਨਾ ਕੀਤੀ ਗਈ ਕਿਉਂਕਿ ਪੁੱਤਰ ਦੇ ਬਚਣ ਦੀ ਵੀ ਕੋਈ ਉਮੀਦ ਨਹੀਂ ਸੀ।

ਜਦੋਂ ਨੰਦ ਲਾਲ 6 ਸਾਲ ਦਾ ਹੋਇਆ ਤਾਂ ਮੌਲਵੀ ਕੋਲੋਂ ਫਾਰਸੀ ਪੜ੍ਹਨੀ ਸ਼ੁਰੂ ਕੀਤੀ, ਜੋ ਸਰਕਾਰੀ ਭਾਸ਼ਾ ਸੀ। ਉਸਨੇ ਅਰਬੀ ਵੀ ਸਿੱਖ ਲਈ ਉਹ ਬਚਪਨ ਤੋਂ ਹੀ ਇਕ ਹੁਸ਼ਿਆਰ ਚਿੰਤਕ ਸੀ। ਦੀਵਾਨ ਛੱਜੂ ਰਾਮ ਬੈਰਾਗੀ ਮੱਤ ਦੇ ਬਾਨੀ ਗੋਸੈਨ ਰਾਮਾਨੰਦ ਦੇ ਸ਼ਰਧਾਲੂ ਸੀ। ਜਦੋਂ ਨੰਦ ਲਾਲ 12 ਸਾਲ ਦਾ ਹੋਇਆ ਤਾਂ ਪਿਤਾ ਨੇ 'ਕੈਠੀ' ਦੀ ਰਸਮ ਅਦਾ ਕਰਨ ਲਈ ਆਪਣੇ ਗੁਰੂ ਨੂੰ ਬੁਲਾਇਆ ਅਤੇ ਭੰਡਾਰਾ ਚਲਾਇਆ। ਗੁਰੂ ਜੀ ਨੇ 'ਕੈਂਠੀ' ਦੀ ਰਸਮ ਲਈ ਨੰਦ ਲਾਲ ਨੂੰ 'ਕੈਂਠੀ' ਪਾਉਣ ਲਈ ਕਿਹਾ। ਨੰਦ ਲਾਲ ਨੇ ਨਾਂਹ ਕਰ ਦਿੱਤੀ ਕਿ ਇਹ ਤਾਂ ਲੱਕੜੀ ਉਤੇ ਵਲੇਟੇ ਧਾਗੇ ਦੀ ਬਣੀ ਹੈ ਕਦੇ ਵੀ ਟੁੱਟ ਸਕਦੀ ਹੈ। ਮੈਨੂੰ ਤਾਂ ਰੱਬ ਦੇ ਨਾਮ ਦੀ ਮਾਲਾ ਚਾਹੀਦੀ ਹੈ, ਜੋ ਮੇਰੇ ਨਾਲ ਨਿੱਭੇ। ਪਿਤਾ ਬੜੇ ਨਰਾਜ਼ ਹੋਏ ਤੇ ਮੁੜ ਵਿਚਾਰ ਕਰਨ ਲਈ ਕਿਹਾ।

ਤਿੰਨ ਦਿਨ ਬਾਅਦ ਫਿਰ ਪਿਤਾ ਗੁਰੂ ਕੋਲ ਗਿਆ ਕਿ ਮੇਰੇ ਪੁੱਤਰ ਨੂੰ 'ਕੈਠੀ' ਪਾਓ। ਗੁਰੂ ਨੇ ਕਿਹਾ ਕਿ ਨੰਦ ਲਾਲ ਨੂੰ ਆਜ਼ਾਦ ਰਹਿਣ ਦਿਓ। ਪਿਤਾ ਨੇ ਇਹ'ਕੈਠੀ' ਪਾਉਣ ਦਾ ਖਿਆਲ ਹਮੇਸ਼ਾ ਲਈ ਛੱਡ ਦਿੱਤਾ। ਨੰਦ ਲਾਲ ਹੁਣ ਤੱਕ ਇਕ ਵਿਦਵਾਨ ਬਣ ਚੁੱਕਾ ਸੀ। ਉਸਦੀ ਕਵਿਤਾ ਦੀ ਮਹਿਕ ਦੂਰ-ਦੂਰ ਤੱਕ ਫੈਲ ਗਈ। ਉਸਦੇ ਚਰਚੇ ਹੋਣ ਲੱਗੇ। ਜਦੋਂ ਉਹ 17 ਸਾਲ ਦਾ ਸੀ, ਮਾਤਾ ਦਾ ਦੇਹਾਂਤ ਹੋ ਗਿਆ। ਫਿਰ ਜਦ 19 ਸਾਲ ਦਾ ਹੋਇਆ, ਪਿਤਾ ਦਾ ਵੀ ਦੇਹਾਂਤ ਹੋ ਗਿਆ।

ਆਪਣੇ ਪਿਤਾ ਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਬਾਅਦ ਉਹ ਨਵਾਬ ਕੋਲ ਗਿਆ ਕਿ ਮੈਨੂੰ ਮੇਰੇ ਪਿਤਾ ਦੀ ਨੌਕਰੀ 'ਤੇ ਰੱਖ ਲਓ। ਨਵਾਬ ਨੇ ਕਿਹਾ ਕਿ ਤੇਰੇ ਪਿਤਾ ਕੋਲ ਤਜਰਬਾ ਸੀ। ਤੇਰੇ ਕੋਲ ਅਜੇ ਉਹ ਤਜਰਬਾ ਨਹੀਂ ਹੈ। ਇਸ ਲਈ ਤੂੰ ਹੇਠਲੇ ਦਰਜੇ ਦੀ ਨੌਕਰੀ ਕਰ ਲੈ। ਨੰਦ ਲਾਲ ਨੇ ਨੌਕਰੀ ਤੋਂ ਨਾਹ ਕਰ ਦਿੱਤੀ। ਉਸਨੇ ਗਜ਼ਨੀ ਨੂੰ ਛੱਡਣ ਦਾ ਇਰਾਦਾ ਬਣਾ ਲਿਆ।

ਦੀਵਾਨ ਛੱਜੂ ਰਾਮ ਨੇ ਆਪਣੀ ਜਾਇਦਾਦ ਬਣਾਈ ਹੋਈ ਸੀ। ਗੋਯਾ ਨੇ ਸਾਰੀ ਜਾਇਦਾਦ ਦਾ ਮੁੱਲ ਵੱਟ ਲਿਆ। ਉਸਨੇ ਦੋ ਨੌਕਰ ਰੱਖ ਲਏ। ਤਦ ਪਠਾਣਾਂ ਦਾ ਇਕ ਕਾਫਲਾ ਵੀ ਮੁਲਤਾਨ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸਦਾ ਮੁਖੀਆ ਗੋਯਾ ਦੇ ਪਿਤਾ ਦਾ ਦੋਸਤ ਸੀ। ਉਸਨੇ ਕਿਹਾ ਕਿ ਉਹ ਤੈਨੂੰ ਆਪਣੇ ਨਾਲ ਮੁਲਤਾਨ ਲੈ ਜਾਵੇਗਾ।

ਇਕ ਮਹੀਨੇ ਬਾਅਦ ਕਾਫਲਾ ਤੁਰਨ ਲਈ ਤਿਆਰ ਸੀ। ਮੁਲਤਾਨ ਜਾਣ ਲਈ ਗੋਯਾ ਨੇ ਦੋ ਖੱਚਰਾਂ ਲੈ ਲਈਆਂ। ਇਕ ਤੇ ਆਪਣਾ ਸਮਾਨ ਅਤੇ ਦੂਸਰੀ ਤੇ ਨੌਕਰਾਂ ਦਾ ਸਮਾਨ ਲੱਦ ਲਿਆ।

ਯਾਤਰਾ ਤੋਂ ਬਾਅਦ ਗੋਯਾ ਮੁਲਤਾਨ ਪਹੁੰਚ ਗਿਆ। ਉਹ ਮੁਲਤਾਨ ਕਸਬੇ ਵਿਚ ਆਪਣੇ ਨੌਕਰਾਂ ਸਮੇਤ ਰਹਿਣ ਲੱਗਾ। ਪਰ ਕਸਬਾ ਸੰਘਣੀ ਆਬਾਦੀ ਦਾ ਸੀ। ਉਸਨੂੰ ਜਗ੍ਹਾ ਪਸੰਦ ਨਾ ਆਈ। ਇਕ ਦਿਨ ਉਹ ਘੁੰਮਣ ਲਈ ਨਿਕਲਿਆ ਤਾਂ ਦਿੱਲੀ ਗੇਟ ਦੇ ਇਲਾਕੇ ਵਿਚ ਪਹੁੰਚ ਗਿਆ। ਨੇੜੇ ਹੀ ਉਸਨੇ ਇਕ ਖੂਹ ਵੇਖਿਆ। ਉਥੇ 2-3 ਖੱਤਰੀਆਂ ਦੇ ਘਰ ਸਨ। ਉਹ ਉਹਨਾਂ ਨੂੰ ਮਿਲਿਆ, ਉਥੇ ਰਹਿਣ ਦਾ ਮਨ ਬਣਾ ਲਿਆ। ਉਸਨੇ ਕੁਝ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਇਕ ਸੁੰਦਰ ਮਕਾਨ ਬਣਾ ਲਿਆ। ਉਸਨੇ ਹੋਰ ਲੋਕਾਂ ਨੂੰ ਵੀ ਉਥੇ ਆ ਕੇ ਵੱਸਣ ਲਈ ਪ੍ਰੇਰਿਆ। ਲੋੜਵੰਦਾਂ ਨੂੰ ਮਕਾਨ ਬਣਾਉਣ ਲਈ ਕਰਜ਼ਾ ਵੀ ਦਿੱਤਾ। ਇਸ ਤਰ੍ਹਾਂ ਕਈ ਹਿੰਦੂ ਮੁਸਲਮਾਨਾਂ ਨੇ ਉਥੇ ਘਰ ਬਣਾ ਲਏ। ਜਦੋਂ ਆਬਾਦੀ ਵੱਧ ਗਈ ਤਾਂ ਜਗ੍ਹਾ ਦਾ ਨਾਂ ਉਸਨੇ 'ਆਗਾਪੁਰ' ਰੱਖ ਦਿੱਤਾ। ਉਸਦੇ ਨੌਕਰ ਉਸਨੂੰ ਆਗਾ ਬੁਲਾਉਂਦੇ ਸਨ।

ਉਥੇ ਦਾ ਇਕ ਖੱਤਰੀ ਵੇਖ ਰਿਹਾ ਸੀ ਕਿ ਇਹ ਨੌਜਵਾਨ ਚੰਗਾ ਹੈ, ਪੜ੍ਹਿਆ-ਲਿਖਿਆ ਹੈ, ਪੈਸੇ ਵਾਲਾ ਵੀ ਹੈ। ਉਸਨੇ ਆਪਣੀ ਧੀ ਦਾ ਵਿਆਹ ਗੋਯਾ ਨਾਲ ਕਰ ਦਿੱਤਾ। ਉਸਦੀ ਘਰਵਾਲੀ ਚੰਗੀ ਘਰੇਲੂ ਸਵਾਣੀ ਸੀ।

ਆਪਣੀ 21 ਸਾਲ ਦੀ ਉਮਰ ਤੱਕ ਗੋਯਾ ਕਿਸੇ ਧਰਮ ਦਾ ਸ਼ਰਧਾਲੂ ਨਹੀਂ ਸੀ। ਪਰ ਉਸਦੀ ਘਰਵਾਲੀ ਗੁਰੂ ਨਾਨਕ ਦੀ ਬਾਣੀ ਵਿਚ ਵਿਸ਼ਵਾਸ ਰੱਖਣ ਵਾਲੇ ਪਰਿਵਾਰ ਵਿਚੋਂ ਸੀ। ਉਹ ਸਾਰੇ ਗੁਰਬਾਣੀ ਗਾਉਂਦੇ ਸਨ। ਨੇੜੇ ਹੀ ਬੇਦੀ ਸਿੱਖਾਂ ਦਾ ਗੁਰਦੁਆਰਾ ਸੀ, ਜਿਸਦਾ ਨਾਂ ਬਾਅਦ ਵਿਚ ਧਰਮਸ਼ਾਲਾ ਬਾਣਾ ਕਾਹਨਪੱਤ ਸੀ। ਉਹ ਵੀ ਪਰਿਵਾਰ ਨਾਲ ਗੁਰਦੁਆਰਾ ਜਾਣ ਲੱਗੇ। ਗੁਰਮੁਖੀ ਵੀ ਸਿੱਖ ਲਈ ਤੇ ਬਹੁਤ ਸਾਰੀ ਗੁਰਬਾਣੀ ਹਿਰਦੇ ਵਿਚ ਵਸਾ ਲਈ।

ਉਹ ਉਸ ਸਮੇਂ ਸਾਹਿਤ ਨਾਲ ਜੁੜ ਗਿਆ ਤੇ ਫਾਰਸੀ ਵਿਚ ਪੁਸਤਕਾਂ ਲਿਖੀਆਂ। ਬਹੁਤ ਸਾਰੇ ਲੋਕਾਂ ਨੇ ਉਸਦੀਆਂ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕੀਤਾ। ਉਸ ਦੀਆਂ ਪੁਸਤਕਾਂ ਮਸ਼ਹੂਰ ਹੋ ਗਈਆਂ ਕਿ ਲੋਕ ਉਸ ਕੋਲੋਂ ਫਾਰਸੀ ਸਿੱਖਣ ਆਉਣ ਲੱਗੇ। ਉਸਦੇ ਬਾਅਦ ਵੀ ਉਸ ਦੇ ਉੱਤਰਾਧਿਕਾਰੀਆਂ ਨੇ ਅੰਗਰੇਜ਼ ਰਾਜ ਵਿਚ ਫਾਰਸੀ ਪੜ੍ਹਾਉਣੀ ਜਾਰੀ ਰੱਖੀ। ਹਿੰਦੂਆਂ ਨੇ ਵੀ ਸਿੱਖਿਆ ਪ੍ਰਾਪਤ ਕੀਤੀ, ਜਿੱਥੇ ਉਹ ਪੜ੍ਹਾਇਆ ਕਰਦੇ ਸਨ, ਲੋਕ ਉਸ ਜਗ੍ਹਾ ਤੇ ਸਿਰ ਝੁਕਾਉਂਦੇ ਸਨ।

ਉਹਨਾਂ ਦਿਨਾਂ ਵਿਚ ਮੁਲਤਾਨ ਕਾਬਲ ਦਾ ਹਿੱਸਾ ਸੀ ਤੇ ਇਕ ਰਾਜਪਾਲ ਨਿਯੁਕਤ ਸੀ। ਜਦੋਂ ਰਾਜਪਾਲ ਨੇ ਗੋਯਾ ਬਾਰੇ ਸੁਣਿਆ ਤੇ ਉਸਨੂੰ ਬੁਲਾ ਲਿਆ ਤੇ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਜਿਵੇਂ ਕਿ ਗੋਯਾ ਇਕ ਸਿੱਖਿਅਤ ਦਾਰਸ਼ਨਿਕ ਸੀ ਤਾਂ ਰਾਜਪਾਲ ਉਸਦੇ ਕੰਮ ਤੋਂ ਬਹੁਤ ਖੁਸ਼ ਸੀ। ਉਹ ਗੋਯਾ ਦਾ ਬੜਾ ਸਤਿਕਾਰ ਕਰਦਾ ਸੀ। ਇਹ ਵੇਖਕੇ ਦੂਸਰੇ ਅਹਿਲਕਾਰ ਗੋਯਾ ਨਾਲ ਈਰਖਾ ਕਰਨ ਲੱਗੇ। ਉਸ ਬਾਰੇ ਝੂਠੀਆਂ ਸ਼ਿਕਾਇਤਾਂ ਕਰਨ ਲੱਗੇ ਤਾਂ ਗੋਯਾ ਨੇ 6 ਕੁ ਸਾਲ ਦੀ ਨੌਕਰੀ ਛੱਡ ਦਿੱਤੀ।



ਪ੍ਰਮਿੰਦਰ ਸਿੰਘ ਪ੍ਰਵਾਨਾ

510-781-0487

40 ਸਾਲ ਦੀ ਉਮਰ ਵਿਚ ਉਸਦੇ ਘਰ ਪੁੱਤਰ ਪੈਦਾ ਹੋਇਆ। ਜਿਸਦਾ ਨਾਂ ਲੱਖਪਤ ਰਾਏ ਰੱਖਿਆ। ਦੋ ਸਾਲ ਬਾਅਦ ਦੂਜਾ ਪੁੱਤਰ ਜਨਮਿਆ। ਉਸਦਾ ਨਾਂ ਲੀਲਾ ਰਾਮ ਰੱਖਿਆ। ਜਦੋਂ ਵੱਡਾ ਪੁੱਤਰ 5 ਸਾਲ ਅਤੇ ਛੋਟਾ ਤਿੰਨ ਸਾਲ ਦਾ ਹੋਇਆ ਤਾਂ ਉਸਨੇ ਆਪਣੇ ਪਰਿਵਾਰ ਨੂੰ ਆਪਣੇ ਸੁਹਰਿਆਂ ਦੇ ਭੇਜ ਦਿੱਤਾ। ਉਹਨਾਂ ਨੂੰ ਕਾਫੀ ਜਾਇਦਾਦ ਦੇ ਕੇ ਆਪ ਮੁਲਤਾਨ ਛੱਡ ਦਿੱਤਾ। ਇਕ ਨੌਕਰ ਆਪਣੇ ਪਰਿਵਾਰ ਨੂੰ ਦੇ ਆਇਆ, ਇਕ ਨਾਲ ਰੱਖ ਲਿਆ। ਉਹ ਲਾਹੌਰ ਪਹੁੰਚ ਗਿਆ, ਕੁਝ ਦਿਨ ਉਥੇ ਰਿਹਾ। ਅੰਮ੍ਰਿਤਸਰ ਅਤੇ ਕੁਝ ਹੋਰ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ। ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਉਹ ਆਗਰਾ ਚਲਾ ਗਿਆ।

ਉਹਨਾਂ ਦਿਨਾਂ ਵਿਚ ਔਰੰਗਜ਼ੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਆਗਰਾ ਦਾ ਰਾਜਪਾਲ ਸੀ। ਗੋਯਾ ਨੇ ਬਾਦਸ਼ਾਹ ਦੀ ਸਿਫਤ ਵਿਚ ਇਕ ਲੰਬੀ ਕਵਿਤਾ ਦਰਬਾਰ ਵਿਚ ਸੁਣਾਈ। ਬਹਾਦਰ ਸ਼ਾਹ ਸ਼ਹਿਜ਼ਾਦਾ ਬਹੁਤ ਪ੍ਰਸੰਨ ਹੋਇਆ, ਉਸਨੇ ਗੋਯਾ ਨੂੰ ਅਗਲੇ ਦਿਨ ਬੁਲਾ ਕੇ ਬੜੇ ਸਤਿਕਾਰ ਨਾਲ ਬਿਠਾਇਆ। ਸੰਖੇਪ ਗੱਲਬਾਤ ਕਰਨ ਤੋਂ ਬਾਅਦ ਸ਼ਹਿਜ਼ਾਦੇ ਨੇ ਗੋਯਾ ਨੂੰ ਮੀਰ ਮੁਨਸ਼ੀ ਨਿਯੁਕਤ ਕਰ ਲਿਆ।

ਉਸਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਕਿ ਉਸਦੇ ਕੰਮ ਦੇ ਚਰਚੇ ਦਿੱਲੀ ਤੱਕ ਹੋਣ ਲੱਗੇ। ਇਕ ਵਾਰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਆਗਰਾ ਦਾ ਦੌਰਾ ਕੀਤਾ। ਸ਼ਾਹੀ ਦਰਬਾਰ ਸਜਿਆ, ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਵਿਚਾਰ ਰੱਖੇ। ਹਰ ਇਕ ਨੇ ਧਾਰਮਿਕ ਤੌਰ 'ਤੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੁਰਾਨ ਦੀ ਇਕ ਆਇਤ ਦੇ ਢੁਕਵੇਂ ਅਰਥ ਜਾਨਣਾ ਚਾਹੁੰਦੇ ਸੀ। ਉਸਨੇ ਬਹੁਤ ਸਾਰੇ ਵਿਦਵਾਨਾਂ ਨਾਲ ਮਸ਼ਵਰਾ ਕੀਤਾ, ਪਰ ਤਸੱਲੀ ਬਖ਼ਸ਼ ਜਵਾਬ ਨਾ ਮਿਲਿਆ। ਉਸਨੇ ਆਪਣੇ ਸ਼ਹਿਜ਼ਾਦੇ ਬਹਾਦਰ ਸ਼ਾਹ ਨੂੰ ਵੀ ਪੁੱਛਿਆ। ਬਹਾਦਰ ਸ਼ਾਹ ਨੇ ਕੁਝ ਸਮਾਂ ਮੰਗਿਆ, ਬਾਦਸ਼ਾਹ ਨੇ 8 ਦਿਨਾਂ ਦਾ ਸਮਾਂ ਦਿੱਤਾ।

ਬਹਾਦਰ ਸ਼ਾਹ ਨੇ ਆਇਤ ਤੇ ਖੋਜ ਕੀਤੀ ਪਰ ਸਫਲ ਨਾ ਹੋਇਆ। ਕਾਜ਼ੀ ਮੁਲਾਂ ਦੀ ਵੀ ਸਲਾਹ ਲਈ। ਪਰ ਗੱਲ ਨਾ ਬਣੀ। ਉਸਨੇ ਗੋਯਾ ਨਾਲ ਗੱਲ ਕੀਤੀ। ਗੋਯਾ ਨੇ ਬੜੇ ਚੰਗੇ ਤਰੀਕੇ ਨਾਲ ਆਇਤ ਦੇ ਅਰਥ ਕਰ ਦਿੱਤੇ। ਬਹਾਦਰ ਸ਼ਾਹ ਦਰਬਾਰ ਹਾਜ਼ਰ ਹੋਇਆ। ਬਹੁਤ ਸਾਰੇ ਵਿਦਵਾਨ ਵੀ ਬੈਠੇ ਸਨ। ਬਹਾਦਰ ਸ਼ਾਹ ਨੇ ਅਰਥ ਦੱਸੇ। ਬਾਦਸ਼ਾਹ ਦੀ ਤਸੱਲੀ ਹੋ ਗਈ। ਬਾਦਸ਼ਾਹ ਨੇ ਪੁੱਛਿਆ ਕਿ ਇਹ ਅਰਥ ਤੇਰੇ ਕੀਤੇ ਹਨ ਤਾਂ ਬਹਾਦਰ ਸ਼ਾਹ ਨੇ ਕਿਹਾ ਕਿ ਇਸਦਾ ਸਿਹਰਾ ਗੋਯਾ ਮੀਰ ਮੁਨਸ਼ੀ ਨੂੰ ਜਾਂਦਾ ਹੈ। ਬਾਦਸ਼ਾਹ ਨੇ ਗੋਯਾ ਨੂੰ 500 ਰੁਪਏ ਦਾ ਇਨਾਮ ਦਿੱਤਾ। ਪਰ ਨਾਲ ਹੀ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਵਿਦਵਾਨ ਹਿੰਦੂ ਧਰਮ ਵਿਚ ਨਹੀਂ ਰਹਿਣਾ ਚਾਹੀਦਾ। ਇਸਨੂੰ ਤੁਰੰਤ ਇਸਲਾਮ ਵਿਚ ਲਿਆਓ।

ਬਹਾਦਰ ਸ਼ਾਹ ਨੇ ਆਪਣੀ ਕੋਸ਼ਿਸ਼ ਵਿਚ ਗੋਯਾ ਨੂੰ ਲਾਲਚ ਦੇਣ ਦੇ ਇਰਾਦੇ ਵਿਚ ਉਸਦੀ ਤਨਖਾਹ ਵਧਾ ਦਿੱਤੀ ਤੇ ਹੋਰ ਵੀ ਇੱਜ਼ਤ ਮਾਣ ਦੇਣ ਲੱਗਾ। ਕੁਝ ਦਿਨਾਂ ਬਾਅਦ ਭੇਦ ਖੁੱਲ੍ਹਿਆ ਕਿ ਬਾਦਸ਼ਾਹ ਤੈਨੂੰ ਤੁਰੰਤ ਇਸਲਾਮ ਵਿਚ ਲਿਆਉਣਾ ਚਾਹੁੰਦੇ ਹਨ। ਗੋਯਾ ਹੈਰਾਨ ਸੀ ਤੇ ਚੁੱਪ ਰਿਹਾ, ਫਿਰ ਕਿਹਾ ਕੁਝ ਦਿਨ ਦਾ ਸਮਾਂ ਚਾਹੀਦਾ ਹੈ।

ਪ੍ਰੇਸ਼ਾਨ ਹੋਏ ਗੋਯਾ ਨੇ ਇਹ ਗੱਲ ਕੋਤਵਾਲ ਗਿਆਸ-ਓ-ਦੀਨ ਨਾਲ ਕੀਤੀ ਕਿ ਉਹ ਇਸਲਾਮ ਕਬੂਲ ਕਰਨਾ ਨਹੀਂ ਚਾਹੁੰਦਾ। ਗਿਆਸ-ਉ-ਦੀਨ ਨੇ ਕਿਹਾ ਕਿ ਮੈਂ ਤੈਨੂੰ ਇੱਥੋਂ ਜਾਣ ਵਿਚ ਪੂਰੀ ਮਦਦ ਕਰਾਂਗਾ। ਆਪਾਂ ਦੋਵੇਂ ਇੱਥੋਂ ਨਿਕਲ ਜਾਵਾਂਗੇ। ਗੋਯਾ ਨੇ ਕਿਹਾ ਕਿ ਜੇ ਦੋਵੇਂ ਇਕੱਲੇ ਨਿਕਲੇ ਤਾਂ ਫੜੇ ਜਾਵਾਂਗੇ। ਮੈਂ ਪਹਿਲਾਂ ਨਿਕਲਦਾ ਹਾਂ, ਤੂੰ ਕੁਝ ਦਿਨ ਬਾਅਦ ਮੇਰੀ ਮਦਦ ਲਈ ਆ ਜਾਵੀਂ। ਆਪਾਂ ਲਾਹੌਰ ਵਿਚ ਮਿਲਾਂਗੇ ਪਰ ਤੂੰ ਛੁੱਟੀ ਲੈ ਕੇ ਆਵੀਂ।

ਇਸ ਤਰ੍ਹਾਂ ਗੋਯਾ ਇਕ ਰਾਤ ਬਚ ਨਿਕਲਿਆ। ਲਾਹੌਰ ਪਹੁੰਚ ਗਿਆ। ਇਕ ਸਰਾਂ ਵਿਚ ਠਹਿਰ ਗਿਆ। ਉਪਰ ਸ਼ਹਿਜ਼ਾਦੇ ਨੂੰ ਪਤਾ ਲੱਗਾ ਕਿ ਗੋਯਾ ਗਾਇਬ ਹੈ, ਉਸਨੇ ਗੋਯਾ ਦੀ ਤਲਾਸ਼ ਕੀਤੀ। ਕੁਝ ਦਿਨਾਂ ਬਾਅਦ ਗਿਆਸ-ਉ-ਦੀਨ ਵੀ ਇਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਗੋਯਾ ਨੂੰ ਜਾ ਮਿਲਿਆ। ਉਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ 29 ਮਾਰਚ, 1682 ਵਿਸਾਖੀ ਵਾਲੇ ਦਿਨ ਆ ਗਏ। ਗੁਰੂ ਸਾਹਿਬ ਨੇ ਉਹਨਾਂ ਦੀ ਰਿਹਾਇਸ਼ ਦਾ ਚੰਗਾ ਪ੍ਰਬੰਧ ਕੀਤਾ ਅਤੇ ਉਹਨਾਂ ਨੂੰ ਸੰਗਤਾਂ ਅਤੇ ਦਰਬਾਰ ਦੀ ਸੇਵਾ ਵਿਚ ਜੁਟ ਜਾਣ ਲਈ ਕਿਹਾ। ਗਿਆਸ-ਓ-ਦੀਨ ਇਕ ਮਹੀਨਾ ਰਹਿ ਕੇ ਆਗਰਾ ਪਰਤ ਗਿਆ। ਗੋਯਾ ਸੇਵਾ ਕਰਨ ਦਾ ਆਦੀ ਹੋ ਗਿਆ ਅਤੇ ਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਲੱਗਾ।

ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਬੰਦਗੀ ਨਾਮਾ' (ਇਤਿਹਾਸ ਦੀ ਕਿਤਾਬ) ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਇਸਦਾ ਨਾਮ 'ਬੰਦਗੀ ਨਾਮਾ' ਤੋਂ ਬਦਲ ਕੇ 'ਜ਼ਿੰਦਗੀ ਨਾਮਾ' (ਜੀਵਨ ਦੀ ਕਿਤਾਬ) ਵਿਚ ਜਵਾਬ ਫਾਰਸੀ ਆਇਤ ਵਿਚ ਦਿੱਤਾ।

ਅਬ-ਏ-ਹੈਵਨ ਪੁਰ ਸ਼ੁਦ ਚੁਨ ਜਮ ਏਉ
ਜ਼ਿੰਦਗੀ ਨਾਮਾ-ਸੁਦ ਬੰਦਗੀ ਨਾਮਾ-ਓ'

(ਜਦੋਂ ਉਸਦਾ ਗਮਲਾ ਜੀਵਨ ਦੇ ਪਾਣੀ ਨਾਲ ਭਰ ਗਿਆ ਤਾਂ ਉਸਦਾ ਬੰਦਗੀ ਨਾਮਾ ਜ਼ਿੰਦਗੀ ਨਾਮਾ ਬਣ ਗਿਆ।) ਗੋਯਾ ਨੇ ਗੁਰੂ ਸਾਹਿਬ ਜੀ ਨਾਲ ਰਹੱਸਵਾਦੀ ਚਿੰਤਨ ਵਿਚ ਆਪਣੇ ਦਿਨ ਬਿਤਾਏ, ਕਵਿਤਾ ਦੀ ਰਚਨਾ ਕੀਤੀ। ਜਿਸ ਵਿਚ ਉਸਦਾ ਅਧਿਆਤਮਕ ਅਨੁਭਵ ਪ੍ਰਮੁੱਖ ਤੱਤ ਹੈ। ਇਸ ਸਮੇਂ ਦੀ ਉਸਦੀ ਫਾਰਸੀ ਕਵਿਤਾ ਸਿੱਖ ਪ੍ਰੰਪਰਾ ਵਿਚ ਬੜੇ ਸਤਿਕਾਰ ਨਾਲ ਗਾਈ ਜਾਂਦੀ ਹੈ। ਉਦੋਂ ਹੋਰ ਕਵੀਆਂ ਨੇ ਵੀ ਗੁਰਾਂ ਦੀ ਸੰਗਤ ਕੀਤੀ, ਜਿਹਨਾਂ ਨੇ ਬ੍ਰਿਜ ਭਾਸ਼ਾ ਵਿਚ ਲਿਖਿਆ, ਜਿਸਨੂੰ ਸ਼ਾਸਤਰੀ ਮਾਧਿਅਮ ਦਾ ਦਰਜਾ ਪ੍ਰਾਪਤ ਸੀ। ਨੰਦ ਲਾਲ ਗੁਰੂ ਸਾਹਿਬ ਦਾ ਫਾਰਸੀ ਕਵੀ ਵਜੋਂ ਉਭਰਿਆ। ਭਾਈ ਨੰਦ ਲਾਲ ਗੋਯਾ ਦੀਆਂ ਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:-

1. ਜ਼ਿੰਦਗੀ ਨਾਮਾ: ਇਸਦਾ ਵਿਸ਼ਾ ਪ੍ਰਮਾਤਮਾ ਨਾਲ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਇਸ ਵਿਚ 519 ਛੰਦ ਹਨ।
2. ਦੀਵਾਨ-ਏ-ਗੋਯਾ: ਇਹ 63 ਗ਼ਜ਼ਲਾਂ, 18 ਕਵਿਤਾਵਾਂ ਅਤੇ 126 ਬਾਤਾਂ ਦਾ ਸੰਗ੍ਰਹਿ ਹੈ।
3. ਤੌਸੀਫ਼-ਓ-ਸਾਨਾ: ਇਹ ਵਾਰਤਕ ਵਿਚ ਹੈ, ਪਰ ਅੰਤ ਵਿਚ ਕੁਝ ਛੰਦ ਸ਼ਾਮਲ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤੱਤ ਵਿਚ ਹੈ। ਇਸ ਵਿਚ ਅਰਬੀ ਅਤੇ ਫਾਰਸੀ ਦੇ ਸ਼ਬਦ ਹਨ।
4. ਗੰਜ ਨਾਮਾ: ਇਹ ਸਾਰੇ ਦਸ ਗੁਰੂਆਂ 'ਤੇ ਵਿਅਕਤੀਗਤ ਤੌਰ 'ਤੇ ਵਿਅੰਗਮਈ ਹੈ। ਇਹ ਵਾਰਤਕ ਅਤੇ ਕਵਿਤਾ ਦੋਹਾਂ ਵਿਚ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਪਿਆਰ ਨਾਲ ਭਰਪੂਰ ਹੈ।
5. ਜੋਤ ਵਿਗਾਸ: ਇਹ ਹਿੰਦੀ ਵਿਚ ਹੈ, ਇਸ ਵਿਚ 43 ਦੋਹੇ ਹਨ। ਇਹ ਮੁੱਖ ਤੌਰ ਤੇ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਜੈਤਸਰੀ ਕੀ ਵਾਰ ਦੀ ਵਿਆਖਿਆ ਕਰਨ ਲਈ ਸਮਰਪਿਤ ਹੈ। ਖਾਸ ਤੌਰ ਤੇ ਦਸ ਗੁਰੂਆਂ ਦੇ ਕੇਵਲ ਇਕ ਆਤਮਾ ਅਤੇ ਇਕ ਪ੍ਰਕਾਸ਼ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਖਸੀਅਤ ਦਾ ਪਿਆਰਾ ਪ੍ਰਗਟਾਵਾ ਹੈ। ਇਹ ਰਚਨਾ ਹਿੰਦੀ ਅਤੇ ਪੰਜਾਬੀ ਦੋਹਾਂ ਵਿਚ ਹੈ।
6. ਜੋਤ ਵਿਗਾਸ: ਇਹ ਫਾਰਸੀ ਵਿਚ ਹੈ। ਇਹ 179 ਫਾਰਸੀ ਦੇ ਦੋਹੇ ਵਿਚ 43 ਹਿੰਦੀ ਦੋਹੜਿਆਂ ਦੀ ਵਿਆਖਿਆ ਹੈ।
7. ਰਹਿਤਨਾਮਾ: ਇਹ ਪੰਜਾਬੀ ਵਿਚ ਦਸੰਬਰ 1695 ਵਿਚ ਅਨੰਦਪੁਰ ਵਿਖੇ ਲਿਖਿਆ ਗਿਆ ਸੀ। ਇਹ ਪੂਰਵ ਖਾਲਸਾ ਸਿੱਖਾਂ ਲਈ ਰਹਿਤ ਮਰਿਆਦਾ ਹੈ। ਖਾਲਸੇ ਦੇ ਆਚਰਣ ਨਿਯਮਾਂ ਬਾਰੇ ਸੰਵਾਦ ਹੈ।
8. ਤਨਖਾਹ ਨਾਮਾ: ਇਹ ਖਾਲਸੇ ਦੀ ਸਿਰਜਣਾ ਤੋਂ ਬਾਅਦ ਪੰਜਾਬੀ ਵਿਚ ਲਿਖਿਆ ਗਿਆ ਸੀ। ਇਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਹਨਾਂ ਦੇ ਖਾਲਸੇ ਦੇ ਅਨੇਕ ਹਵਾਲੇ ਦਿੱਤੇ ਗਏ ਹਨ। ਜੋ ਖਾਲਸੇ ਲਈ ਅਨੁਸ਼ਾਸਨ ਦੀ ਇਕ ਨਿ-ਯਮਾਂਵਲੀ ਵਜੋਂ ਕੰਮ ਕਰਦਾ ਹੈ।
9. ਦਸਤੂਰ-ਉਲ-ਇੰਸ਼ਾਂ: ਇਹ ਉਸਦੇ ਦੋਸਤਾਂ ਰਿਸ਼ਤੇਦਾਰਾਂ ਨੂੰ ਫਾਰਸੀ ਵਾਰਤਕ ਚਿੱਠੀਆਂ ਦਾ ਸੰਗ੍ਰਹਿ ਹੈ। ਉਹ ਪੱਤਰ ਲਿਖਣ ਦੇ ਨਮੂਨੇ ਵਜੋਂ ਕੰਮ ਕਰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸਥਿਤੀਆਂ ਬਾਰੇ ਕੀਮਤੀ ਇਤਿਹਾਸਕ ਜਾਣਕਾਰੀ ਹੈ।
10. ਅਰਜ਼-ਉਲ-ਐਫਜ਼: ਇਹ ਫਾਰਸੀ ਕਵਿਤਾ ਵਿਚ ਹੈ। ਇਸ ਵਿਚ ਪ੍ਰਮਾਤਮਾ ਅਤੇ ਸਿੱਖ ਗੁਰੂਆਂ ਦੀ ਉਸਤੱਤ ਅਤੇ ਕਈ ਧਾਰਮਿਕ ਫਲਸਫੇ ਸ਼ਾਮਲ ਹਨ। ਉਹ ਸਿੱਖ ਸਿਧਾਂਤਾਂ ਦੀ ਆਪਣੀ ਵਿਆਖਿਆ ਦੱਸਦਾ ਹੈ।

ਗੋਯਾ ਦੀ ਕੋਮਲ ਕਵਿਤਾ ਪ੍ਰੇਰਨਾਦਾਇਕ ਹੈ। ਸਪਸ਼ਟ ਬਿਆਨਬਾਜ਼ੀ ਹੈ। ਇਸ ਦੀ ਕਲਪਨਾ ਦਿਲ ਨੂੰ ਲੱਗਦੀ ਹੈ। ਉਸਦੀ ਰਚਨਾ ਵਿਚ ਤਿੱਖੀ ਬੁੱਧੀ ਅਤੇ ਡੂੰਘੇ ਵਿਚਾਰ ਦਿਖਾਈ ਦਿੰਦੇ ਹਨ। ਗੁਰੂ ਵਾਸਤੇ ਪੂਰਨ ਸਮਰਪਣ ਹੈ।

ਗੋਯਾ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਇੰਨਾ ਮਗਨ ਹੋ ਗਿਆ ਕਿ ਉਸਨੇ ਮੁੜ ਕੇ ਆਪਣਾ ਪਰਿਵਾਰ ਤੱਕ ਵੀ ਨਾ ਵੇਖਿਆ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਪਰਿਵਾਰ ਦੀ ਮਦਦ ਲਈ ਸਿੱਖਾਂ ਨੂੰ ਕਹਿ ਦਿੰਦੇ ਹਾਂ। ਗੋਯਾ ਨੇ ਕਿਹਾ ਕਿ ਅਸੀਂ ਨੌਕਰੀ ਪੇਸ਼ਾਂ ਹਾਂ ਕਮਾ ਲੈਂਦੇ ਹਾਂ। ਸਾਨੂੰ ਸਿਰਫ ਆਪ ਜੀ ਦੀ ਮਿਹਰ ਚਾਹੀਦੀ ਹੈ। ਆਨੰਦਪੁਰ ਵਿਖੇ ਚਲਦੇ ਲੰਗਰਾਂ ਵਿਚ ਗੋਯਾ ਨੇ ਇਕ ਮਿਸਾਲੀ ਸੇਵਾ ਨਿਭਾਈ।

ਗੋਯਾ ਦਸੰਬਰ 1704 ਤੱਕ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਸੀ। ਸਰਸਾ ਨਦੀ ਦੀ ਜੰਗ ਵਿਚ ਗੁਰੂ ਸਾਹਿਬ ਜੀ ਦਾ ਪਰਿਵਾਰ ਉਹਨਾਂ ਤੋਂ ਵੱਖ ਹੋ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਦੋ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਸਦੇ ਪਿੰਡ ਖੇੜੀ ਪਹੁੰਚ ਗਏ। ਗੁਰੂ ਸਾਹਿਬ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਛੇਤੀ ਹੀ ਗੋਯਾ ਉਨ੍ਹਾਂ ਨਾਲ ਮਿਲ ਗਿਆ। ਸੰਨ 1707 ਵਿਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੋਯਾ ਬਾਦਸ਼ਾਹ ਬਹਾਦਰ ਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਵਿਚੋਲੇ ਸਨ। ਗੋਯਾ 1707-1712 ਤੱਕ ਬਹਾਦਰ ਸ਼ਾਹ ਦੇ ਡੇਰੇ ਰਿਹਾ। ਸਕੱਤਰ ਵਜੋਂ ਕੰਮ ਕੀਤਾ। ਗੋਯਾ 1710 ਵਿਚ ਬੰਦਾ ਬਹਾਦਰ ਵਿਰੁੱਧ ਬਾਦਸ਼ਾਹ ਦੀ ਲੋਹਗੜ੍ਹ ਮੁਹਿੰਮ ਵਿਚ ਹਾਜ਼ਰ ਸੀ। ਉਹ ਬਾਦਸ਼ਾਹ ਦੇ ਨਾਲ ਲਾਹੌਰ ਗਿਆ। ਤਦ 1712 ਵਿਚ ਲਾਹੌਰ ਵਿਖੇ ਬਹਾਦਰ ਸ਼ਾਹ ਦੀ ਮੌਤ ਹੋਣ ਤੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਨਾਲ ਮਿਲ ਕੇ ਦਿੱਲੀ ਆ ਗਿਆ। ਫਿਰ 1713 ਵਿਚ ਜਹਾਂਦਾਰ ਨੂੰ ਫਾਰੁਖ ਸਈਅਰ ਨੇ ਹਰਾ ਕੇ ਮਾਰ ਦਿੱਤਾ।

ਗੋਯਾ ਦਿੱਲੀ ਤੋਂ ਭੱਜ ਕੇ ਮੁਲਤਾਨ ਚਲਾ ਗਿਆ। ਉਥੇ ਉਸਨੇ ਫਾਰਸੀ ਅਤੇ ਅਰਬੀ ਦੀ ਸਿੱਖਿਆ ਲਈ ਉੱਚ ਸਕੂਲ ਖੋਲ੍ਹਿਆ। 1715 ਵਿਚ ਗੋਯਾ ਦੀ ਮੁਲਤਾਨ ਵਿਖੇ ਮੌਤ ਹੋ ਗਈ। ਸੰਨ 1849 ਵਿਚ ਪੰਜਾਬ ਦੇ ਕਬਜ਼ੇ ਵਿਚ ਅੰਗਰੇਜ਼ਾਂ ਨੇ ਇਸ ਸਕੂਲ ਨੂੰ ਗੋਯਾ ਦੇ ਵੰਸ਼ਜਾਂ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਪਾਇਆ।

ਉਸਦੇ ਦੋ ਪੁੱਤਰਾਂ ਵਿਚੋਂ ਦੀਵਾਨ ਲਖਪਤ ਰਾਏ ਬੇ-ਔਲਾਦ ਹੀ ਮਰ ਗਿਆ। ਜਦਕਿ ਦੀਵਾਨ ਲੀਲਾ ਰਾਮ ਦੇ ਵੰਸ਼ਜ ਆਗਾਪੁਰਾ ਵਿਚ ਰਹਿੰਦੇ ਸਨ, ਜੋ ਬਹਾਵਲਪੁਰ ਰਾਜ ਦੀਆਂ ਸਰਕਾਰੀ ਨੌਕਰੀਆਂ ਤੇ ਸਨ।

'ਗੋਯਾ' ਤਖਲਸ ਦਾ ਮਤਲਬ ਹੈ ਬੁਲਾਰਾ। ਉਸ ਕਿਹਾ ਕਿ ਜਿਵੇਂ ਪ੍ਰਮਾਤਮਾ ਮੈਨੂੰ ਬੋਲਾਂਦਾ ਹੈ ਮੈਂ ਬੋਲਦਾ ਹਾਂ। ਮੈਂ ਇਸ ਵਿਚ ਕੁਝ ਨਹੀਂ ਕੀਤਾ। ਉਸ ਦੀਆਂ ਰਚਨਾਵਾਂ ਵਿਚੋਂ:-

ਐਤਿਕਾ: ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ,
ਜੁਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ।

ਦੋਹਾਂ ਜਹਾਂ ਉਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਦਾ ਹੱਥ ਹੈ। ਸਾਰੇ ਫਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਤੁੱਛ ਹਨ।

ਸੰਸਾਰ ਵਿਚ ਜਦ ਖੁਦਾ ਦੇ ਭਗਤ ਆਉਂਦੇ ਹਨ,
ਉਹ ਭੁੱਲਣਾਂ ਨੂੰ ਰਾਹ ਦੱਸਣ ਆਉਂਦੇ ਹਨ,
ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ
ਤਾਂ ਸਮਝ ਕਿ ਰੱਬ ਦੇ ਭਗਤ ਰੱਬ ਨੂੰ ਵਿਖਾਉਣ ਆਉਂਦੇ ਹਨ।

××××××

ਬਾਦ ਜਾਨਸ ਫਿਦਾਇ ਗੁਰੂ ਗੋਬਿੰਦ ਸਿੰਘ।
ਫਰਕਿ ਉ ਬਰ ਪਾਏ ਗੁਰੂ ਗੋਬਿੰਦ ਸਿੰਘ।

ਰੱਬ ਕਰੇ ਇਸ ਨੰਦ ਲਾਲ ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ ਉਸਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਟਿਕਿਆ ਰਹੇ।

××××××

# ਅਪ੍ਰੈਲ - ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ



ਕੁਲਦੀਪ ਚੰਦ
91-9417563054

## ਦਲਿਤਾਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। 2 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।

ਦਲਿਤ ਇਤਿਹਾਸ ਮਹੀਨਾ ਅਪ੍ਰੈਲ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ਤੇ ਮਾਨਤਾ ਪ੍ਰਾਪਤ ਬਲੈਕ ਹਿਸਟਰੀ ਮਹੀਨੇ ਦੇ ਬਾਅਦ ਤਿਆਰ ਕੀਤਾ ਗਿਆ ਦਲਿਤ ਇਤਿਹਾਸ ਮਹੀਨਾ ਹਰ ਸਾਲ ਹਾਸ਼ੀਏ ਤੇ ਪਈਆਂ ਜਾਤੀਆਂ ਦੇ ਇਤਿਹਾਸ, ਰਾਜਨੀਤਿਕ ਵਿਚਾਰਾਂ ਅਤੇ ਸੱਭਿਆਚਾਰ ਨੂੰ ਉਜਾਗਰ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ। ਦਲਿਤ ਜਿਸਨੂੰ ਪਹਿਲਾਂ ਅਛੂਤ ਵੀ ਕਿਹਾ ਜਾਂਦਾ ਸੀ ਅਖੌਤੀ ਜਾਤੀ ਪ੍ਰਥਾ ਅਨੁਸਾਰ ਦਾ ਸਭ ਤੋਂ ਹੇਠਲਾ ਪੱਧਰ ਹੈ।ਦਲਿਤਾਂ ਨੂੰ ਵਰਣ ਪ੍ਰਣਾਲੀ ਅਨੁਸਾਰ ਪੰਜਵੇਂ ਵਰਣ ਦੇ ਰੂਪ ਵਿਚ ਦੇਖਿਆ ਗਿਆ ਜਿਨ੍ਹਾਂ ਨੂੰ ਛੂਹਣਾ ਵੀ ਪਾਪ ਮੰਨਿਆਂ ਜਾਂਦਾ ਸੀ। ਦਲਿਤ ਹਿੰਦੂ ਧਰਮ, ਬੁੱਧ ਧਰਮ, ਸਿੱਖ ਧਰਮ, ਇਸਾਈ ਧਰਮ ਅਤੇ ਇਸਲਾਮ ਸਮੇਤ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰਖਦੇ ਹਨ ਪਰ ਬਹੁਤੇ ਧਰਮਾਂ ਵਿੱਚ ਅਜੇ ਤੱਕ ਵੀ ਜਾਤ ਅਧਾਰਿਤ ਵਿਤਕਰਾ ਫੈਲਿਆ ਹੋਇਆ ਹੈ। ਹਜ਼ਾਰਾਂ ਸਾਲਾਂ ਤੋਂ ਦਲਿਤਾਂ, ਬਹੁਜਨਾਂ, ਆਦਿਵਾਸੀਆਂ ਅਤੇ ਹੋਰ ਹਾਸ਼ੀਏ ਵਾਲੀਆਂ ਜਾਤੀਆਂ ਨੂੰ ਵੱਖ-ਵੱਖ ਰੂਪਾਂ ਵਿੱਚ ਯੋਜਨਾਬੱਧ ਅੱਤਿਆਚਾਰਾਂ ਦਾ ਸ਼ਿਕਾਰ ਬਣਾਇਆ ਗਿਆ ਹੈ। ਇਹ ਵਿਵਸਥਿਤ ਜ਼ੁਲਮ ਅਤੇ ਅੱਤਿਆਚਾਰ ਅਕਾਦਮਿਕ ਅਦਾਰਿਆਂ ਤੋਂ ਲੈ ਕੇ ਕਾਰਪੋਰੇਟਸ ਤੱਕ ਸੰਸਥਾਗਤ ਪੱਧਰ ਤੱਕ ਪ੍ਰਗਟ ਹੁੰਦੇ ਹਨ। ਵੱਖ-ਵੱਖ ਸਰਕਾਰਾਂ ਦੁਆਰਾ ਵੱਖ-ਵੱਖ ਸੰਵਿਧਾਨਕ ਸੁਧਾਰਾਂ ਅਤੇ ਨੀਤੀਆਂ ਦੇ ਬਾਵਜੂਦ ਅੱਜ ਵੀ ਭਾਈਚਾਰਾ ਖ਼ਤਰੇ ਅਤੇ ਹਿੰਸਾ ਦਾ ਸਾਹਮਣਾ ਕਰ ਰਿਹਾ ਹੈ। ਜਾਤ-ਪਾਤ ਇੰਨੀ ਜਕੜ ਚੁੱਕੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਵੀ ਇਸ ਦਾ ਅਭਿਆਸ ਕੀਤਾ ਜਾਂਦਾ ਹੈ। ਦਲਿਤ ਭਾਰਤੀ ਆਬਾਦੀ ਦਾ ਲੱਗਭੱਗ 25% ਅਤੇ ਵਿਸ਼ਵ ਦੀ ਆਬਾਦੀ ਦਾ 5% ਹਿੱਸਾ ਹਨ। ਇਹ ਵੀ ਕੌੜਾ ਸੱਚ ਹੈ ਕਿ ਦਲਿਤਾਂ ਨੂੰ ਬਹੁਤੇ ਜਨਤਕ ਅਦਾਰਿਆਂ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦਲਿਤ ਨੌਕਰਸ਼ਾਹਾਂ ਲਈ ਰਾਖਵੇਂਕਰਨ ਰਾਹੀਂ ਸਿਸਟਮ ਵਿੱਚ ਦਾਖਲਾ ਯਕੀਨੀ ਬਣਾਇਆ ਜਾਂਦਾ ਹੈ ਪਰ ਉਨ੍ਹਾਂ ਨੂੰ ਵੀ ਅਕਸਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਸਲੇ ਲੈਣ ਦੇ ਪੱਧਰ ਤੇ ਅਕਸਰ ਹੀ ਅਖੌਤੀ ਉੱਚ ਜਾਤੀਆਂ ਦਾ ਦਬਦਬਾ ਬਣਿਆ ਰਹਿੰਦਾ ਹੈ। ਦਲਿਤਾਂ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਧਰ ਤੇ ਵਿਤਕਰਾ ਅਜੇ ਵੀ ਵੇਖਣ ਨੂੰ ਮਿਲਦਾ ਹੈ। ਦਲਿਤ ਇਤਿਹਾਸ ਮਹੀਨਾ ਜਨਤਕ ਥਾਵਾਂ ਤੇ ਦਲਿਤਾਂ ਦਾ ਸਾਹਮਣਾ ਅਤੇ ਵਿਰੋਧ ਕਰਨ ਵਾਲੀ ਰੋਜ਼ਾਨਾ ਹਿੰਸਾ, ਇਤਿਹਾਸ ਜੋ ਮਿਟਿਆ ਜਾਪਦਾ ਹੈ ਅਤੇ ਸਮਾਜ, ਰਾਜਨੀਤੀ ਅਤੇ ਵਪਾਰ ਵਿੱਚ ਪ੍ਰਤੀਨਿਧਤਾ ਜੋ ਪ੍ਰਾਪਤ ਕਰਨਾ ਬਾਕੀ ਹੈ ਬਾਰੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ। ਕਾਲਾ ਇਤਿਹਾਸ ਮਹੀਨੇ ਤੋਂ ਪ੍ਰੇਰਿਤ ਹੋਕੇ ਨੌਜਵਾਨ ਦਲਿਤ ਔਰਤਾਂ ਦੇ ਇੱਕ ਸਮੂਹ ਨੇ 2013 ਵਿੱਚ ਦਲਿਤ ਇਤਿਹਾਸ ਮਹੀਨਾ ਸ਼ੁਰੂ ਕੀਤਾ ਸੀ। ਸੰਘਪਾਲੀ ਅਰੁਣਾ ਅਤੇ ਥਨਮੋਜ਼ੀ ਸੁੰਦਰਰਾਜਨ ਨੇ ਸ਼ਿਕਾਗੋ ਵਿੱਚ ਕਲਰ ਆਫ਼ ਵਾਇਲੈਂਸ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਵਿਚਾਰ ਪੇਸ਼ ਕੀਤੇ ਸਨ।ਦਲਿਤ ਇਤਿਹਾਸ ਮਹੀਨਾ ਪਹਿਲੀ ਵਾਰ ਸੰਯੁਕਤ ਰਾਜ ਅਮਰੀਕਾ ਵਿੱਚ ਅਪ੍ਰੈਲ 2014 ਵਿੱਚ ਮਨਾਇਆ ਗਿਆ ਸੀ। ਇਸ ਪਹਿਲਕਦਮੀ ਦੀ ਅਗਵਾਈ ਦਲਿਤ ਪਿਛੋਕੜ ਵਾਲੇ ਕਾਰਕੁੰਨਾਂ, ਵਿਦਵਾਨਾਂ ਅਤੇ ਕਲਾਕਾਰਾਂ ਦੁਆਰਾ ਕੀਤੀ ਗਈ ਸੀ। ਇਸਦਾ ਉਦੇਸ਼ ਦਲਿਤ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਸਵੀਕਾਰ ਕਰਨ ਅਤੇ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਸੀ ਜਿਨ੍ਹਾਂ ਨੇ ਇਤਿਹਾਸਕ ਤੌਰ ਤੇ ਜਾਤੀ-ਅਧਾਰਤ ਹਿੰਸਾ ਅਤੇ ਪ੍ਰਣਾਲੀਗਤ ਜ਼ੁਲਮ ਦਾ ਸਾਹਮਣਾ ਕਰਨ ਵਿੱਚ ਬਹੁਤ ਜ਼ਿਆਦਾ ਲਚਕੀਲੇਪਣ ਅਤੇ ਏਜੰਸੀ ਦਾ ਪ੍ਰਦਰਸ਼ਨ ਕੀਤਾ ਹੈ। ਦਲਿਤ ਇਤਿਹਾਸ ਮਹੀਨੇ ਦਾ ਉਦੇਸ਼ ਦਲਿਤਾਂ ਦੀਆਂ ਕਹਾਣੀਆਂ ਅਤੇ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਲਿਆਉਣਾ ਹੈ ਜੋ ਅਕਸਰ ਮੁੱਖ ਧਾਰਾ ਦੇ ਇਤਿਹਾਸਕ ਬਿਰਤਾਂਤ ਵਿੱਚ ਹਾਸ਼ੀਏ ਤੇ ਜਾਂ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਇਸਦਾ ਉਦੇਸ਼ ਅਕਾਦਮਿਕ ਖੋਜ ਅਤੇ ਮੀਡੀਆ ਵਿੱਚ ਦਲਿਤ ਪ੍ਰਤੀਨਿਧਤਾ ਦੀ ਕਮੀ ਨੂੰ ਵੀ ਘਟਾਉਣਾ ਹੈ। ਦਲਿਤ ਇਤਿਹਾਸ ਮਹੀਨੇ ਨੇ ਸੰਯੁਕਤ ਰਾਜ ਤੋਂ ਬਾਹਰ ਆਪਣੀ ਪਹੁੰਚ ਦਾ ਵਿਸਤਾਰ ਕੀਤਾ ਹੈ, ਵੱਖ-ਵੱਖ ਦੇਸ਼ਾਂ ਦੇ ਨਾਲ ਇਸ ਯਾਦਗਾਰ ਵਿੱਚ ਸ਼ਾਮਲ ਹੋਏ। ਦਲਿਤ ਭਾਈਚਾਰਿਆਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਘੋਸ਼ਣਾ ਨਾ ਸਿਰਫ਼ ਇਿਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦੀ ਹੈ ਸਗੋਂ ਮੁਸ਼ਕਿਲਾਂ ਤੇ ਕਾਬੂ ਪਾਉਣ ਅਤੇ ਸਮਾਜਿਕ ਨਿਆਂ ਅਤੇ ਸਾਰਿਆਂ ਲਈ ਬਰਾਬਰੀ ਦੀ ਵਕਾਲਤ ਕਰਨ ਵਿੱਚ ਦਲਿਤ ਭਾਈਚਾਰੇ ਦੀ ਤਾਕਤ ਅਤੇ ਲਚਕੀਲੇਪਣ ਨੂੰ ਵੀ ਸਵੀਕਾਰ ਕਰਦੀ ਹੈ। ਭਾਰਤ ਵਿੱਚ, ਦਲਿਤ ਅੰਦੋਲਨ ਦੇ ਜਨਮ ਸਥਾਨ ਅਪ੍ਰੈਲ ਦਾ ਮਹੀਨਾ ਦਲਿਤ ਸਰਗਰਮੀ, ਸੱਭਿਆਚਾਰਕ ਸਮਾਗਮਾਂ ਅਤੇ ਅਕਾਦਮਿਕ ਚਰਚਾਵਾਂ ਲਈ ਇੱਕ ਮੌਕੇ ਵਜੋਂ ਕੰਮ ਕਰਦਾ ਹੈ। ਇਸੇ ਤਰ੍ਹਾਂ ਯੂਨਾਈਟਿਡ ਕਿੰਗਡਮ, ਕੈਨੇਡਾ, ਨੇਪਾਲ ਅਤੇ ਅਸਟਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਦਲਿਤ ਭਾਈਚਾਰਿਆਂ ਨੇ ਆਪਣੇ ਬਿਰਤਾਂਤ ਨੂੰ ਮੁੜ ਦਾਅਵਾ ਕਰਨ ਅਤੇ ਆਪਣੀ ਮੌਜੂਦਗੀ ਦਾ ਦਾਅਵਾ ਕਰਨ ਲਈ ਇਸ ਤਿਉਹਾਰ ਨੂੰ ਅਪਣਾਇਆ ਹੈ।ਵਿਕਟੋਰੀਆ ਵਿੱਚ ਐਨਡੀਪੀ ਸਰਕਾਰ ਨੇ ਅਪ੍ਰੈਲ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਹੈ।ਰੈਡੀਕਲ ਦੇਸੀ ਦੁਆਰਾ ਭੇਜੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਇੱਕ ਆਨਲਾਈਨ ਮੈਗਜ਼ੀਨ ਜੋ ਵਿਕਲਪਕ ਰਾਜਨੀਤੀ ਨੂੰ ਕਵਰ ਕਰਦੀ ਹੈ ਸੂਬਾਈ ਅਟਾਰਨੀ ਜਨਰਲ ਅਤੇ ਲੈਫਟੀਨੈਂਟ ਗਵਰਨਰ ਨੇ ਅਪ੍ਰੈਲ 2022 ਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕਰਨ ਵਾਲੇ ਘੋਸ਼ਣਾ ਪੱਤਰ




ਤੇ ਦਸਤਖਤ ਕੀਤੇ ਹਨ।ਦਲਿਤਾਂ ਦੁਆਰਾ ਦਰਪੇਸ਼ ਪ੍ਰਣਾਲੀਗਤ ਜ਼ੁਲਮ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਵਕਾਲਤ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ। ਇਹ ਭਾਰਤ ਅਤੇ ਵਿਸ਼ਵ ਭਰ ਵਿੱਚ ਹਾਸ਼ੀਏ ਤੇ ਰਹਿ ਰਹੇ ਭਾਈਚਾਰਿਆਂ ਵਿੱਚ ਏਕਤਾ ਨੂੰ ਵਧਾਉਣ, ਜਾਤ ਨਾਲ ਜੁੜੇ ਰੂੜ੍ਹੀਵਾਦੀ ਵਿਚਾਰਾਂ ਅਤੇ ਪੱਖਪਾਤਾਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਵੀ ਕਰਦਾ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਾਨਤਾ ਦਿੱਤੀ ਹੈ।ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਕਿਹਾ ਕਿ ਉਹ ਰੰਗਾਂ ਅਤੇ ਆਦਿਵਾਸੀ ਲੋਕਾਂ ਵਿਰੁੱਧ ਭੇਦਭਾਵ ਅਤੇ ਨਸਲਵਾਦ ਦੁਆਰਾ ਪ੍ਰੇਰਿਤ ਵਿਤਕਰੇ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਵਿਰੁੱਧ ਲੜਨ ਅਤੇ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਲਿਆਉਣ ਲਈ ਮਹੀਨਾ ਮਨਾ ਰਹੀ ਹੈ।ਬਰਲਿੰਗਟਨ ਸ਼ਹਿਰ ਦੀ ਮੇਅਰ ਮਾਰੀਅਨ ਮੀਡ ਵਾਰਡ ਦੁਆਰਾ ਜਾਰੀ ਘੋਸ਼ਣਾ ਵਿੱਚ ਲਿਖਿਆ ਹੈ ਕਿ ਜਦੋਂ ਕਿ ਅਪ੍ਰੈਲ ਦਾ ਮਹੀਨਾ ਦਲਿਤ ਭਾਈਚਾਰਿਆਂ ਲਈ ਮਹੱਤਵਪੂਰਨ ਮਹੱਤਵ ਰੱਖਦਾ ਹੈ, ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਜੋਤੀਰਾਓ ਫੂਲੇ ਵਰਗੇ ਜਾਤੀ ਅਧਾਰਤ ਵਿਤਕਰੇ ਦੇ ਵਿਰੁੱਧ ਅੰਦੋਲਨ ਵਿੱਚ ਪ੍ਰਮੁੱਖ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ ਸ਼ਾਮਲ ਹੈ ਇਸ ਲਈ ਬਰਲਿੰਗਟਨ ਸ਼ਹਿਰ ਵਿੱਚ ਅਪ੍ਰੈਲ 2024 ਨੂੰ ਦਲਿਤ ਇਤਿਹਾਸ ਮਹੀਨਾ ਵਜੋਂ ਘੋਸ਼ਣਾ ਕੀਤੀ ਜਾਂਦੀ ਹੈ। ਪਿਛਲੇ ਸਾਲ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅਪ੍ਰੈਲ ਨੂੰ "ਦਲਿਤ ਇਤਿਹਾਸ ਮਹੀਨਾ"ਵਜੋਂ ਮਨੋਨੀਤ ਕਰਨ ਵਾਲਾ ਉੱਤਰੀ ਅਮਰੀਕਾ ਦਾ ਪਹਿਲਾ ਸੂਬਾ ਬਣ ਕੇ ਇਤਿਹਾਸ ਰਚਿਆ ਸੀ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਦੇ ਇੱਕ ਸ਼ਹਿਰ ਬਰਨਬੀ ਨੇ ਸੁਰੱਖਿਅਤ ਸ਼੍ਰੇਣੀਆਂ ਦੀ ਸੂਚੀ ਵਿੱਚ ਜਾਤੀ ਨੂੰ ਜੋੜ ਕੇ ਮਹੱਤਵਪੂਰਨ ਕਦਮ ਚੁੱਕੇ ਹਨ ਸ਼ਹਿਰ ਦੇ ਅੰਦਰ ਜਾਤ-ਆਧਾਰਿਤ ਵਿਤਕਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਹੈ। ਇਹ ਕਦਮ ਅਮਰੀਕਾ ਦੇ ਗੁਆਂਢੀ ਦੇਸ਼ ਸੀਏਟਲ ਦੀ ਸਿਟੀ ਕੌਂਸਲ ਵੱਲੋਂ ਅਜਿਹਾ ਕਰਨ ਤੋਂ ਦੋ ਮਹੀਨੇ ਬਾਅਦ ਕੀਤਾ ਗਿਆ ਹੈ।ਅਪ੍ਰੈਲ ਮਹੀਨਾ ਦਲਿਤ ਨੇਤਾ ਅਤੇ ਵਿਸ਼ਵ ਪ੍ਰਸਿੱਧ ਵਿਦਵਾਨ ਡਾਕਟਰ ਭੀਮ ਰਾਓ ਅੰਬੇਡਕਰ, ਦਲਿਤਾਂ ਅਤੇ ਮਹਿਲਾਵਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲਣ ਵਾਲੇ ਮਹਾਤਮਾ ਜੋਤੀਰਾਓ ਫੂਲੇ, ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਆਦਿ ਨਾਲ ਵੀ ਸਬੰਧਿਤ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਮਹਾਤਮਾ ਜੋਤੀਰਾਓ ਫੂਲੇ ਦੋਵੇਂ ਮਹਾਰਾਸ਼ਟਰ ਵਿੱਚ ਪੈਦਾ ਹੋਏ ਜਦਕਿ ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਪੰਜਾਬ ਨਾਲ ਸਬੰਧਿਤ ਹਨ। 02 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇਸਤੋਂ ਇਲਾਵਾ ਅਪ੍ਰੈਲ ਮਹੀਨੇ ਨਾਲ ਕਈ ਹੋਰ ਇਤਿਹਾਸਕ ਘਟਨਾਵਾਂ ਵੀ ਜੁੜ੍ਹੀਆਂ ਹੋਈਆਂ ਹਨ ਜਿਵੇਂ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਸਲਾਹ ਤੇ 01 ਅਪ੍ਰੈਲ 1935 ਨੂੰ ਰਿਜਰਵ ਬੈਂਕ ਦੀ ਸਥਾਪਨਾ ਹੋਈ ਸੀ। 05 ਅਪ੍ਰੈਲ 1908 ਨੂੰ ਦਲਿਤ ਆਗੂ ਸਾਬਕਾ ਉੱਪ ਪ੍ਰਧਾਨ ਮੰਤਰੀ ਸਵਰਗੀ ਬਾਬੂ ਜਗਜੀਵਨ ਦਾ ਜਨਮ ਹੋਇਆ ਸੀ। ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਇੱਕ ਸੰਗਠਨ "ਆਲ ਇੰਡੀਆ ਡੀਪ੍ਰੈੱਸਡ ਕਲਾਸ ਲੀਗ" ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਪੇਂਡੂ ਕਿਰਤੀ ਲਹਿਰ ਨੂੰ ਜਥੇਬੰਦ ਕੀਤਾ। ਉਹ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ ਵਿੱਚ ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਲੇਬਰ ਮੰਤਰੀ ਦੇ ਤੌਰ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ ਬਣ ਗਿਆ ਸੀ ਅਤੇ ਭਾਰਤ ਦੀ ਸੰਵਿਧਾਨ ਸਭਾ ਦਾ ਮੈਂਬਰ ਵੀ ਸੀ ਜਿੱਥੇ ਉਸ ਨੇ ਯਕੀਨੀ ਬਣਾਇਆ ਕਿ ਸਮਾਜਿਕ ਨਿਆਂ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਵੇ। 21 ਅਪ੍ਰੈਲ ਨੂੰ ਮਹਾਨ ਸਿੱਖ ਸਕਾਲਰ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਹੈ। ਗਿਆਨੀ ਦਿੱਤ ਸਿੰਘ ਇੱਕ ਇਤਿਹਾਸਕਾਰ, ਵਿਦਵਾਨ, ਕਵੀ, ਸੰਪਾਦਕ ਅਤੇ ਇੱਕ ਉੱਘੇ ਸਿੰਘ ਸਭਾ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਤੇ 70 ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਖਾਲਸਾ ਅਖਬਾਰ ਹੈ। ਉਸ ਦੇ ਦਯਾਨੰਦ ਨਾਲ ਮੇਰਾ ਸੰਵਾਦ ਅਤੇ ਦੁਰਗਾ ਪਰਬੋਧ ਸਿੱਖ ਫਲਸਫੇ ਦੇ ਪ੍ਰਮੁੱਖ ਗ੍ਰੰਥ ਮੰਨੇ ਜਾਂਦੇ ਹਨ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਲੋਕਾਂ ਅਤੇ ਘਟਨਾਵਾਂ ਨੂੰ ਯਾਦ ਕਰਨ ਦੇ ਇੱਕ ਢੰਗ ਵਜੋਂ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਦਲਿਤਾਂ ਨਾਲ ਉਨ੍ਹਾਂ ਦੀ ਜਾਤ ਦੇ ਕਾਰਨ ਵਿਤਕਰਾ ਕੀਤਾ ਜਾਂਦਾ ਹੈ। ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਅੱਤਿਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਕਰਨ ਬਾਰੇ ਮਾਣਯੋਗ ਸੁਪਰੀਮ ਕੋਰਟ ਵਲੋਂ ਦਿਤੇ ਫੈਸਲੇ ਖਿਲਾਫ ਦਲਿਤਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ 02 ਅਪ੍ਰੈਲ 2018 ਨੂੰ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਆਗੂ ਨੇ ਨਹੀਂ ਕੀਤੀ ਸੀ ਸਗੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਨੇ ਇਕੱਠੇ ਹੋਕੇ ਇਹ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਦ ਭਾਰਤ ਸਰਕਾਰ ਨੇ ਇਸ ਐਕਟ ਵਿੱਚ ਸੋਧ ਨਾਂ ਕਰਨ ਦਾ ਫੈਸਲਾ ਕੀਤਾ। 11 ਅਪ੍ਰੈਲ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਰਾਓ ਫੂਲੇ ਨਾਲ ਸਬੰਧਿਤ ਹੈ। ਜਾਤ ਅਧਾਰਿਤ ਛੂਤ-ਛਾਤ ਦੀ ਨਿਖੇਧੀ ਕਰਨ ਵਾਲੇ ਸਨ-ਮਾਨਯੋਗ ਸਮਾਜ ਸੁਧਾਰਕ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਹੋਇਆ ਸੀ। ਉਹ ਇੱਕ ਸਿੱਖਿਅਕ ਵਜੋਂ ਜਾਣੇ ਜਾਂਦੇ ਸਨ ਜੋ ਵਿਗਿਆਨਕ ਸੋਚ ਅਤੇ ਮਹਿਲਾ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਉਸਦਾ ਕੰਮ ਛੂਤ-ਛਾਤ ਅਤੇ ਜਾਤ-ਪਾਤ ਦੇ ਖਾਤਮੇ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਸੀ।ਉਹ ਅਤੇ ਉਸਦੀ ਪਤਨੀ ਸਾਵਿਤਰੀਬਾਈ ਫੂਲੇ ਭਾਰਤ ਵਿੱਚ ਔਰਤਾਂ ਦੀ ਸਿੱਖਿਆ ਦੇ ਮੋਢੀ ਸਨ।ਉਸਨੇਨੀਵੀਆਂ ਜਾਤਾਂ ਦੇ ਲੋਕਾਂ ਲਈ ਬਰਾਬਰ ਅਧਿਕਾਰ ਪ੍ਰਾਪਤ ਕਰਨ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਨੇ ਵੀ ਮਹਾਤਮਾ ਜੋਤੀਰਾਓ ਫੂਲੇ ਨੂੰ ਅਪਣਾ ਇੱਕ ਗੁਰੂ ਮੰਨਿਆ ਹੈ। 14 ਅਪ੍ਰੈਲ ਦਾ ਦਿਨ ਡਾਕਟਰ ਭੀਮ ਰਾਓ ਅੰਬੇਡਕਰ ਨਾਲ ਸਬੰਧਿਤ ਹੈ। 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ ਸੀ। ਡਾਕਟਰ ਅੰਬੇਡਕਰ ਅਜਾਦ ਭਾਰਤ ਵਿੱਚ ਕਨੂੰਨ ਮੰਤਰੀ ਬਣੇ ਅਤੇ ਆਪ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਜਾਤ ਆਧਾਰਿਤ ਵਿਤਕਰੇ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਜਨਤਕ ਥਾਵਾਂ ਤੇ ਦਲਿਤਾਂ ਦੇ ਦਾਖਲੇ ਲਈ ਸੰਘਰਸ਼ ਕੀਤਾ ਅਤੇ ਦਲਿਤਾਂ ਲਈ ਸਿੱਖਿਆ ਅਤੇ ਰੋਜ਼ਗਾਰ ਦੇ ਦਰਵਾਜੇ ਖੋਲੇ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਅਤੇ ਦਲਿਤਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਵਾਈਆਂ। ਡਾਕਟਰ ਅੰਬੇਡਕਰ ਇੱਕ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਦਲਿਤ ਲਹਿਰ ਨੂੰ ਪ੍ਰੇਰਿਤ ਕੀਤਾ ਅਤੇ ਸਮਾਜਿਕ ਭੇਦਭਾਵ ਦੇ ਖਿਲਾਫ ਪ੍ਰਚਾਰ ਕੀਤਾ। 20 ਅਪ੍ਰੈਲ ਦਾ ਦਿਨ ਪੰਜਾਬ ਵਿੱਚ ਜਨਮੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਸਬੰਧਿਤ ਹੈ। ਲੋਕ ਕਵੀ ਸੰਤ ਰਾਮ ਉਦਾਸੀ ਇੱਕ ਕ੍ਰਾਂਤੀਕਾਰੀ ਕਵੀ ਸੀ ਜਿਸਦਾ ਜਨਮ 20 ਅਪ੍ਰੈਲ 1939 ਨੂੰ ਹੋਇਆ ਸੀ। ਉਹ ਗਰੀਬ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਜ਼ੁਲਮ ਦਾ ਵਿਰੋਧ ਕਰਨ ਵਾਲਿਆਂ ਲਈ ਇੱਕ ਪ੍ਰੇਰਣਾ ਸਰੋਤ ਬਣਿਆ ਹੈ।ਉਸ ਵੇਲੇ ਦਲਿਤ ਲੋਕ ਸਿਰਫ਼ ਮਜ਼ਦੂਰੀ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜ੍ਹਣ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਹਕੂਮਤ ਨੂੰ ਵੰਗਾਰਨ ਵਾਲੀਆਂ ਸਨ ਜਿਹੜੀਆਂ ਸਰਕਾਰ ਨੂੰ ਹਜ਼ਮਨਹੀਂ ਹੋ ਰਹੀਆਂ ਸਨ। ਉਦਾਸੀ ਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਦੁੱਖ ਨੂੰ ਅਣਗਿਣਤ ਕਵਿਤਾਵਾਂ ਵਿਚ ਖੁੱਲ੍ਹ ਕੇ ਬਿਆਨ ਕੀਤਾ ਹੈ। ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦੀ ਗੱਲ ਕਰਦਾ ਹੋਇਆ ਸੂਰਜ ਨੂੰ ਕਹਿੰਦਾ ਹੈ ਤੂੰ ਕੰਮੀਆਂ ਦੇ ਵਿਹੜੇ ਸਦਾ ਮੱਘਦਾ ਹੋਇਆ ਸੰਘਰਸ਼ ਅਤੇ ਇਨਕਲਾਬ ਦਾ ਸੁਨੇਹਾ ਦਿੰਦਾ ਰਹੀ ਇਹ ਉਦਾਸੀ ਦੀ ਹਰਮਨ ਪਿਆਰੀ ਰਚਨਾ ਸੀ। 22 ਅਪ੍ਰੈਲ ਦਾ ਦਿਨ ਗਦਰ ਲਹਿਰ ਦੇ ਆਗੂ ਅਤੇ ਆਦ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨਾਲ ਸਬੰਧਿਤ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਭਾਰਤ ਨੂੰ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਬਾਬੂ ਮੁੱਗੋਵਾਲੀਆ ਨੇ ਆਪਣੇ ਪਿੰਡ ਦੇ ਆਦਿ ਧਰਮੀਆਂ ਨੂੰ ਪੜ੍ਹਾਉਣ ਲਈ ਪਿੰਡ ਵਿਚ 'ਆਦਿ ਧਰਮ ਸਕੂਲ' ਸਕੂਲ ਖੋਲ੍ਹਿਆ। ਆਦਿ ਧਰਮੀਆਂ ਨੂੰ ਲਾਮਬੰਦ ਕਰ ਕੇ ਸੰਘਰਸ਼ ਵਿੱਢਣ ਲਈ ਆਪਣੇ ਪਿੰਡ ਮੁੱਗੋਵਾਲ ਵਿਖੇ 11-12 ਜੂਨ 1926 ਨੂੰ ਆਦਿ ਧਰਮੀਆਂ ਦੀ ਇਕ ਕਾਨਫਰੰਸ ਬੁਲਾ ਕੇ 'ਆਦਿ ਧਰਮ ਮੰਡਲ' ਦੀ ਸਥਾਪਨਾ ਕੀਤੀ। ਸੰਨ 1931 ਦੀ ਮਰਦਮ-ਸ਼ੁਮਾਰੀ ਸਮੇਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਨੂੰ ਕਿਹਾ ਉਹ ਆਪਣਾ ਧਰਮ 'ਆਦਿ ਧਰਮ' ਲਿਖਵਾਉਣ। ਲੰਡਨ ਵਿਖੇ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਦੇ ਹੱਕ ਵਿਚ ਡਾਕਟਰ ਅੰਬੇਡਕਰ ਦਾ ਸਾਥ ਦਿੱਤਾ। ਆਪ ਦੇ ਯਤਨਾਂ ਸਦਕਾ ਆਦਿ ਧਰਮੀਆਂ ਨੂੰ ਮਿਲੇ ਅਧਿਕਾਰਾਂ ਅਧੀਨ 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਰਿਜ਼ਰਵ ਹੋਈਆਂ 8 ਸੀਟਾਂ ਵਿੱਚੋਂ 7 ਉੱਤੇ 'ਆਦਿ-ਧਰਮ ਮੰਡਲ' ਦੇ ਨੁਮਾਇੰਦੇ ਚੋਣ ਜਿੱਤਣ ਵਿਚ ਸਫਲ ਹੋਏ। 'ਦਿ ਪੰਜਾਬ ਲੈਂਡ ਏਲਾਈਨੇਸ਼ਨ ਐਕਟ' ਅਨੁਸਾਰ ਆਦਿ ਧਰਮੀ ਜ਼ਮੀਨ ਦੇ ਮਾਲਕ ਨਹੀਂ ਸਨ ਬਣ ਸਕਦੇ ਆਪ ਨੇ ਇਹ ਕਾਨੂੰਨ ਖ਼ਤਮ ਕਰਾਇਆ ਤੇ ਆਦਿ ਧਰਮੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਨ ਦਾ ਹੱਕ ਲੈ ਕੇ ਦਿੱਤਾ। 22 ਅਪ੍ਰੈਲ 1980 ਨੂੰ ਪੀਜੀਆਈ ਚੰਡੀਗੜ੍ਹ ਵਿਖੇ ਇਹ ਆਗੂ ਸਦੀਵੀ ਵਿਛੋੜਾ ਦੇ ਗਿਆ।ਇਸ ਸਾਲ ਵੀ ਵੱਖ ਵੱਖ ਦੇਸ਼ਾਂ ਵਿੱਚ ਦਲਿਤ ਇਤਿਹਾਸ ਮਹੀਨਾ ਸਬੰਧੀ ਪ੍ਰੋਗਰਾਮ ਕਰਵਾਏ ਜਾਣਗੇ। ਭਾਰਤ ਵਿੱਚ ਵੀ ਵੱਖ ਵੱਖ ਸੰਗਠਨਾ ਵਲੋਂ ਇਸ ਸਬੰਧੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਭਾਰਤ ਨੂੰ ਅਜ਼ਾਦ ਹੋਏ 76 ਸਾਲ ਬੀਤ ਚੁੱਕੇ ਹਨ ਪਰੰਤੂ ਅਜੇ ਤੱਕ ਵੀ ਦਲਿਤਾਂ ਨਾਲ ਵਾਪਰਦੀਆਂ ਅੱਤਿਆਚਾਰ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਮਿਲਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਰਹਿਵਰਾਂ ਵਲੋਂ ਵੇਖੇ ਗਏ ਸੁਪਨਿਆਂ ਵਾਲਾ ਸਮਾਜ ਬਣ ਸਕੇ ਅਤੇ ਅਪ੍ਰੈਲ ਮਹੀਨਾ ਜਿਸਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕੀਤਾ ਗਿਆ ਹੈ ਦੀ ਮਹੱਤਤਾ ਕਾਇਮ ਰਹਿ ਸਕੇ।

### ਜਨਮ ਦਿਨ ’ਤੇ ਵਿਸੇਸ

# ਸੰਘਰਸ਼ ਭਰੀ ਸਦੀ ਦਾ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ

ਡਾ. ਗੋਪਾਲ ਸਿੰਘ ਬੁੱਟਰ 91-99150-05814

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ। ਉਹਨਾਂ ਦਾ ਜਨਮ ਇਸੇ ਪਿੰਡ ਵਿੱਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ ’ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ ਘਾਟ ਤਕ ਵੀ ਗਰਵੀ ਰੱਖਣਾ ਪਿਆ। ਭਗਤ ਸਿੰਘ ਬਿਲਗਾ ਬਚਪਨ ਵਿੱਚ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਪਾਸ ਕਰਕੇ ਉਹਨਾਂ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ ’ਤੇ ਇਹਨਾਂ ਨੇ ਹਿਪ ਹਿਪ ਹੁਰਰਓ ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕ-ਾਰੀਆਂ ਦਾ ਗੁਰੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਉਹਨਾਂ ਨੇ 1934 ਤੋਂ 1936 ਤਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿ-ਫਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ ’ਤੇ ਲੁ-ਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾਂ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ ’ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ ’ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ ’ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ



ਰੱਖਿਆ ਗਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ ’ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ ’ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਰਕੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ। ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਿਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿੱਤੀਆਂ ਵੱਡਮੁਲੀਆਂ ਸੇਵਾਵਾਂ ਦੇ ਇਵਜ਼ ਵਿੱਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸੁਵਿਧਾ ਪ੍ਰਵਾਨ ਨਹੀਂ ਕੀਤੀ ਪਰ ਉਹਨਾਂ ਨੂੰ ਦੁਨੀਆ ਭਰ ਵਿੱਚੋਂ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾਂ ਨੇ ਇੱਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਸਲਾ ਅਤੇ ਬਹਾਦੁਰੀ ਦਾ ਸਨਮਾਨ’ ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਮਰਨ ਉਪਰਾਂਤ 'ਪੰਜਾਬ ਰਤਨ’ ਦਾ ਖਿਤਾਬ ਦੇਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਹਨਾਂ ਦੇ ਪਰਿਵਾਰ ਨੇ ਇਸ ਨੂੰ ਸਵੀਕਾਰ ਕੀਤਾ।

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰ-ਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ’ ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ।

ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ ਉੱਥੇ ਉਹਨਾਂ ਨੇ ਆਪਣੇ ਆਲੇ-ਦੁਆਲੇ ਦੇ ਸਰਵਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾਂ ਨੇ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸਦੀ ਨਿਗਰਾਨੀ ਕੀਤੀ। ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ ’ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ’ ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ, ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ’ ਬਿਲਗਾ ਨੂਰਮਹਿਲ ਰੋਡ ’ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।






ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤਾਇਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾਂ ਨੇ ਲੋਕ ਹਿਤਾਇਸ਼ੀ ਲਹਿਰ ਅਤੇ ਇਸਦੇ ਨਾਇਕਾਂ ਨਾਲ ਸੰਬੰਧਿਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ।

ਉਹਨਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ’, 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ” ਅਤੇ ਅਖ਼ਬਾਰਾਂ ਰਸਾਲਿਆਂ ਵਿੱਚ ਛੱਪਣ ਵਾਲੇ ਉਹਨਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਿਤ ਮਹੱਤਵਪੂਰਨ ਦਸਤਾਵੇਜ ਹਨ।

# ਲੋਕ ਸੰਗਰਾਮ ਦਾ ਚਿੰਨ੍ਹ ਹੋ ਨਿਬੜਿਆ; ਬਾਬਾ ਬਿਲਗਾ ਯਾਦਗਾਰੀ ਸਮਾਗਮ









ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦਾ ਜਨਮ ਦਿਵਸ ਸਮਾਗਮ ਸਾਡੇ ਸਮੇਂ ਦੇ ਭਖ਼ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋ ਨਿਬੜਿਆ। ਜ਼ਿਕਰਯੋਗ ਹੈ ਕਿ ਗ਼ਦਰੀ ਦੇਸ਼ ਭਗਤਾਂ ਦੇ ਨਗਰ ਬਿਲਗਾ ਵਿਖੇ ਹੋਏ ਇਸ ਸਮਾਗਮ ’ਚ ਮੁਲਕ ਦੇ ਅੰਬਰ ’ਤੇ ਛਾਏ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਉਹਨਾਂ ਦੇ ਭਾਰਤੀ ਜੋਟੀਦਾਰਾਂ ਵੱਲੋਂ ਬੋਲੇ ਚੌਤਰਫ਼ੇ ਹੱਲੇ ਅਤੇ ਫ਼ਿਰਕੂ ਫਾਸ਼ੀ ਹੱਲੇ ਦੇ ਬੱਦਲਾਂ ਬਾਰੇ ਚਰਚਾ ਛਾਈ ਰਹੀ।

ਸਮਾਗਮ ’ਚ ਇਹ ਵਿਚਾਰ ਉਭਰਕੇ ਸਾਹਮਣੇ ਆਏ ਕਿ ਅਨੇਕਾਂ ਦੁਸ਼ਵਾਰੀਆਂ ਦੇ ਬਾਵਜੂਦ ਲੋਕ-ਸਰੋਕਾਰਾਂ ਦੀ ਬਾਤ ਜਾਰੀ ਰਹੇਗੀ ਅਤੇ ਕਿੰਨੀਆਂ ਵੀ ਚੁਣੌਤੀਆਂ ਭਰਪੂਰ ਹਾਲਤਾਂ ਦਰਪੇਸ਼ ਹੋਣ ਭਵਿੱਖ਼ ਵਿੱਚ ਇਤਿਹਾਸਕ ਵਿਰਾਸਤ ਦੇ ਥੰਮ੍ਹ ਬਾਬਾ ਭਗਤ ਸਿੰਘ ਬਿਲਗਾ ਵਰਗੇ ਸਿਦਕਵਾਨ ਲੋਕਾਂ ਦੇ ਸੁਪਨਿਆਂ ਦੀ ਪੂਰਤੀ ਲਈ ਸੰਗਰਾਮ ਜਾਰੀ ਰਹੇਗਾ।

ਸਮਾਗਮ ਦੇ ਆਰੰਭ ਵਿੱਚ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਬਾਬਾ ਬਿਲਗਾ ਜੀ ਦੇ ਜੀਵਨ ਤੇ ਯੋਗਦਾਨ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਬਾ ਜੀ ਦੀ ਯਾਦ ਵਿੱਚ ਬਣੇ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਹਾਲ ਬਿਲਗਾ ਜਲੰਧਰ ਦੇ ਪ੍ਰਬੰਧ ਵਿੱਚ ਸਥਾਨਕ ਅਗਾਂਹਵਧੂ ਸਾਥੀਆਂ ਦਾ ਸੰਪੂਰਨ ਸਹਿਯੋਗ ਮਿਲਦਾ ਹੈ। ਉਹਨਾਂ ਨੇ ਇਸ ਮੌਕੇ ’ਤੇ ਵਿਛੜੇ ਸਹਿਯੋਗੀਆਂ ਜਿਨ੍ਹਾਂ ਵਿੱਚ ਕਾਮਰੇਡ ਗੁਰਪ੍ਰੇਮ ਸਿੰਘ ਸੰਘੇੜਾ, ਕਾਮਰੇਡ ਅਜਮੇਲ ਸਿੰਘ ਸੰਘੇੜਾ ਅਤੇ ਧੰਨਾ ਸਿੰਘ ਸੰਘੇੜਾ ਨੂੰ ਯਾਦ ਕਰਦਿਆਂ ਆਪਣੇ ਸਹਿਯੋਗੀ ਕਾ. ਸੰਤੋਖ ਸਿੰਘ ਸੰਧੂ ਦੀ ਹਾਲ ਹੀ ਵਿੱਚ ਵਿਛੜੀ ਭੈਣ ਬਿੰਦਾ ਨੂੰ ਯਾਦ ਕੀਤਾ।

ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਆਰ.ਐਮ.ਪੀ.ਆਈ. ਦੇ ਆਗੂ ਕਾ. ਮੰਗਤ ਰਾਮ ਪਾਸਲਾ, ਕਾ. ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਾ. ਸੰਤੋਖ ਸਿੰਘ ਬਿਲਗਾ, ਕਾ. ਕੁਲਬੀਰ ਸਿੰਘ ਸੰਘੇੜਾ ਤੇ ਮਾਸਟਰ ਪ੍ਰਸ਼ੋਤਮ ਲਾਲ ਸਸ਼ੋਭਿਤ ਹੋਏ।

ਸਮਾਗਮ ਦੇ ਆਰੰਭ ਵਿੱਚ ਕਾ. ਮਾੜੀਮੇਘਾ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨਾਲ ਗ਼ਦਰੀ ਪਾਰਟੀ ਦਾ ਝੰਡਾ ਲਹਿਰਾਇਆ। ਇਸ ਸਮਾਗਮ ਵਿੱਚ ਕਾ. ਪਾਸਲਾ, ਕਾ. ਮਾੜੀਮੇਘਾ, ਕਾ. ਪ੍ਰਸ਼ੋਤਮ ਲਾਲ ਬਿਲਗਾ, ਸੀਤਲ ਸਿੰਘ ਸੰਘਾ, ਸੰਤੋਖ ਸਿੰਘ ਬਿਲਗਾ, ਸੁਰਿੰਦਰ ਕੁਮਾਰੀ ਕੋਛੜ ਨੇ ਬਾਬਾ ਬਿਲਗਾ ਦੇ ਜੀਵਨ ਤੇ ਲੋਕ-ਹਿਤੈਸ਼ੀ ਸੰਘਰਸ਼ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ।

ਬਾਬਾ ਬਿਲਗਾ ਜੀ ਦੇ ਵੱਡੇ ਪੋਤਰੇ ਅਮਨਬੀਰ ਸਿੰਘ ਸੰਘੇੜਾ ਨੇ ਬਾਬਾ ਜੀ ਬਾਰੇ ਗੱਲ ਕਰਦਿਆਂ ਉਨ੍ਹਾਂ ਨੂੰ ਆਪਣਾ ਮਾਰਗ ਦਰਸ਼ਕ ਦੱਸਿਆ। ਇਸ ਮੌਕੇ ’ਤੇ ਅਮਨਬੀਰ ਸਿੰਘ ਸੰਘੇੜਾ ਨੇ ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਸੀ.ਪੀ.ਆਈ.ਐਮ. ਅਤੇ ਪਲਸ ਮੰਚ ਦੀਆਂ ਬਿਲਗਾ ਇਕਾਈਆਂ, ਸਾਹਿਤ ਕਲਾ ਕੇਂਦਰ ਜਲੰਧਰ ਅਤੇ ਰੋਜ਼ਾਨਾ ਨਵਾਂ ਜ਼ਮਾਨਾ ਨੂੰ ਪੰਜ-ਪੰਜ ਹਜ਼ਾਰ ਰੁਪਏ ਦੀ ਰਾਸ਼ੀ ਬਾਬਾ ਜੀ ਦੀ ਯਾਦ ਵਿੱਚ ਦਿੱਤੀ। ਸਮਾਗਮ ਦੇ ਅਖੀਰ ਵਿੱਚ ਕਾਮਰੇਡ ਕੁਲਬੀਰ ਸਿੰਘ ਸੰਘੇੜਾ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ’ਤੇ ਸਾਰੀਆਂ ਅਗਾਂਹਵਧੂ ਜਥੇਬੰਦੀਆਂ ਨਾਲ ਸਬੰਧਿਤ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ।

# ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ



ਪ੍ਰਮੋਦ ਧੀਰ
91-98550-31081

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ,ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ,ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ,ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੋਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ, ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਚਿੱਟੇ ਦੇ ਖਿਲਾਫ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ, ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਦੇਸ਼ ਦੀ ਤਰੱਕੀ ਅਗਰ ਚਾਹੁੰਦੇ ਹਾਂ ਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉ। ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ ਆਦਿ ਨਸ਼ਿਆਂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

## ਪੁਸਤਕ ਸਮੀਖਿਆ

**ਹਰਭਜਨ ਸਿੰਘ ਚੇੜਾ ਦਾ ਕਾਵਿ ਸੰਸਾਰ**
**(ਸਮੀਖਿਆਤਮਕ ਅਧਿਐਨ)**
**ਰੀਵਿਊਕਾਰ ਬਲਜਿੰਦਰ ਮਾਨ**
**98150-18947**
**ਸੰਪਾਦਕ ਹਰਮੀਤ ਸਿੰਘ ਅਟਵਾਲ**
**ਪ੍ਰਕਾਸ਼ਕ ਐਵਿਸ ਪਬਲੀਕੇਸ਼ਨਜ਼ ਦਿੱਲੀ,**
**ਪੰਨੇ 124, ਮੁੱਲ 350/-**

ਹਰਭਜਨ ਸਿੰਘ ਚੇੜਾ ਕੈਨੇਡਾ ਵਸਦਾ ਪੰਜਾਬੀ ਸਾਹਿਤਕਾਰ ਹੈ। ਆਪ ਨੇ ਜੀਵਨ ਵਿੱਚ ਤਕੜਾ ਸੰਘਰਸ਼ ਕਰਕੇ ਉੱਚੇ ਰੁਤਬੇ ਹਾਸਲ ਕੀਤੇ ਹਨ। ਸਾਹਿਤ ਜਗਤ ਵਿੱਚ ਆਪਣੀਆਂ ਲਿਖਤਾਂ ਨਾਲ ਸ਼ਾਨਦਾਰ ਪੈੜਾਂ ਪਾਈਆਂ ਹਨ। ਆਪ ਦੀਆਂ ਦੋ ਕਾਵਿ ਪੁਸਤਕਾਂ 'ਮੈਂ ਦੇਵ ਨੇ ਹੀ ਇਨਸਾਨ' ਅਤੇ 'ਜੀਵਨ ਜੋਤ' ਛਪ ਚੁੱਕੀਆਂ ਹਨ। ਇਹਨਾਂ ਪੁਸਤਕਾਂ ਦਾ ਗੰਭੀਰ ਅਧਿਐਨ ਕਰਨ ਵਾਸਤੇ ਸੰਪਾਦਕ ਹਰਮੀਤ ਸਿੰਘ ਅਟਵਾਲ ਨੇ ਕੁਝ ਨਵੇਂ ਅਤੇ ਉੱਘੇ ਅਲੋਚਕਾਂ ਤੋਂ ਇਹਨਾਂ ਪੁਸਤਕਾਂ ਤੇ ਵਿਚਾਰ ਚਰਚਾ ਕਰਵਾਈ ਹੈ।




ਇਹਨਾਂ ਸਭ ਸਾਹਿਤਕਾਰਾਂ ਨੇ ਹਰਭਜਨ ਸਿੰਘ ਦੀ ਸਾਹਿਤਕ ਦੇਣ ਦੀ ਸ਼ਲਾਘਾ ਕਰਦਿਆਂ ਉਹਨਾਂ ਦੁਆਰਾ ਸਿਰਜੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦੀ ਬੜੀ ਮਹੀਨ ਨਜ਼ਰ ਨਾਲ ਚੀਰਫਾੜ ਕੀਤੀ ਹੈ। ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਵਿਚਾਰਨ ਉਪਰੰਤ ਇਹਨਾਂ ਪੁਸਤਕਾਂ ਬਾਰੇ ਇੱਕ ਸਾਂਝੀ ਰਾਏ ਇਹ ਬਣਦੀ ਹੈ ਕਿ ਇਹ ਸਭ ਕਵਿਤਾਵਾਂ ਮਾਨਵੀ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ। ਇਹਨਾਂ ਵਿੱਚੋਂ ਦੇਸ਼ ਵਿਦੇਸ਼ ਦੇ ਜੀਵਨ ਦੀਆਂ ਤਲਖ ਹਕੀਕਤਾਂ ਵੀ ਪੇਸ਼ ਹੁੰਦੀਆਂ ਹਨ। ਬਹੁਤਾ ਸਮਾਂ ਵਿਦੇਸ਼ੀ ਜੀਵਨ ਗੁਜ਼ਾਰਨ ਉਪਰੰਤ ਹਰਭਜਨ ਸਿੰਘ ਨੇ ਜੋ ਅਨੁਭਵ ਕੀਤੇ ਉਹਨਾਂ ਨੂੰ ਇਹਨਾਂ ਕਵਿਤਾਵਾਂ ਦਾ ਵਿਸ਼ਾ ਵਸਤੂ ਬਣਾਇਆ ਹੈ। ਪੁਸਤਕ ਦੇ ਸੰਪਾਦਕ ਹਰਮੀਤ ਸਿੰਘ ਅਟਵਾਲ ਨੇ ਆਪਣੀ ਕਲਾਤਮਿਕ ਸੋਝੀ ਨਾਲ ਸਾਹਿਤਕਾਰਾਂ ਦੇ ਵਿਚਾਰ ਇਕੱਤਰ ਹੀ ਨਹੀਂ ਕੀਤੇ ਸਗੋਂ ਉਹਨਾਂ ਨੂੰ ਸ਼ਾਨਦਾਰ ਢੰਗ ਨਾਲ ਸਾਡੇ ਅੱਗੇ ਪਰੋਸਿਆ ਵੀ ਹੈ। ਰੂਪ ਲਾਲ ਰੂਪ ਇਹਨਾਂ ਕਵਿਤਾਵਾਂ ਨੂੰ ਰੰਗ ਬਿਰੰਗੀ ਗਾਥਾ ਨਾਲ ਨਿ-ਵਾਜਦੇ ਹਨ। ਵੀਨਾ ਵਰਮਾ ਬਿੰਬ ਵਿਧਾਨ ਦੀ ਗੱਲ ਕਰਦੀ ਹੋਈ ਇੰਝ ਆਖਦੀ ਹੈ ਕਿ ਕਵੀ ਨੇ ਨਵੇਂ ਬਿੰਬ ਸਿਰਜ ਕੇ ਕਵਿਤਾ ਨੂੰ ਨਰੋਆ ਬਣਾਇਆ ਹੈ।

ਪ੍ਰੋਫੈਸਰ ਸੀਮਾ, ਡਾਕਟਰ ਹਰਦੀਪ ਸਿੰਘ, ਡਾਕਟਰ ਬਲਵਿੰਦਰ ਸਿੰਘ ਥਿੰਦ, ਡਾਕਟਰ ਰਾਮ ਮੂਰਤੀ, ਪਰਵਿੰਦਰ ਸਿੰਘ, ਪ੍ਰੋਫੈਸਰ ਮਲਕੀਤ ਜੌੜਾ, ਡਾਕਟਰ ਰੀਨਾ ਕੁਮਾਰੀ ,ਮਿਸ ਸਪਨਾ ਸੈਣੀ, ਪਰਮਜੀਤ ਸਿੰਘ ਸੰਸੋਆ, ਡਾਕਟਰ ਮਨਿੰਦਰਜੀਤ ਕੌਰ, ਡਾਕਟਰ ਕਰਮਜੀਤ ਸਿੰਘ ਨਡਾਲਾ ਅਤੇ ਪਰਵਿੰਦਰ ਸਿੰਘ ਖੋਜਾਰਥੀ ਨੇ ਛੁਪੇ ਹੋਏ ਪਹਿਲੂਆਂ ਨੂੰ ਉਜਾਗਰ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਕਵਿਤਾਵਾਂ ਭਾਵਨਾਵਾਂ ਤੇ ਵਿਚਾਰਾਂ ਨੂੰ ਤਰਜੀਹ ਦਿੰਦੀਆਂ ਹੋਈਆਂ ਮਨੁੱਖੀ ਮਨ ਨੂੰ ਨਰੋਆ ਬਣਾਉਂਦੀਆਂ ਹਨ। ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਦੀ ਗਾਥਾ ਦੇ ਨਾਲ ਨਾਲ ਨਵੀਂ ਪੀੜੀ 'ਚੋਂ ਖਤਮ ਹੋ ਰਹੇ ਪਿਆਰ ਸਤਿਕਾਰ ਦਾ ਦਰਦ ਵੀ ਬਿਆਨਿਆ ਗਿਆ ਹੈ।

ਵਿਦੇਸ਼ਾਂ ਦੀ ਖਿੱਚ ਵਿੱਚ ਆਪਣਿਆਂ ਨੂੰ ਭੁੱਲ ਭੁਲਾ ਰਹੇ ਮੁੰਡੇ ਕੁੜੀਆਂ ਦੇ ਸੁਭਾਅ ਦਾ ਵੀ ਖੂਬਸੂਰਤੀ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਸਿਆਸਤ ਵਿੱਚ ਆਏ ਨਿਘਾਰ ਦੇ ਦੁੱਖ ਦਰਦ ਨੂੰ ਬਿਆਨ ਕਰਦਿਆਂ ਉਹਨਾਂ ਵੋਟਰਾਂ ਨੂੰ ਸੁਚੇਤ ਹੋ ਕੇ ਵੋਟ ਪਾਉਣ ਦੀ ਸਲਾਹ ਦਿੱਤੀ ਹੈ। ਗੁਆਚ ਰਹੇ ਵਿਰਸੇ ਦੀ ਚਿੰਤਾ ਵੱਢ ਵੱਢ ਖਾ ਰਹੀ ਹੈ। ਕਵੀ ਪਿਆਰ ਦੇ ਜਜ਼ਬੇ ਨੂੰ ਉੱਚਾ ਰੁਤਬਾ ਬਖ਼ਸ਼ਦਾ ਹੋਇਆ ਲਿਖਦਾ ਹੈ

ਦਿਲ ਲੱਗਦਾ ਨਾ ਦਿਲਦਾਰ ਬਿਨਾਂ
ਮਨ ਭਰਦਾ ਨਾ ਹੈ ਪਿਆਰ ਬਿਨਾ।
ਕੀ ਕਰਨਾ ਜੀਅ ਕੇ ਬਿਨ ਤੇਰੇ
ਮਰ ਜਾਣਾ ਚੰਗਾ ਯਾਰ ਬਿਨਾ।

ਕਵੀ ਦਾ ਮਨੋਰਥ ਹੈ ਕਿ ਆਉਣ ਵਾਲੀ ਪਨੀਰੀ ਆਪਣੀ ਅਮੀਰ ਵਿਰਾਸਤ ਨੂੰ ਸੰਭਾਲੇ ਅਤੇ ਅਗਲੀ ਪੀੜੀ ਦੇ ਹਵਾਲੇ ਕਰੇ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਉਨਾਂ ਵਿੱਚ ਉਚੇਰੀਆਂ ਕਦਰਾਂ ਕੀਮਤਾਂ ਵੀ ਭਰਦੇ ਹਨ। ਇਸ ਸੰਦਰਭ 'ਚ ਇਹ ਸਤ੍ਹਰਾਂ ਕਾਬਲੇ ਗੌਰ ਹਨ:

ਸਾਂਭ ਜਵਾਨੀ ਰੱਖੋ ਪੁਤਰੋ ਇਹ ਹੈ ਨਸ਼ਾ ਅਨੋਖਾ
ਇਸ ਨੂੰ ਪੀ ਕੇ ਰਾਹ ਜ਼ਿੰਦਗੀ ਦਾ ਬਣ ਜਾਂਦਾ ਹੈ ਸੌਖਾ।

ਸੰਪਾਦਕ ਨੇ ਪੁਸਤਕ ਦੇ ਅਖੀਰ ਵਿੱਚ 25 ਪੰਨਿਆਂ ਤੇ ਚੋਣਵੀਆਂ ਕਵਿਤਾਵਾਂ ਸ਼ਾਮਿਲ ਕਰਕੇ ਪੁਸਤਕ ਨੂੰ ਹੋਰ ਵੀ ਰੌਚਕ ਅਤੇ ਕੀਮਤੀ ਬਣਾ ਦਿੱਤਾ ਹੈ। ਇਹ ਰਚਨਾਵਾਂ ਪੜ੍ਹਕੇ ਸਾਨੂੰ ਹਰਭਜਨ ਸਿੰਘ ਚੇੜਾ ਦੀ ਸਮੁੱਚੀ ਸਾਹਿਤਿਕ ਰਚਨਾ ਬਾਰੇ ਚੋਖਾ ਗਿਆਨ ਮਿਲ ਜਾਂਦਾ ਹੈ। ਸਾਹਿਤਕਾਰਾਂ ਦੁਆਰਾ ਕੀਤੀ ਆਲੋਚਨਾਤਮਕ ਸਮੀਖਿਆ ਦੀ ਵੀ ਪੁਣ ਛਾਣ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਤਰ੍ਹਾਂ ਹਰਮੀਤ ਸਿੰਘ ਅਟਵਾਲ ਨੇ ਹਰਭਜਨ ਸਿੰਘ ਚੇੜਾ ਦੇ ਕਾਵਿ ਸੰਸਾਰ ਦਾ ਤੁਲਨਾਤਮਕ ਢੰਗ ਨਾਲ ਅਧਿਐਨ ਕਰਨ ਉਪਰੰਤ ਪਾਠਕਾਂ ਦੇ ਸਨਮੁੱਖ ਕੀਤਾ ਹੈ। ਇਹ ਪੁਸਤਕ ਜਿੱਥੇ ਉਹਨਾਂ ਦੇ ਕਾਵਿ ਸੰਸਾਰ ਦੀਆਂ ਗੁੱਝੀਆਂ ਰਮਜ਼ਾਂ ਬਾਰੇ ਵਾਕਫੀਅਤ ਕਰਵਾਉਂਦੀ ਹੈ ਉਥੇ ਸਾਨੂੰ ਕਾਵਿ ਸਿਰਜਣਾ ਦਾ ਬਲ ਵੀ ਪ੍ਰਦਾਨ ਕਰਦੀ ਹੈ।

# ਸਕੂਲ ਮੈਗਜ਼ੀਨ ਦਾ ਫਾਇਦਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

**ਜਾਣ-ਪਛਾਣ:** ਸਕੂਲ ਮੈਗਜ਼ੀਨ ਸਾਲ ਵਿੱਚ ਇੱਕ ਜਾਂ ਦੋ ਵਾਰ ਪ੍ਰਕਾਸ਼ਿਤ ਹੁੰਦਾ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਦੀਆਂ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਹੈ। ਅੱਜ ਕੱਲ੍ਹ ਬਹੁਤ ਸਾਰੇ ਸਕੂਲਾਂ ਦੇ ਆਪਣੇ ਮੈਗਜ਼ੀਨ ਹਨ। ਵਿਦਿਆਰਥੀ ਆਪਣੇ ਅਧਿਆਪਕਾਂ ਦੀ ਮਦਦ ਨਾਲ ਇਸ ਦੀ ਸਾਂਭ-ਸੰਭਾਲ ਕਰਦੇ ਹਨ। ਇਸ ਵਿੱਚ ਲੇਖ, ਕਵਿਤਾਵਾਂ ਅਤੇ ਲੇਖ ਸ਼ਾਮਲ ਹਨ।

ਇਸ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ: ਸਕੂਲੀ ਮੈਗਜ਼ੀਨ ਦਾ ਪ੍ਰਕਾਸ਼ਨ ਇੱਕ ਔਖਾ ਕੰਮ ਹੈ। ਇਸ ਦਾ ਸਰਕੂਲੇਸ਼ਨ ਸਿਰਫ਼ ਵਿਦਿਆਰਥੀਆਂ ਤੱਕ ਹੀ ਸੀਮਤ ਹੈ। ਪਹਿਲਾਂ ਤਾਂ ਮੈਗਜ਼ੀਨ ਕਮੇਟੀ ਬਣਾਉਣੀ ਪੈਂਦੀ ਹੈ। ਇਹ ਸੰਪਾਦਕ ਦੇ ਕੁਝ ਸਲਾਹਕਾਰ ਅਤੇ ਕੁਝ ਵਿਦਿਆਰਥੀ ਮੈਂਬਰਾਂ ਦੇ ਨਾਲ ਬਣਾਈ ਗਈ ਹੈ। ਹੈੱਡਮਾਸਟਰ ਇਸ ਕਮੇਟੀ ਦੇ ਚੇਅਰਮੈਨ ਹਨ। ਇੱਕ ਸਹਾਇਕ ਅਧਿਆਪਕ ਸੰਪਾਦਕ ਬਣ ਜਾਂਦਾ ਹੈ ਅਤੇ ਉਹ ਲੇਖਾਂ ਦੀ ਚੋਣ ਕਰਨ ਅਤੇ ਉਹਨਾਂ ਨੂੰ ਠੀਕ ਕਰਨ ਵਿੱਚ ਫੰਡ ਇਕੱਠਾ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਦਾ ਹੈ। ਮੈਗਜ਼ੀਨ ਲਈ ਲੇਖ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਦੁਆਰਾ ਲਿਖੇ ਗਏ ਹਨ। ਸੰਪਾਦਕ ਵਿਦਿਆਰਥੀਆਂ ਤੋਂ ਲੇਖ, ਕਵਿਤਾਵਾਂ, ਕਹਾਣੀਆਂ ਆਦਿ ਮੰਗਦਾ ਹੈ। ਵਿਦਿਆਰਥੀ ਆਪਣੇ ਲੇਖ ਸੰਪਾਦਕ ਨੂੰ ਭੇਜਦੇ ਹਨ। ਪਰ ਹਰ ਲੇਖ ਪ੍ਰਕਾਸ਼ਿਤ ਨਹੀਂ ਹੁੰਦਾ। ਲੇਖਾਂ ਦੀ ਚੋਣ ਸੰਪਾਦਕ ਅਤੇ ਸਹਾਇਕ ਸੰਪਾਦਕ ਦੁਆਰਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਠੀਕ ਕੀਤਾ ਜਾਂਦਾ ਹੈ ਅਤੇ ਫਿਰ ਰਸਾਲੇ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਫਿਰ ਉਹ ਚੰਗੀਆਂ ਲਿਖਤਾਂ ਦੀ ਚੋਣ ਕਰਕੇ ਪ੍ਰੈਸ ਨੂੰ ਭੇਜਦਾ ਹੈ। ਫਿਰ ਲੋੜੀਂਦੇ ਸੁਧਾਰ ਤੋਂ ਬਾਅਦ ਉਹਨਾਂ ਨੂੰ ਛਾਪਿਆ ਜਾਂਦਾ ਹੈ। ਕੁਝ ਵਿਦਿਆਰਥੀ ਰਸਾਲੇ ਦੀ ਛਪਾਈ ਦੇ ਕੰਮ ਦੀ ਨਿਗਰਾਨੀ ਕਰਦੇ ਹਨ। ਹਰੇਕ ਸਕੂਲ ਮੈਗਜ਼ੀਨ ਵਿੱਚ ਵਿਦਿਆਰਥੀਆਂ ਦੀ ਤਰੱਕੀ ਬਾਰੇ ਇੱਕ ਬਿਆਨ ਹੁੰਦਾ ਹੈ।

ਇਸ ਵਿੱਚ ਸ਼ਾਮਲ ਹਨ: ਇੱਕ ਸਕੂਲ, ਇੱਕ ਮੈਗਜ਼ੀਨ ਵਿੱਚ ਵਿਦਿਆਰਥੀ ਕਵਿਤਾਵਾਂ, ਲੇਖ, ਛੋਟੀਆਂ ਕਹਾਣੀਆਂ, ਇੱਕ-ਐਕਟ ਨਾਟਕ ਲਿਖਦੇ ਹਨ, ਕੁਝ ਵਿਦਿਆਰਥੀ ਹਾਸੇ-ਮਜ਼ਾਕ ਦੇ ਟੁਕੜੇ ਲਿਖਦੇ ਹਨ। ਜ਼ਿਆਦਾਤਰ ਵਿਦਿਆਰਥੀ ਕਵਿਤਾਵਾਂ ਲਿਖਦੇ ਹਨ। ਇਸ ਵਿੱਚ ਉਨ੍ਹਾਂ ਲੋਕਾਂ ਦਾ ਨਾਮ ਹੈ ਜਿਨ੍ਹਾਂ ਨੇ ਸੰਸਥਾ ਨੂੰ ਇੱਕ ਫਰੇਮ ਖਰੀਦਿਆ ਸੀ। ਅਕਾਦਮਿਕ ਅਧਿਐਨ ਦੇ ਨਾਲ, ਵਿਦਿਆਰਥੀਆਂ ਨੂੰ ਖੇਡਾਂ ਅਤੇ ਐਥਲੈਟਿਕਸ, ਕਲਾ ਅਤੇ ਸ਼ਿਲਪਕਾਰੀ, ਵਿਗਿਆਨ ਕਲੱਬਾਂ, ਨਾਟਕਾਂ ਅਤੇ ਹੋਰ ਕਈ ਗਤੀਵਿਧੀਆਂ ਵਿੱਚ ਉਤਸ਼ਾਹਿਤ ਕੀਤਾ ਜਾਂਦਾ ਹੈ।

ਮਹੱਤਵ: ਸਕੂਲ ਮੈਗਜ਼ੀਨ ਸਕੂਲ ਅਤੇ ਸਕੂਲ ਦੇ ਮਾਮਲਿਆਂ ਦੀ ਇੱਕ ਸਪਸ਼ਟ ਤਸਵੀਰ ਦਿੰਦਾ ਹੈ। ਇਹ ਵਿਦਿਆਰਥੀਆਂ ਦੇ ਵਾਧੂ-ਅਕਾਦਮਿਕ ਗੁਣਾਂ ਦੀ ਮਦਦ ਕਰਦਾ ਹੈ। ਇਹ ਵਿਦਿਆਰਥੀਆਂ ਨੂੰ "ਪ੍ਰਿੰਟਿੰਗ ਅਤੇ ਪ੍ਰਕਾਸ਼ਨ ਦੀ ਕਲਾ" ਵਿੱਚ ਸਿਖਲਾਈ ਦਿੰਦਾ ਹੈ। ਇਹ ਸੋਚਣ ਦੀ ਸ਼ਕਤੀ ਦਾ ਵਿਕਾਸ ਕਰਦਾ ਹੈ। ਵਿਦਿਆਰਥੀ ਦੀ ਸਾਹਿਤਕ ਅਤੇ ਬੌਧਿਕ ਯੋਗਤਾਵਾਂ ਉਸ ਨੂੰ ਵੱਖ-ਵੱਖ ਵਿਸ਼ਿਆਂ 'ਤੇ ਕਿਤਾਬਾਂ ਪੜ੍ਹਨ ਲਈ ਤਿਆਰ ਕਰਦੀਆਂ ਹਨ। ਅਜਿਹੇ ਵਿਦਿਆਰਥੀ ਆਪਣੇ ਸਮੇਂ ਅਤੇ ਸਿੱਖਣ ਦੀ ਕੀਮਤ ਨੂੰ ਸਮਝਣ ਵਿੱਚ ਜਲਦੀ ਹੁੰਦੇ ਹਨ। ਇਹ ਵਿਦਿਆਰਥੀਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਕੁਝ ਜ਼ਿੰਮੇਵਾਰੀਆਂ ਨੂੰ ਖੜ੍ਹਾ ਕਰਦਾ ਹੈ। ਉਨ੍ਹਾਂ ਨੂੰ ਪੜ੍ਹਨ-ਲਿਖਣ ਦੀ ਆਦਤ ਪੈ ਜਾਂਦੀ ਹੈ। ਲਿਖਤ ਉਨ੍ਹਾਂ ਦੇ ਗਿਆਨ ਨੂੰ ਦਰੁਸਤ ਕਰਦੀ ਹੈ। ਵਿਦਿਆਰਥੀ ਲਈ ਮੈਗਜ਼ੀਨ ਵਿਚ ਆਪਣਾ ਨਾਂ ਛਪਦਾ ਦੇਖ ਕੇ ਬਹੁਤ ਖ਼ੁਸ਼ੀ ਹੁੰਦੀ ਹੈ। ਸਾਰੇ ਵਿਦਿਆਰਥੀ ਚੰਗੇ ਲੇਖਕ ਨਹੀਂ ਹੋ ਸਕਦੇ ਪਰ ਜਿਨ੍ਹਾਂ ਕੋਲ ਵਿਚਾਰ ਬਣਾਉਣ ਦੀ ਸਮਰੱਥਾ ਹੈ ਉਹ ਆਪਣੇ ਸਕੂਲ ਮੈਗਜ਼ੀਨ ਲਈ ਲਿਖ ਕੇ ਆਪਣੀ ਪ੍ਰਗਟਾਵੇ ਦੀ ਸ਼ਕਤੀ ਦਾ ਵਿਕਾਸ ਕਰ ਸਕਦੇ ਹਨ। ਇਸ ਲਈ, ਸਕੂਲ ਮੈਗਜ਼ੀਨ ਕਈ ਤਰੀਕਿਆਂ ਨਾਲ ਵਿਦਿਆਰਥੀਆਂ ਲਈ ਮਦਦਗਾਰ ਹੈ।

ਸਿੱਟਾ: ਸਕੂਲ ਮੈਗਜ਼ੀਨ ਸਕੂਲ ਦੇ ਕੈਰੀਅਰ ਨੂੰ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਹ ਵਿਦਿਆਰਥੀਆਂ ਵਿੱਚ ਰਚਨਾਤਮਕ ਸ਼ਕਤੀ ਪੈਦਾ ਕਰਦਾ ਹੈ। ਬਦਕਿਸਮਤੀ ਨਾਲ, ਸਿਰਫ਼ ਕੁਝ ਸਕੂਲ ਹੀ ਆਪਣੇ ਸਕੂਲ ਰਸਾਲੇ ਜਾਰੀ ਕਰਦੇ ਹਨ। ਵਿਦਿਆਰਥੀਆਂ ਨੂੰ ਅਜਿਹੇ ਮੈਗਜ਼ੀਨ ਕੱਢਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਹਰ ਸਕੂਲ ਨੂੰ ਆਪਣੇ ਵਿਦਿਆਰਥੀਆਂ ਦੇ ਫਾਇਦੇ ਲਈ ਸਕੂਲ ਮੈਗਜ਼ੀਨ ਦੀ ਮਹੱਤਤਾ 'ਤੇ ਵਿਚਾਰ ਕਰਨਾ ਚਾਹੀਦਾ ਹੈ।

# ਖ਼ਰਚ ਕਰਨ ਦੀ ਬਦਲਦੀ ਬਿਰਤੀ

**ਵਿਜੈ ਗਰਗ**

ਬੀਤੇ ਦਿਨੀਂ ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ (ਐਨਐਸਐਸਓ) ਦੁਆਰਾ ਜਾਰੀ ਘਰੇਲੂ ਖਪਤ ਖ਼ਰਚਾ ਸਰਵੇਖਣ, 2022-23 ਦੇ ਮੁੱਢਲੇ ਅੰਕੜੇ ਬਦਲਦੇ ਭਾਰਤੀ ਅਰਥਚਾਰੇ ਦੀ ਤਸਵੀਰ ਪੇਸ਼ ਕਰਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਦਿਹਾਤੀ ਤੇ ਸ਼ਹਿਰੀ ਘਰੇਲੂ ਇਸਤੇਮਾਲ ਦੇ ਖ਼ਰਚੇ ਦੌਰਾਨ ਫ਼ਰਕ ਕੁਝ ਘੱਟ ਹੁੰਦਾ ਜਾ ਰਿਹਾ ਹੈ ਜਿਸ ਨਾਲ ਦਿਹਾਤੀ ਭਾਰਤ ਵਿਚ ਵੀ ਮੱਧ ਵਰਗ ਵਧਣ ਲੱਗਾ ਹੈ।

ਇਹ ਸਰਵੇਖਣ ਜਿੱਥੇ ਇਸ ਗੱਲ ਦਾ ਜ਼ਿਕਰ ਕਰਦਾ ਹੈ ਕਿ ਲੋਕਾਂ ਦੇ ਭੋਜਨ ਖ਼ਰਚੇ ਵਿਚ ਪ੍ਰੋਟੀਨ ਤੇ ਪੋਸ਼ਕ ਤੱਤਾਂ ਦੀ ਹਿੱਸੇਦਾਰੀ ਵਧ ਰਹੀ ਹੈ, ਓਥੇ ਹੀ ਇਸ ਚਿੰਤਾ ਨੂੰ ਵੀ ਵਧਾਉਂਦਾ ਹੈ ਕਿ ਲੋਕਾਂ ਦੁਆਰਾ ਨਸ਼ੇ ਆਦਿ 'ਤੇ ਖ਼ਰਚਾ ਪਹਿਲਾਂ ਨਾਲੋਂ ਜ਼ਿਆਦਾ ਕੀਤਾ ਜਾ ਰਿਹਾ ਹੈ। ਦੇਸ਼ ਭਰ ਦੇ 215 ਲੱਖ ਤੋਂ ਜ਼ਿਆਦਾ ਪਰਿਵਾਰਾਂ 'ਤੇ ਕੀਤਾ ਗਿਆ ਸਰਵੇਖਣ ਸਪਸ਼ਟ ਕਰਦਾ ਹੈ ਕਿ ਪਿਛਲੇ ਇਕ ਦਹਾਕੇ ਵਿਚ ਲੋਕਾਂ ਦੀ ਖਪਤ ਬਿਰਤੀ ਵਿਚ ਬਦਲਾਅ ਆਇਆ ਹੈ। ਹੁਣ ਲੋਕ ਭੋਜਨ 'ਤੇ ਜ਼ਿਆਦਾ ਖ਼ਰਚ ਕਰਨ ਦੀ ਥਾਂ ਟਿਕਾਊ ਵਸਤਾਂ 'ਤੇ ਵੱਧ ਖ਼ਰਚਾ ਕਰ ਰਹੇ ਹਨ।

ਸਰਵੇਖਣ ਮੁਤਾਬਕ ਵਿੱਤੀ ਸਾਲ 2011-12 ਤੋਂ 2022-23 ਤੱਕ ਦੇ ਦਹਾਕੇ ਵਿਚ ਸ਼ਹਿਰੀ ਖ਼ਰਚੇ ਦੀ ਤੁਲਨਾ ਵਿਚ ਦਿਹਾਤੀ ਪ੍ਰਤੀ ਵਿਅਕਤੀ ਖਪਤ ਖ਼ਰਚੇ ਵਿਚ ਜ਼ਿਆਦਾ ਵਾਧਾ ਹੋਇਆ ਹੈ। ਗ੍ਰਾਮੀਣ ਖੇਤਰਾਂ ਦਾ ਖ਼ਰਚਾ 1,430 ਰੁਪਏ ਤੋਂ ਵਧ ਕੇ 3,773 ਰੁਪਏ ਅਤੇ ਸ਼ਹਿਰੀ ਖੇਤਰ ਦਾ ਖ਼ਰਚਾ 2,630 ਤੋਂ ਵਧ ਕੇ 6,459 ਰੁਪਏ ਹੋ ਗਿਆ ਹੈ। ਇਸ ਦੇ ਨਤੀਜੇ ਵਜੋਂ ਦਿਹਾਤੀ ਤੇ ਸ਼ਹਿਰੀ ਇਲਾਕਿਆਂ ਵਿਚ ਖਪਤਕਾਰਾਂ ਦੀਆਂ ਤਰਜੀਹਾਂ 'ਚ ਬਦਲਾਅ ਆਉਣ ਕਾਰਨ ਲੋਕਾਂ ਦੀ ਜੀਵਨ-ਸ਼ੈਲੀ ਵਿਚ ਵੀ ਤਬਦੀਲੀ ਆ ਰਹੀ ਹੈ। ਲੋਕ ਖਾਣ-ਪੀਣ ਦੀਆਂ ਵਸਤਾਂ ਦੀ ਤੁਲਨਾ ਵਿਚ ਗ਼ੈਰ-ਖੁਰਾਕੀ ਵਸਤਾਂ ਜਿਵੇਂ ਕਾਰ, ਏਸੀ, ਕੱਪੜੇ, ਜੁੱਤੀਆਂ, ਮਨੋਰੰਜਨ ਆਦਿ 'ਤੇ ਜ਼ਿਆਦਾ ਖ਼ਰਚਾ ਕਰਨ ਲੱਗੇ ਹਨ ਜੋ ਦੇਸ਼ ਦੀ ਵਧਦੀ ਮੰਗ ਦਾ ਵਾਹਕ ਬਣ ਕੇ ਦੇਸ਼ ਦੀ ਜੀਡੀਪੀ 'ਚ ਵਾਧੇ ਦਾ ਕਾਰਨ ਵੀ ਬਣ ਰਿਹਾ ਹੈ।

ਘਰੇਲੂ ਖਪਤ ਖ਼ਰਚਾ ਸਰਵੇਖਣ ਮੁਤਾਬਕ ਪੇਂਡੂ ਇਲਾਕਿਆਂ ਦਾ ਭੋਜਨ 'ਤੇ ਹੋਣ ਵਾਲਾ ਖ਼ਰਚਾ 2011-12 ਦੀ ਤੁਲਨਾ ਵਿਚ 2022-23 ਵਿਚ 53 ਫ਼ੀਸਦੀ ਤੋਂ ਘਟ ਕੇ 46% ਹੋ ਗਿਆ ਹੈ ਜਦਕਿ ਸ਼ਹਿਰੀ ਖੇਤਰਾਂ ਵਿਚ ਇਹ 43 ਪ੍ਰਤੀਸ਼ਤ ਤੋਂ ਘਟ ਕੇ 39% ਹੋ ਗਿਆ ਹੈ। ਇਹ ਸਰਵੇਖਣ ਭੋਜਨ ਦੀ ਥਾਲੀ ਵਿਚ ਹੋਣ ਵਾਲੇ ਪਰਿਵਰਤਨਾਂ ਵੱਲ ਵੀ ਕਾਫ਼ੀ ਆਕਰਸ਼ਿਤ ਕਰਦਾ ਹੈ। ਪੇਂਡੂ ਪਰਿਵਾਰਾਂ ਵਿਚ ਅਨਾਜ 'ਤੇ ਕੀਤੇ ਜਾਣ ਵਾਲੇ ਖ਼ਰਚੇ ਦਾ ਹਿੱਸਾ 2011-12 ਦੀ ਤੁਲਨਾ ਵਿਚ 2022-23 'ਚ 11% ਤੋਂ ਘਟ ਕੇ ਪੰਜ ਪ੍ਰਤੀਸ਼ਤ ਰਹਿ ਗਿਆ ਹੈ ਜਦਕਿ ਸ਼ਹਿਰੀ ਖੇਤਰਾਂ ਵਿਚ ਇਹ 6।67% ਤੋਂ ਘਟ ਕੇ 3।64% ਰਹਿ ਗਿਆ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਹੁਣ ਅਨਾਜ ਤੇ ਦਾਲਾਂ 'ਤੇ ਹੋਣ ਵਾਲੇ ਖ਼ਰਚੇ ਨਾਲੋਂ ਜ਼ਿਆਦਾ ਪੀਣ ਵਾਲੇ ਪਦਾਰਥਾਂ ਅਤੇ ਪ੍ਰੋਸੈਸਡ ਭੋਜਨ 'ਤੇ ਖ਼ਰਚ ਕਰ ਰਹੇ ਹਨ। ਇਹ ਬਿਰਤੀ ਸ਼ਹਿਰੀ ਪਰਿਵਾਰਾਂ ਦੀ ਤੁਲਨਾ ਵਿਚ ਗ੍ਰਾਮੀਣ ਪਰਿਵਾਰਾਂ ਵਿਚ ਜ਼ਿਆਦਾ ਦਿਖਾਈ ਦਿੱਤੀ ਹੈ।

# ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਸਮਾਜਿਕ ਵਿਗਿਆਨ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਇੱਕ ਇੰਜੀਨੀਅਰ ਨਵੰਬਰ 2018 ਵਿੱਚ ਅਹਿਮਦਾਬਾਦ ਵਿੱਚ ਗੁਜਰਾਤ ਸਾਇੰਸ ਸਿਟੀ ਵਿੱਚ ਇੱਕ ਮੀਡੀਆ ਪ੍ਰੀਵਿਊ ਦੌਰਾਨ ਰੋਬੋਟ ਵੇਟਰ ਨੂੰ ਪ੍ਰੋਗਰਾਮ ਕਰਦਾ ਹੈ। ਰਾਇਟਰਜ਼ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਸਮਾਜਿਕ ਵਿਗਿਆਨ ਕਿਉਂ ਸਿੱਖਣਾ ਚਾਹੀਦਾ ਹੈ? ਇਹ ਸਵਾਲ ਅਕਸਰ ਉਹਨਾਂ ਵਿਗਿਆਨੀਆਂ ਅਤੇ ਇੰਜੀਨੀਅਰਾਂ ਦੁਆਰਾ ਪੁੱਛਿਆ ਜਾਂਦਾ ਹੈ ਜੋ ਕੁਦਰਤੀ ਵਿਗਿਆਨਾਂ 'ਤੇ ਧਿਆਨ ਕੇਂਦਰਤ ਕਰਦੇ ਹਨ। ਸਮਾਜਿਕ ਵਿਗਿਆਨ ਨੂੰ ਉਹਨਾਂ ਲਈ ਬਹੁਤ ਘੱਟ ਪ੍ਰਸੰਗਿਕ ਮੰਨਿਆ ਜਾਂਦਾ ਹੈ ਜੋ ਪ੍ਰਯੋਗਸ਼ਾਲਾਵਾਂ ਅਤੇ ਨਵੀਨਤਾ ਅਤੇ ਤਕਨੀਕੀ ਵਿਕਾਸ ਲਈ ਸਮਰਪਿਤ ਸਥਾਨਾਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਨੂੰ ਕੁਦਰਤੀ ਵਿਗਿਆਨ ਨਾਲ ਚਾਰਜ ਕੀਤਾ ਜਾਂਦਾ ਹੈ ਅਤੇ ਸਮਾਜਿਕ ਵਰਤਾਰੇ ਤੋਂ ਰਹਿਤ ਮੰਨਿਆ ਜਾਂਦਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਿੱਥੇ ਨੌਜਵਾਨ ਦਿਮਾਗ ਅਨੁਸ਼ਾਸਨੀ ਸਿਖਲਾਈ ਪ੍ਰਾਪਤ ਕਰਦੇ ਹਨ, ਕੁਦਰਤੀ ਵਿਗਿਆਨ ਨੂੰ ਬੌਧਿਕ ਅਤੇ ਸਰੀਰਕ ਤੌਰ 'ਤੇ ਸਮਾਜਿਕ ਵਿਗਿਆਨ ਤੋਂ ਵੱਖ ਕੀਤਾ ਜਾਂਦਾ ਹੈ। ਸਭ ਤੋਂ ਵੱਧ, ਵਿਗਿਆਨੀ ਅਤੇ ਇੰਜੀਨੀਅਰ ਸਵੀਕਾਰ ਕਰਨਗੇ ਕਿ ਸਮਾਜਿਕ ਵਿਗਿਆਨ ਦਾ ਅਧਿਐਨ ਕਰਨ ਨਾਲ ਤਕਨਾਲੋਜੀ ਦੀ ਵਰਤੋਂ ਅਤੇ ਅਪਣਾਉਣ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਜਦੋਂ ਇਹ ਸਮਾਜ ਵਿੱਚ ਸ਼ੁਰੂ ਹੋ ਜਾਂਦੀ ਹੈ। ਪਰ ਸਮਾਜਿਕ ਵਿਗਿਆਨ ਕੇਵਲ ਸੰਸਾਰ ਨੂੰ ਸਮਝਣ ਵਿੱਚ ਮਦਦ ਨਹੀਂ ਕਰਦਾ ਜੋ ਨਵੀਨਤਾ ਅਤੇ ਤਕਨੀਕੀ ਤਰੱਕੀ ਲਈ ਬਾਹਰੀ ਹੈ, ਇਹ ਉਹਨਾਂ ਦੇ ਅਧੀਨ ਪ੍ਰਕਿਰਿਆਵਾਂ ਨੂੰ ਵੀ ਦਰਸਾਉਣ ਵਿੱਚ ਮਦਦ ਕਰਦਾ ਹੈ। ਇਹ ਪ੍ਰਕਿਰਿਆਵਾਂ ਵਿਆਪਕ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪ੍ਰਸੰਗਾਂ ਵਿੱਚ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ। ਉਹ ਨਿਰਪੱਖ, ਪੂਰਵ-ਨਿਰਧਾਰਤ ਜਾਂ ਉਦੇਸ਼ ਨਹੀਂ ਹਨ। ਵਾਸਤਵ ਵਿੱਚ, ਤਕਨੀਕੀ ਵਿਕਾਸ ਦੀ ਪ੍ਰਕਿਰਿਆ ਵਿੱਚ ਕਈ ਸਮਾਜਿਕ, ਆਰਥਿਕ, ਤਕਨੀਕੀ ਅਤੇ ਨੈਤਿਕ ਵਿਕਲਪ ਅਤੇ ਵਿਚਾਰ ਸ਼ਾਮਲ ਹਨ। ਇਸ ਪ੍ਰਕਿਰਿਆ ਵਿੱਚ ਕੁਦਰਤ ਦੇ ਨਿਯਮਾਂ ਨੂੰ ਸਮਝਣਾ, ਪਛਾਣ ਕੀਤੀ ਗਈ ਸਮਾਜਿਕ ਸਮੱਸਿਆ ਲਈ ਗਿਆਨ ਨੂੰ ਲਾਗੂ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਉਤਪਾਦ ਤਿਆਰ ਕਰਨਾ ਸ਼ਾਮਲ ਹੈ। ਚੋਣਾਂ ਅਤੇ ਵਿਚਾਰਾਂ ਵਿੱਚ ਖੋਜ ਲਈ ਇੱਕ ਸਮਾਜਿਕ ਚੁਣੌਤੀ ਨੂੰ ਤਰਜੀਹ ਦੇਣਾ, ਖੋਜ ਟੀਚਿਆਂ ਨੂੰ ਨਿਰਧਾਰਤ ਕਰਨਾ ਅਤੇ ਖੋਜ ਅਤੇ ਵਿਕਾਸ ਲਈ ਇੱਕ ਵਿਸ਼ੇਸ਼ ਪਹੁੰਚ ਅਪਣਾਉਣ ਵਿੱਚ ਸ਼ਾਮਲ ਹੈ। ਇਸ ਵਿੱਚ ਉਤਪਾਦਨ ਤੋਂ ਨਿਪਟਾਰੇ ਤੱਕ, ਇਸਦੇ ਜੀਵਨ ਚੱਕਰ ਦੌਰਾਨ ਉੱਭਰ ਰਹੀ ਤਕਨਾਲੋਜੀ ਦੇ



ਸਮਾਜਿਕ ਅਤੇ ਵਾਤਾਵਰਣਕ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਵੀ ਸ਼ਾਮਲ ਹੈ। ਉਦਾਹਰਨ ਲਈ, ਖੇਤੀ ਉਤਪਾਦਨ ਨੂੰ ਵੱਧ ਤੋਂ ਵੱਧ ਕਰਨ ਦਾ ਟੀਚਾ ਰੱਖਣ ਵਾਲੇ ਵਿਗਿਆਨੀਆਂ ਨੂੰ ਕਈ ਵਿਕਲਪ ਕਰਨੇ ਪੈਂਦੇ ਹਨ। ਉਹਨਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਜੈਨੇਟਿਕ ਤੌਰ 'ਤੇ ਸੋਧੀਆਂ ਫਸਲਾਂ ਬਣਾਉਣ ਲਈ ਜੈਨੇਟਿਕ ਇੰਜੀਨੀਅਰਿੰਗ ਤਕਨੀਕਾਂ ਨੂੰ ਅਪਣਾਉਣਾ ਹੈ। ਪਰ ਇਹ ਵਾਤਾਵਰਨ ਸੁਰੱਖਿਆ ਦੇ ਸੰਭਾਵੀ ਖਰਚੇ 'ਤੇ ਝਾੜ ਜਾਂ ਕੀੜਿਆਂ ਦੇ ਟਾਕਰੇ ਨੂੰ ਤਰਜੀਹ ਦੇਵੇਗਾ, ਭੋਜਨ ਵੈੱਬ ਅਤੇ ਮਨੁੱਖੀ ਭਲਾਈ 'ਤੇ ਘੰ ਫਸਲਾਂ ਦੇ ਲੰਬੇ ਸਮੇਂ ਦੇ ਪ੍ਰਭਾਵ ਦੇ ਸਖ਼ਤ ਵਿਸ਼ਲੇਸ਼ਣ ਨੂੰ ਕਮਜ਼ੋਰ ਕਰੇਗਾ। ਇਹ ਚੋਣਾਂ ਅਤੇ ਵਿਚਾਰ ਤਕਨੀਕੀ ਵਿਕਾਸ ਦੇ ਰੂਪ, ਦਿਸ਼ਾ ਅਤੇ ਗਤੀ ਨੂੰ ਆਕਾਰ ਦਿੰਦੇ ਹਨ। ਇਹਨਾਂ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਕਾਰਕ ਵਿੱਚ ਮਾਰਕੀਟ ਦੀ ਮੰਗ, ਫੰਡਿੰਗ ਵਿਧੀ, ਵਪਾਰਕ ਰਣਨੀਤੀ, ਵਪਾਰੀਕਰਨ ਦੀ ਸੰਭਾਵਨਾ ਅਤੇ ਮੁਨਾਫੇ ਸ਼ਾਮਲ ਹਨ। ਅਕਸਰ, ਤਕਨੀਕੀ ਵਿਕਾਸ ਮੁੱਲਾਂ, ਵਿਸ਼ਵਾਸਾਂ ਅਤੇ ਸਮਾਜਿਕ ਨਿਯਮਾਂ ਦੁ-ਆਰਾ ਚਲਾਇਆ ਜਾਂਦਾ ਹੈ। ਉਦਾਹਰਨ ਲਈ, ਦਹਾਕਿਆਂ ਦੌਰਾਨ, ਗਰਭ ਨਿਰੋਧਕ ਗੋਲੀਆਂ ਸਮੇਤ, ਮਰਦ ਗਰਭ ਨਿਰੋਧਕ ਦਾ ਸੀਮਤ ਵਿਕਾਸ ਦਰਸਾਉਂਦਾ ਹੈ ਕਿ ਕਿਵੇਂ ਮਰਦ ਪ੍ਰਧਾਨਤਾ ਤਕਨੀਕੀ ਤਰੱਕੀ ਨੂੰ ਪ੍ਰਭਾਵਿਤ ਕਰਦੀ ਹੈ। ਮਰਦ ਗਰਭ ਨਿਰੋਧਕ ਵਿਕਲਪਾਂ ਦੀ ਘਾਟ ਔਰਤਾਂ 'ਤੇ ਗਰਭ-ਨਿਰੋਧ ਨੂੰ ਰੋਕਣ ਦਾ ਅਸਧਾਰਨ ਬੋਝ ਪਾਉਂਦੀ ਹੈ। ਸਾਰੀਆਂ ਸਮਾਜਿਕ ਸਮੱਸਿਆਵਾਂ ਨੂੰ ਵਿਗਿਆਨਕ ਅਤੇ ਇੰਜੀਨੀਅਰਿੰਗ ਭਾਈਚਾਰੇ ਤੋਂ ਇੱਕੋ ਜਿਹੀ ਤਰਜੀਹ ਨਹੀਂ ਮਿਲਦੀ। ਉਦਾਹਰਨ ਲਈ, ਮਲਟੀਡਰੱਗ ਰੋਧਕ ਤਪਦਿਕ ਨਾਲ ਨਜਿੱਠਣ ਲਈ ਨਵੀਆਂ ਦਵਾਈਆਂ ਦਾ ਵਿਕਾਸ ਸੁਸਤ ਰਹਿੰਦਾ ਹੈ। ਪਿਛਲੇ ਸੌ ਸਾਲਾਂ ਵਿੱਚ ਤਪਦਿਕ ਦੇ ਵਿਰੁੱਧ ਕੋਈ ਵੀ ਨਵੀਂ ਵੈਕਸੀਨ ਵਿਕਸਿਤ ਨਹੀਂ ਕੀਤੀ ਗਈ ਹੈ ਮੁੱਖ ਤੌਰ 'ਤੇ ਉਹਨਾਂ ਦੀ ਸੀਮਤ ਵਪਾਰਕ ਸਮਰੱਥਾ ਦੇ ਕਾਰਨ: ਛੂਤ ਦੀ ਬਿਮਾਰੀ ਵਿਕਾਸਸ਼ੀਲ ਦੇਸ਼ਾਂ ਵਿੱਚ ਗਰੀਬ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਦੀ ਖਰੀਦ ਸ਼ਕਤੀ ਘੱਟ ਹੈ। ਭਾਰਤ ਵਿੱਚ ਵੀ, ਇੱਕ ਸਮਾਨ ਪੱਖਪਾਤ ਤਕਨੀਕੀ ਨਵੀਨਤਾ ਨੂੰ ਆਕਾਰ ਦਿੰਦਾ ਹੈ। ਅਗਸਤ 2023 ਵਿੱਚ ਭਾਰਤੀ ਪੁਲਾੜ ਖੋਜ ਸੰਸਥਾਚੰਦਰਯਾਨ-3 ਨੂੰ ਚੰਦਰਮਾ 'ਤੇ ਉਤਾਰਿਆ। ਪਰ ਦੇਸ਼ ਨੇ ਅਜੇ ਤੱਕ ਅਜਿਹੀ ਤਕਨੀਕ ਵਿਕਸਿਤ ਅਤੇ ਤੈਨਾਤ ਕਰਨੀ ਹੈ ਜੋ ਹੱਥੀਂ ਸਫ਼ੈਦ ਕਰਨ ਵਾਲਿਆਂ ਜਾਂ ਮੁਸਾਫਰਾਂ ਦੀਆਂ ਮੌਤਾਂ ਨੂੰ ਮੁੰਬਈ ਵਿੱਚ ਲੋਕਲ ਟ੍ਰੇਨਾਂ ਵਿੱਚ ਡਿੱਗਣ ਤੋਂ ਰੋਕਦੀ ਹੈ। ਭਾਵੇਂ ਪੁਲਾੜ ਪ੍ਰੋਗਰਾਮ ਵਿੱਚ ਸਫ਼ਲਤਾਵਾਂ ਹੋਈਆਂ ਹਨ, ਇਹ ਮੰਨਣ ਦੀ ਲੋੜ ਹੈ ਕਿ ਆਦਿਵਾਸੀਆਂ, ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਸ਼ਹਿਰੀ ਯਾਤਰੀਆਂ ਦੀਆਂ ਚਿੰਤਾਵਾਂ ਉਚਿਤ ਕਾਢਾਂ ਦੀ ਉਡੀਕ ਕਰ ਰਹੀਆਂ ਹਨ। ਕਰੀਅਰ ਦੀਆਂ ਸੰਭਾਵਨਾਵਾਂ ਪ੍ਰਤਿਭਾ ਦੀ ਆਮਦ ਅਤੇ ਨਵੀਨਤਾ ਅਤੇ ਉੱਦਮਤਾ ਦੀ ਗਤੀ ਨੂੰ ਪ੍ਰਭਾਵਿਤ ਕਰਨ ਵਿੱਚ ਵੀ ਇੱਕ ਮਹੱਤਵਪੂਰਣ ਭੂਮਿਕਾ ਨਿਭਾ ਸਕਦੀਆਂ ਹਨ। ਉਹ ਖੇਤਰ ਜੋ ਵਿਗਿਆਨੀ ਅਤੇ ਇੰਜੀਨੀਅਰ ਖੋਜ ਕਰਨ ਲਈ ਚੁਣਦੇ ਹਨ ਜਾਂ ਇੰਜੀਨੀਅਰਿੰਗ ਦੀ ਸ਼ਾਖਾ ਜੋ ਇੱਕ ਵਿਦਿਆਰਥੀ ਅੰਡਰਗ੍ਰੈਜੁਏਟ ਪੱਧਰ 'ਤੇ ਚੁਣਦਾ ਹੈ ਇੱਕ ਵਿਅਕਤੀਗਤ ਚੋਣ ਜਾਪਦਾ ਹੈ। ਪਰ ਇਹ ਚੋਣ ਸਮਾਜਿਕ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ। ਇਸ ਲਈ ਜਾਤ, ਵਰਗ ਅਤੇ ਅਸਮਾਨਤਾ ਵਰਗੇ ਸਮਾਜਿਕ ਵਰਤਾਰਿਆਂ ਦੇ ਨਾਲ-ਨਾਲ ਨਵੀਨਤਾ ਅਤੇ ਤਕਨੀਕੀ ਵਿਕਾਸ ਅਤੇ ਤਾਇਨਾਤੀ ਦੀ ਪ੍ਰਕਿਰਿਆ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ। ਸਮਾਜਿਕ ਵਿਗਿਆਨ ਨੂੰ ਸਮਝਣਾ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਆਪਣੇ ਆਲੇ ਦੁਆਲੇ ਦੇ ਵਿਗਿਆਨਕ ਅਤੇ ਤਕਨੀਕੀ ਸੰਸਾਰ 'ਤੇ ਆਲੋਚਨਾਤਮਕ ਤੌਰ 'ਤੇ ਪ੍ਰਤੀਬਿੰਬਤ ਕਰਨ ਅਤੇ ਇਸ ਪ੍ਰਕਿਰਿਆ ਵਿੱਚ ਉਹਨਾਂ ਦੀਆਂ ਆਪਣੀਆਂ ਭੂਮਿਕਾਵਾਂ ਅਤੇ ਕਾਰਵਾਈਆਂ ਸਮੇਤ, ਤਕਨੀਕੀ ਵਿਕਾਸ ਦੀ ਇਸ ਪ੍ਰਕਿਰਿਆ ਦੀ ਜਾਂਚ ਕਰਨ ਲਈ ਹੁਨਰਾਂ ਨਾਲ ਲੈਸ ਕਰੇਗਾ।

# ਦਾਖਲਾ ਪ੍ਰੀਖਿਆਵਾਂ ਲਈ ਆਪਣੀ ਤਿਆਰੀ ਕਿਵੇਂ ਸ਼ੁਰੂ ਕਰੀਏ?

ਠੀਕ ਹੀ ਕਿਹਾ ਜਾਂਦਾ ਹੈ, 'ਹਜ਼ਾਰ ਮੀਲ ਦਾ ਸਫ਼ਰ ਇੱਕ ਕਦਮ ਨਾਲ ਸ਼ੁਰੂ ਹੁੰਦਾ ਹੈ। ਪਰ ਕੀ ਇਸ ਯਾਤਰਾ ਦੀ ਸਫਲਤਾ ਨੂੰ ਨਿਰਧਾਰਤ ਕਰਦਾ ਹੈ ਕਿ ਤੁਸੀਂ ਪਹਿਲਾ ਕਦਮ ਕਿੰਨੀ ਚੰਗੀ ਤਰ੍ਹਾਂ ਚੁੱਕਦੇ ਹੋ। ਇਸ ਲਈ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਪ੍ਰਵੇਸ਼ ਪ੍ਰੀਖਿਆਵਾਂ ਲਈ ਆਪਣੀ ਤਿਆਰੀ ਮਜ਼ਬੂਤ ਨੋਟ 'ਤੇ ਸ਼ੁਰੂ ਕਰੋ। ਹੇਠਾਂ ਕੁਝ ਪ੍ਰਭਾਵੀ ਤਰੀਕੇ ਦਿੱਤੇ ਗਏ ਹਨ ਜੋ ਤੁਹਾਨੂੰ ਆਉਣ ਵਾਲੇ ਟੈਸਟ ਲਈ ਚੰਗੀ ਤਰ੍ਹਾਂ ਤਿਆਰ ਕਰਨ ਅਤੇ ਤੁਹਾਡੀ ਯੋਗਤਾ ਅਨੁਸਾਰ ਵਧੀਆ ਪ੍ਰਦਰਸ਼ਨ ਕਰਨ ਵਿੱਚ ਮਦਦ ਕਰ ਸਕਦੇ ਹਨ।

1. ਇਮਤਿਹਾਨ ਨੂੰ ਜਾਣੋ ਨੀਟ, ਜੇਈਈ, ਆਦਿ ਵਰਗੇ ਸਖ਼ਤ ਨਟਸ ਨੂੰ ਤੋੜਨ ਦੇ ਯੋਗ ਹੋਣ ਲਈ ਤੁਹਾਨੂੰ ਪ੍ਰੀਖਿਆ ਦੇ ਅੰਦਰ ਅਤੇ ਬਾਹਰ ਜਾਣਨਾ ਚਾਹੀਦਾ ਹੈ। ਪ੍ਰੀਖਿਆ, ਪ੍ਰਸ਼ਨ ਪੱਤਰ ਪੈਟਰਨ, ਸਿਲੇਬਸ, ਮੁਸ਼ਕਲ ਪੱਧਰ, ਆਦਿ ਨੂੰ ਸਮਝਣਾ ਤੁਹਾਨੂੰ ਚੰਗੀ ਸਥਿਤੀ ਵਿੱਚ ਖੜ੍ਹਾ ਕਰ ਸਕਦਾ ਹੈ।

ਇਹ ਤੁਹਾਨੂੰ ਨਾ ਸਿਰਫ਼ ਅੰਤਮ ਪ੍ਰੀਖਿਆ ਲਈ ਤਿਆਰ ਕਰੇਗਾ ਸਗੋਂ ਇਮਤਿਹਾਨ ਨੂੰ ਚੰਗੀ ਤਰ੍ਹਾਂ ਸੰਭਾਲਣ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗਾ।

2. ਸਮਾਂ ਪ੍ਰਬੰਧਨ ਕੁੰਜੀ ਹੈ ਠੀਕ ਕਿਹਾ ਜਾਂਦਾ ਹੈ ਕਿ ਸਮਾਂ ਅਤੇ ਲਹਿਰ ਕਿਸੇ ਦੀ ਉਡੀਕ ਨਹੀਂ ਕਰਦੀ। ਜੋ ਸਮੇਂ ਦੀ ਕੀਮਤ ਨੂੰ ਸਮਝਦੇ ਹਨ, ਉਹ ਭੀੜ ਤੋਂ ਵੱਖ ਹੋ ਜਾਂਦੇ ਹਨ। ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਤੁਹਾਡੀ ਉਤਪਾਦਕਤਾ ਨੂੰ ਵਧਾਉਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ। ਇਹ ਕੰਮਾਂ ਨੂੰ ਘੱਟ ਮੁਸ਼ਕਲ ਲੱਗਣ ਅਤੇ ਤੁਹਾਨੂੰ ਵਿਵਸਥਿਤ ਰੱਖਣ ਵਿੱਚ ਮਦਦ ਕਰਦਾ ਹੈ। ਆਪਣੇ ਸਮੇਂ ਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਨਾ ਸਵੈ-ਵਿਸ਼ਵਾਸ ਨੂੰ ਵਧਾਉਂਦਾ ਹੈ, ਤਰਜੀਹਾਂ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ ਅਤੇ ਤਣਾਅ ਦੇ ਪੱਧਰਾਂ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ, ਇਹ ਉਪਲਬਧ ਸਮੇਂ ਦੀ ਵਧੀਆ ਵਰਤੋਂ ਕਰਨ ਵਿੱਚ ਵੀ ਮਦਦ ਕਰਦਾ ਹੈ, ਜਿਸ ਨਾਲ ਮਨੋਰੰਜਨ ਦੀਆਂ ਗਤੀਵਿਧੀਆਂ ਲਈ ਸਮਾਂ ਬਚਦਾ ਹੈ।

3. ਧਾਰਨਾਵਾਂ ਨੂੰ ਸਮਝੋ ਇਮਤਿਹਾਨ ਨੂੰ ਹਾਸਲ ਕਰਨ ਲਈ ਵਿਸ਼ੇ ਦੀ ਚੰਗੀ ਕਮਾਂਡ ਜ਼ਰੂਰੀ ਹੈ। ਤੁਹਾਨੂੰ ਵਿਸ਼ੇ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ ਅਤੇ ਸਿਧਾਂਤਕ ਪਹਿਲੂਆਂ ਨਾਲ ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਤੁਹਾਨੂੰ ਸੰਕਲਪਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਧਾਰਨਾਤਮਕ ਸਪਸ਼ਟਤਾ ਚੀਜ਼ਾਂ ਨੂੰ ਆਸਾਨੀ ਨਾਲ ਸਿੱਖਣ ਅਤੇ ਜਾਣਕਾਰੀ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਵਿੱਚ ਮਦਦ ਕਰਦੀ ਹੈ। ਇਹ ਠੀਕ ਕਿਹਾ ਗਿਆ ਹੈ, ਜੇਕਰ ਤੁਹਾਡੀਆਂ ਬੁਨਿਆਦੀ ਗੱਲਾਂ ਅਤੇ ਧਾਰਨਾਵਾਂ ਸਪਸ਼ਟ ਹਨ ਤਾਂ ਦੌੜ ਅੱਧੀ ਜਿੱਤੀ ਜਾਂਦੀ ਹੈ। ਇਸ ਲਈ, ਸੰਕਲਪਾਂ ਨੂੰ ਸਿੱਖਣ ਤੋਂ ਪਹਿਲਾਂ ਉਹਨਾਂ ਨੂੰ ਸਮਝਣ ਦੀ ਸਲਾਹ ਦਿੱਤੀ ਜਾਂਦੀ ਹੈ।

4. ਨੋਟ ਲੈਣ ਦੀ ਆਦਤ ਪਾਓ ਜ਼ਰੂਰੀ ਆਦਤਾਂ ਵਿੱਚੋਂ ਇੱਕ ਜੋ ਤੁਹਾਨੂੰ ਪਹਿਲੇ ਦਿਨ ਤੋਂ ਪੈਦਾ ਕਰਨ ਦੀ ਲੋੜ ਹੈ, ਉਹ ਹੈ ਨੋਟ ਲੈਣਾ। ਇਹ ਨਾ ਸਿਰਫ਼ ਤੁਹਾਨੂੰ ਆਪਣੇ ਲੈਕਚਰ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਸਮਝਣ ਵਿੱਚ ਮਦਦ ਕਰੇਗਾ, ਸਗੋਂ ਕਲਾਸ ਦੇ ਦੌਰਾਨ ਤੁਹਾਡੇ ਦਿਮਾਗ ਨੂੰ ਸੁਚੇਤ ਅਤੇ ਧਿਆਨ ਨਾਲ ਵੀ ਰੱਖੇਗਾ। ਨੋਟ-ਕਥਨ ਨਿਸ਼ਚਤ ਤੌਰ 'ਤੇ ਤੁਹਾਡੇ ਮਨ ਨੂੰ ਰੁਝੇ ਰੱਖਣ ਦੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ।

ਇਸ ਤੋਂ ਇਲਾਵਾ, ਆਪਣੀ ਸਿਖਲਾਈ ਨੂੰ ਵਾਧੂ ਹੁਲਾਰਾ ਦੇਣ ਲਈ ਅਧਿਐਨ ਕਰਦੇ ਸਮੇਂ ਆਪਣੇ ਖੁਦ ਦੇ ਨੋਟ ਬਣਾਓ। ਇਮਤਿਹਾਨ ਤੋਂ ਪਹਿਲਾਂ ਦੇ ਮਹੱਤਵਪੂਰਨ ਸਮੇਂ ਦੌਰਾਨ ਉਹ ਬਹੁਤ ਮਦਦਗਾਰ ਹੋ ਸਕਦੇ ਹਨ। ਤੁਹਾਡੇ ਨੋਟਸ 'ਤੇ ਸਿਰਫ਼ ਇੱਕ ਨਜ਼ਰ ਤੁਹਾਨੂੰ ਜੋ ਕੁਝ ਵੀ ਸਿੱਖਿਆ ਹੈ ਉਸ ਨੂੰ ਯਾਦ ਕਰਨ ਵਿੱਚ ਮਦਦ ਕਰੇਗੀ।

5. ਹਰ ਰੋਜ਼ ਅਧਿਐਨ ਕਰੋ ਥੋੜ੍ਹੇ ਸਮੇਂ ਦੇ ਟੀਚੇ ਤੈਅ ਕਰਕੇ ਹਰ ਰੋਜ਼ ਅਧਿਐਨ ਕਰਨਾ ਨਾ ਸਿਰਫ਼ ਤੁਹਾਨੂੰ ਆਪਣੇ ਪਾਠਾਂ ਨਾਲ ਤਾਲਮੇਲ ਰੱਖਣ ਵਿੱਚ ਮਦਦ ਕਰਦਾ ਹੈ, ਸਗੋਂ ਤੁਹਾਨੂੰ ਵਿਵਸਥਿਤ ਵੀ ਰੱਖਦਾ ਹੈ। ਇਹ ਤੁਹਾਡੀਆਂ ਕੋਸ਼ਿਸ਼ਾਂ ਨੂੰ ਹੋਰ ਘਟਾਉਂਦਾ ਹੈ ਅਤੇ ਤੁਸੀਂ ਪ੍ਰੀਖਿਆਵਾਂ ਦੌਰਾਨ ਦਬਾਅ ਮਹਿਸੂਸ ਨਹੀਂ ਕਰੋਗੇ। ਦੂਜੇ ਪਾਸੇ, ਤੁਹਾਡੀ ਸਿੱਖਣ ਵਿੱਚ ਵਿਰਾਮ ਸਿਰਫ ਤੁਹਾਡੇ ਬੋਝ ਨੂੰ ਵਧਾਉਂਦਾ ਹੈ। ਇਸ ਲਈ, ਆਪਣੇ ਕੰਮਾਂ ਨੂੰ ਜੋੜ ਨਾ ਕਰੋ ਕਿਉਂਕਿ ਇਹ ਕੁਸ਼ਲਤਾ ਨੂੰ ਘਟਾਉਂਦਾ ਹੈ ਅਤੇ ਦਬਾਅ ਵਧਾਉਂਦਾ ਹੈ। ਇਸ ਦੀ ਬਜਾਏ, ਜੋ ਵੀ ਕਲਾਸ ਵਿੱਚ ਪੜ੍ਹਾਇਆ ਜਾਂਦਾ ਹੈ, ਸਿੱਖਣ ਦੀ ਤੀਬਰਤਾ ਨੂੰ ਬਿਹਤਰ ਬਣਾਉਣ ਲਈ ਘਰ ਵਿੱਚ ਇਸਦੀ ਪਾਲਣਾ ਕਰੋ।

6. ਆਪਣੀਆਂ ਕਮਜ਼ੋਰੀਆਂ ਨੂੰ ਜਾਣੋ ਸ਼ੁਰੂ ਵਿੱਚ ਹੀ ਆਪਣੀਆਂ ਕਮਜ਼ੋਰੀਆਂ ਦੀ ਪਛਾਣ ਕਰਨਾ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰ ਸਕਦਾ ਹੈ ਕਿ ਤੁਸੀਂ ਕਿੱਥੇ ਖੜ੍ਹੇ ਹੋ, ਤੁਹਾਡੀਆਂ ਕਾਬਲੀਅਤਾਂ ਕੀ ਹਨ, ਅਤੇ ਸਿਖਰ ਤੱਕ ਪਹੁੰਚਣ ਲਈ ਤੁਹਾਨੂੰ ਕਿੰਨੀ ਮਿਹਨਤ ਕਰਨ ਦੀ ਲੋੜ ਹੈ। ਤੁਹਾਡੀਆਂ ਕਮਜ਼ੋਰੀਆਂ ਨਾ ਤਾਂ ਤੁਹਾਡੀ ਪਤਨ ਹੈ ਅਤੇ ਨਾ ਹੀ ਕੋਈ ਅਜਿਹੀ ਚੀਜ਼ ਹੈ ਜਿਸਦੀ ਤੁਹਾਨੂੰ ਘਾਟ ਹੈ, ਪਰ ਤੁਹਾਨੂੰ ਵਿਕਾਸ ਅਤੇ ਬਣਾਉਣ ਦੀ ਲੋੜ ਹੈ। ਤੁਹਾਡੀਆਂ ਕਮੀਆਂ ਨੂੰ ਜਾਣਨਾ ਤੁਹਾਨੂੰ ਉਨ੍ਹਾਂ 'ਤੇ ਕੰਮ ਕਰਨ ਅਤੇ ਤੁਹਾਡੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਦਾ ਮੌਕਾ ਦਿੰਦਾ ਹੈ।

7. ਕਦੇ ਵੀ ਹਾਰ ਨਾ ਮੰਨੋ ਇਹ ਸੱਚ ਹੈ ਕਿ ਜ਼ਿੰਦਗੀ ਤੁਹਾਡੇ 'ਤੇ ਬਹੁਤ ਸਾਰੀਆਂ ਚੁਣੌਤੀਆਂ ਸੁੱਟਦੀ ਹੈ। ਪਰ ਜੇਕਰ ਤੁਸੀਂ ਸਹਿਣਾ ਸਿੱਖ ਲੈਂਦੇ ਹੋ, ਤਾਂ ਕੋਈ ਵੀ ਸਮੱਸਿਆ ਜਾਂ ਸਥਿਤੀ ਇੰਨੀ ਵੱਡੀ ਨਹੀਂ ਹੁੰਦੀ ਕਿ ਤੁਸੀਂ ਆਪਣੇ 'ਤੇ ਵਿਸ਼ਵਾਸ ਗੁਆ ਬੈਠਦੇ ਹੋਯੋਗਤਾਵਾਂ ਅਤੇ ਹਾਰ ਮੰਨਣ ਬਾਰੇ ਸੋਚੋ।

ਨਾਲ ਹੀ, ਤੁਹਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਸੰਘਰਸ਼ ਦੇ ਅੰਦਰ ਸਫਲਤਾ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਤੁਹਾਨੂੰ ਆਪਣੇ ਆਪ ਨੂੰ ਧੱਕਦੇ ਰਹਿਣਾ ਚਾਹੀਦਾ ਹੈ ਅਤੇ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤੱਕ ਤੁਸੀਂ ਸਫਲ ਨਹੀਂ ਹੋ ਜਾਂਦੇ। ਕਿਸੇ ਵੀ ਸਥਿਤੀ ਵਿੱਚ ਤੁਹਾਨੂੰ ਕਦੇ ਵੀ ਛੱਡਣ ਬਾਰੇ ਨਹੀਂ ਸੋਚਣਾ ਚਾਹੀਦਾ। ਹਰ ਮੁਸ਼ਕਲ ਨੂੰ ਇੱਕ ਮੌਕੇ ਦੇ ਰੂਪ ਵਿੱਚ ਲੈਣਾ ਸਿੱਖੋ ਅਤੇ ਹਮੇਸ਼ਾ ਯਾਦ ਰੱਖੋ ਕਿ ਜੇਕਰ ਤੁਹਾਡੇ ਵਿੱਚ ਹਿੰਮਤ ਅਤੇ ਇੱਛਾ ਸ਼ਕਤੀ ਹੈ ਤਾਂ ਕੁਝ ਵੀ ਅਸੰਭਵ ਨਹੀਂ ਹੈ।

## ਪੁਸਤਕ ਸਮੀਖਿਆ

**ਕੁਟੀਆ ਅਗੰਮ ਸਾਹਿਬ**
**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਬੱਗਾ ਸਿੰਘ ਆਰਟਿਸਟ**
**ਪ੍ਰਕਾਸ਼ਕ: ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ), ਪੰਨੇ: 302, ਮੁੱਲ: 295 /-**

ਕੌਮੀ ਪੁਰਸਕਾਰ ਜੇਤੂ ਅਧਿਆਪਕ ਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੇ ਸਾਥੀ ਰਹੇ ਬੱਗਾ ਸਿੰਘ ਆਰਟਿਸਟ ਹੋਰਾਂ ਆਪਣੇ ਜੀਵਨ ਕਾਲ ਵਿੱਚ ਸਾਹਿਤ ਕਲਾ ਸੱਭਿਆਚਾਰ ਆਦਿ ਖੇਤਰਾਂ ਵਿੱਚ ਸ਼ਾਨਦਾਰ ਪੈੜਾਂ ਪਾਈਆਂ ਹਨ। ਸਰਦਾਰ ਸੋਭਾ ਸਿੰਘ ਤੋਂ ਚਿੱਤਰਕਾਰੀ ਦੇ ਗੁਰ ਸਿੱਖਕੇ ਬਹੁਤ ਸ਼ਾਨਦਾਰ ਕਿਰਤਾਂ ਦੀ ਸਿਰਜਣਾ ਕੀਤੀ। ਇਸੇ ਤਰ੍ਹਾਂ ਸਾਹਿਤਕ ਕਾਰਜਾਂ ਵਿੱਚ ਵੀ ਸੈਲਾਨੀ ਹੋਰਾਂ ਨਾਲ ਹੱਥ ਵਟਾਉਂਦੇ ਰਹੇ ਹਨ। ਜੀਵਨ ਦੇ ਅੱਠਵੇਂ ਦਹਾਕੇ ਵਿੱਚ ਪੁੱਜਕੇ ਉਹਨਾਂ ਆਪਣੀ ਧਾਰਮਿਕ ਬਿਰਤੀ ਅਨੁਸਾਰ ਸੰਤ ਬਿਸ਼ਨ ਸਿੰਘ ਜੀ ਦੇ ਤਪ ਅਸਥਾਨ ਬਾਰੇ 'ਕੁਟੀਆ ਅਗੰਮ ਸਾਹਿਬ' (ਪਿੰਡ ਗੋਂਦਪੁਰ ਜ਼ਿਲ੍ਹਾ ਹੁਸ਼ਿਆਰਪੁਰ ) ਨਾਮੀ ਪੁਸਤਕ ਤਿਆਰ ਕੀਤੀ ਹੈ। ਇਸ ਪੁਸਤਕ ਦਾ ਪਾਠ ਕਰਦਿਆਂ ਜਿੱਥੇ ਦੇਸ਼ ਦੁਨੀਆਂ ਦੇ ਦਰਸ਼ਨ ਹੁੰਦੇ ਹਨ ਉੱਥੇ ਧਰਮ ਕਰਮ ਦਾ ਵੀ ਗਹਿਰਾ ਗਿਆਨ ਮਿਲਦਾ ਹੈ।

ਇਸ ਪੁਸਤਕ ਵਿੱਚ 'ਕੁਟੀਆ ਅਗੰਮ ਸਾਹਿਬ' ਨਾਲ ਸੰਬੰਧਿਤ ਸੰਤ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਅਤੇ ਸੇਵਾਦਾਰਾਂ ਦੇ ਕਾਰਜਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਦੁਆਬੇ ਦੇ ਮਾਹਿਲਪੁਰ ਨੇੜਲੇ ਪਿੰਡ ਗੋਂਦਪੁਰ ਵਿੱਚ ਸਥਿਤ ਕੁਟੀਆ ਅਗੰਮ ਸਾਹਿਬ ਦੇ ਨਿਰਮਾਣ ਕਾਲ ਤੋਂ ਆਰੰਭ ਹੋ ਕੇ ਅੱਜ ਤੱਕ ਦੇ ਕਾਰਜਾਂ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸੰਤ ਬਿਸ਼ਨ ਸਿੰਘ, ਸੰਤ ਸੇਵਾ ਦਾਸ, ਬਾਬਾ ਸਵਰਨ ਸਿੰਘ ਜੀ, ਮਿਸਤਰੀ ਕਰਮ ਸਿੰਘ, ਸੁਖਵਿੰਦਰ ਸਿੰਘ ਬੰਟੀ ਸਮੇਤ ਪਿੰਡ ਨੰਗਲ ਕਲਾਂ ਦੀਆਂ ਇਤਿਹਾਸਿਕ ਪ੍ਰਾਪਤੀਆਂ ਵੀ ਦਰਜ ਕੀਤੀਆਂ ਹਨ। ਇਥੋਂ ਦੇ ਉੱਘੇ ਸੰਗੀਤਕਾਰ ਪ੍ਰੋਫੈਸਰ ਦਰਸ਼ਨ ਸਿੰਘ ਕੋਮਲ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ।

ਜਦੋਂ ਇਸ ਪੁਸਤਕ ਨੂੰ ਧਾਰਮਿਕ ਨਜ਼ਰੀਏ ਤੋਂ ਵਿਚਾਰਦੇ ਹਾਂ ਤਾਂ ਇਹ ਇੱਕ ਪੋਥੀ ਦਾ ਰੂਪ ਧਾਰ ਜਾਂਦੀ ਹੈ। ਗੁਰੂ ਸਾਹਿਬਾਨ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਸਰਲ ਅਤੇ ਸਪਸ਼ਟ ਭਾਸ਼ਾ ਵਿੱਚ ਪੇਸ਼ ਕੀਤਾ ਗਿਆ ਹੈ। ਮਹਾਂਪੁਰਸ਼ਾਂ ਦੁਆਰਾ ਸਮੇਂ ਸਮੇਂ ਤੇ ਪੇਸ਼ ਕੀਤੇ ਵਿਚਾਰ ਵੀ ਪੁਸਤਕ ਵਿੱਚ ਸ਼ਾਮਿਲ ਹਨ। ਉਹ ਵਿਚਾਰ ਸਾਡੇ ਧਾਰਮਿਕ ਨਜ਼ਰੀਏ ਨੂੰ ਸਾਫ਼ ਤੇ ਸਪੱਸ਼ਟ ਕਰਦੇ ਹਨ। ਕਿਰਤ ਦੀ ਕਦਰ, ਕੁਦਰਤ ਦਾ ਆਦਰ ਅਤੇ ਉਚੇਰੀਆਂ ਨੈਤਿਕ ਕਦਰਾਂ ਕੀਮਤਾਂ ਦਾ ਗੁਣਗਾਨ ਕੀਤਾ ਗਿਆ ਹੈ। ਇਹ ਪੁਸਤਕ ਲਗਭਗ ਸੌ ਸਾਲ ਦੇ ਧਾਰਮਿਕ ਰਾਜਨੀਤਿਕ ਸੱਭਿਆਚਾਰਕ ਅਤੇ ਕਲਾਤਮਿਕ ਵਿਕਾਸ ਦੇ ਦਰਸ਼ਨ ਵੀ ਕਰਵਾਉਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਨੂੰ ਵੱਖ ਵੱਖ ਵਿਦਵਾਨਾਂ ਦੁਆਰਾ ਦਿੱਤੇ ਵਿਚਾਰਾਂ ਨਾਲ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਲੇਖਕ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਪੰਜ ਸਾਲ ਦਿਨ ਰਾਤ ਮਿਹਨਤ ਕੀਤੀ।ਪੁਸਤਕ ਦੇ ਪਾਠ ਨਾਲ ਹਰ ਵਰਗ ਦੇ ਪਾਠਕ ਧਾਰਮਿਕ ,ਸਮਾਜਿਕ, ਸਾਹਿਤਿਕ, ਸੱਭਿਆਚਾਰਕ ਅਤੇ ਕਲਾਤਮਕ ਜੀਵਨ ਦੀਆਂ ਝਲਕਾਂ ਦੇ ਆਨੰਦ ਮਾਣਦੇ ਹਨ। ਪੁਸਤਕ ਵਿਚ ਦਰਜ ਪ੍ਰੇਰਨਾਦਾਇਕ ਵਿਚਾਰ ਸਾਡੇ ਜੀਵਨ ਸ਼ੈਲੀ ਨੂੰ ਬਦਲਣ ਵਾਲੇ ਹਨ। ਤਿੰਨ ਭਾਗਾਂ ਵਿੱਚ ਵੰਡੀ ਪੁਸਤਕ ਦੇ 70 ਅਧਿਆਏ ਮਨੁੱਖੀ ਮਨ ਦੇ ਬੰਦ ਦਿਲ ਦਰਵਾਜ਼ਿਆਂ ਨੂੰ ਖੋਲ੍ਹਦੇ ਹਨ। ਇਹ ਪੁਸਤਕ ਸਾਡੀ ਸੋਚਣ ਦੇ ਨਜ਼ਰੀਏ ਨੂੰ ਵਿਸ਼ਾਲ ਕਰਦੀ ਹੋਈ ਮਾਨਵੀ ਕਦਰਾਂ ਦੀ ਪਹਿਰੇਦਾਰੀ ਕਰਦੀ ਹੈ।

ਅੰਤਲੇ ਪੰਨਿਆਂ ਤੇ ਦਾਨੀ ਸੱਜਣਾਂ ਦਾ ਧੰਨਵਾਦ ਅਤੇ ਉਹਨਾਂ ਦੀ ਸੂਚੀ ਵੀ ਪ੍ਰਕਾਸ਼ਿਤ ਕੀਤੀ ਗਈ ਹੈ।ਇਸ ਪੁਸਤਕ ਨੂੰ ਬੱਗਾ ਸਿੰਘ ਚਿੱਤਰਕਾਰ ਦੀ ਸਵੈਜੀਵਨੀ ਨਾਲ ਵੀ ਜੋੜਿਆ ਜਾ ਸਕਦਾ ਹੈ। ਉਹਨਾਂ ਆਪਣੇ ਬਚਪਨ ਅਤੇ ਪਰਿਵਾਰ ਦੀਆਂ ਸੰਤ ਬਿਸ਼ਨ ਸਿੰਘ ਜੀ ਨਾਲ ਸਬੰਧਤ ਘਟਨਾਵਾਂ ਦਾ ਜ਼ਿਕਰ ਵੀ ਬਾਖੂਬੀ ਕੀਤਾ ਹੈ। ਪੁਸਤਕ ਪਾਠਕਾਂ ਅੰਦਰ ਸ਼ਰਧਾ ਸਤਿਕਾਰ ਅਤੇ ਕਾਦਰ ਦੀ ਕੁਦਰਤ ਨਾਲ ਮਿਲ ਕੇ ਪਰਮਾਰਥ ਅਤੇ ਸਵਾਰਥ ਸੰਵਾਰਨ ਦਾ ਸੰਦੇਸ਼ ਦਿੰਦੀ ਹੈ।



# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

### ਮਨੂ ਸਿੰਘ ਕਰ ਰਹੀ ਪੰਜਾਬੀ ਫ਼ਿਲਮਾਂ

ਮੁੰਬਈ ਵੀ ਮਨੂ ਸਿੰਘ ਦੀ ਟੀਵੀ ਤੇ ਫ਼ਿਲਮਾਂ ਵਿੱਚ ਚੰਗੀ ਥਾਂ ਹੈ ਤੇ ਓਹ 'ਆਸਰਾ' 'ਹੰਕਾਰ' 'ਵਾਰਿਸ' ਤੇ ''ਵੱਡਾ ਕਲਾਕਾਰ' ਫ਼ਿਲਮਾਂ ਕਰ ਚੁੱਕੀ ਹੈ। 'ਰੋਜ ਰੋਜ਼ੀ ਤੇ ਗੁਲਾਬ' ਓਸ



ਦੀ ਤਾਜ਼ਾ ਫ਼ਿਲਮ ਹੈ। ਅਜੇ ਵੀ ਚੁਲਬੁਲੀ ਪਿਆਰੀ ਮਨੂ ਸਿੰਘ ਨੇ 'ਲਵ ਸ਼ਵ ਪਿਆਰ ਵਿਆਰ' ਤੇ 'ਰਾਏਬਰੇਲੀ' ਫ਼ਿਲਮਾਂ ਕੀਤੀਆਂ ਹਨ। ਗੱਲ ਕੀ ਰੰਗਮੰਚ, ਟੀਵੀ ਤੇ ਹਿੰਦੀ ਪੰਜਾਬੀ ਫ਼ਿਲਮਾਂ ਦੀ ਇਹ ਅਭਿਨੇਤਰੀ ਹੁਣ ਤੇਜ਼ੀ ਨਾਲ ਪਾਲੀਵੁੱਡ ਵਿੱਚ ਛਾ ਜਾਣ ਲਈ ਤਿਆਰ ਹੈ। 'ਸ਼ਿੰਦਾ ਤੇ ਰਾਣੋ' ਓਸ ਦੀ ਆ ਰਹੀ ਫ਼ਿਲਮ ਹੈ। 'ਮਿਮੀ' ਜਿਹੀ ਫ਼ਿਲਮ ਕਰਨ ਵਾਲੀ ਮਨੂ ਸਿੰਘ ਇਸ ਸਾਲ ਪਾਲੀਵੁੱਡ ਦੀ ਸਟਾਰ ਬਣੇ ਓਸ ਦੇ ਚਹੇਤੇ ਇਹੀ ਚਾਹੁੰਦੇ ਹਨ।

### ਕੰਵਲਜੀਤ ਮਾਨਾਂਵਾਲਾ ਦੀ ਨਜ਼ਰ ਕਲਾਕਾਰ

ਅੰਤਰ ਰਾਸ਼ਟਰੀ ਪੱਧਰ ਦੇ ਟੀਵੀ ਐਂਕਰ ਤੇ ਹੁਣ ਕਈ ਪੰਜਾਬੀ ਚੈਨਲਾਂ ਦੇ ਸੀਈਓ ਕੰਵਲਜੀਤ ਮਾਨਾਂਵਾਲਾ ਦੀ ਇੱਜ਼ਤ ਸਾਰੇ ਕਲਾਕਾਰ ਕਰਦੇ ਹਨ ਤੇ ਓਹ ਵੀ ਹਰੇਕ ਨੂੰ ਆਪਣੀ ਆਪਣੀ ਥਾਂ ਵਧੀਆ ਸਮਝਦੇ ਹਨ। ਸੁਰਿੰਦਰ ਲਾਡੀ, ਬਲਜਿੰਦਰ ਰਿੰਪੀ, ਧਿਰਾ ਗਿੱਲ ਤੇ ਸ਼ੇਰਾ ਬੋਹੜ ਵਾਲੀਆ ਦਾ ਤਾਂ ਕੈਰੀਅਰ ਸੰਵਾਰਨ ਵਿੱਚ ਓਹਨਾਂ ਦਾ ਖਾਸ ਯੋਗਦਾਨ ਹੈ। ਫ਼ਿਲਮ ਲੇਖਕ ਤੇ ਕਮੇਡੀਅਨ ਦੀਦਾਰ ਗਿੱਲ ਨੂੰ ਓਹ ਭਵਿੱਖ ਦਾ ਕਪਿਲ ਸ਼ਰਮਾ ਆਖਦੇ ਹਨ।

ਮਾਨਾਂਵਾਲਾ ਹੁਣ ਸ਼ੰਮੀ ਖਾਂ, ਅਜੇ ਸਿੰਘ, ਗੁਰਜਿੰਦਰ ਭਿੰਡਰ, ਦਿਲਪ੍ਰੀਤ ਨੂੰ ਉਤਸ਼ਾਹਿਤ ਕਰ ਰਹੇ ਹਨ। ਖੁਦ ਇੱਕ ਫ਼ਿਲਮ ਤੇ ਕੰਮ ਕਰ ਰਹੇ ਕੰਵਲਜੀਤ ਮਾਨਾਂਵਾਲਾ



ਦੀ ਸੋਚ ਪੰਜਾਬੀ ਭਾਸ਼ਾ ਨੂੰ ਪੰਜਾਬੀ ਟੀਵੀ ਚੈਨਲਾਂ ਤੇ ਖ਼ੂਬ ਉਤਸ਼ਾਹਿਤ ਕਰਨ ਦੀ ਹੈ ਤੇ ਓਹ ਕਈ ਫ਼ਿਲਮਜ਼ ਵਿੱਚ ਅਭਿਨੈ ਵੀ ਕਰ ਚੁੱਕੇ ਹਨ।

### ਆਸ਼ਾ ਸ਼ਰਮਾ ਮਲਕਾ ਹੈ ਸਟੇਜ ਦੀ, ਲਫ਼ਜ਼ਾਂ ਦੀ ਜਾਦੂਗਰਨੀ

ਗੁਰਦਾਸ ਮਾਨ ਤੋਂ ਰਣਜੀਤ ਬਾਵਾ, ਸਤਵਿੰਦਰ ਬਿੱਟੀ ਤੋਂ ਕੌਰ ਬੀ ਤੇ ਹਰਭਜਨ ਮਾਨ ਤੋਂ ਵੀਤ ਬਲਜੀਤ ਸਭ ਆਸ਼ਾ ਸ਼ਰਮਾ ਦੁਆਰਾ ਸਟੇਜ ਤੇ ਪੇਸ਼ ਹੋਣਾ ਮਾਣ ਸਮਝਦੇ ਹਨ। ਬਰਨਾਲਾ ਤੋਂ ਚਲ ਕਿ ਮੇਲੇ ਲਾਉਂਦੀ ਆਪਣੀ ਸਟੇਜ



ਪੇਸ਼ਕਾਰੀ ਨਾਲ ਮਨ ਮੋਹ ਲੈਂਦੀ ਆਸ਼ਾ ਸ਼ਰਮਾ ਅੱਜ ਯੂ ਐਸ ਏ ਸਥਾਪਿਤ ਹੈ। ਓਥੇ ਫਿਲਮੀ ਤੇ ਗਾਇਕੀ ਸ਼ੋ ਅੱਜ ਵੀ ਓਸ ਤੇਜ਼ੀ ਨਾਲ ਕਰ ਰਹੀ ਹੈ ਜਿਵੇਂ ਬਰਨਾਲਾ ਤੋਂ ਗੰਗਾਨਗਰ ਸੁਪਰ ਫਾਸਟ ਟਰੇਨ ਕਰਦੀ ਹੈ। ਆਸ਼ਾ ਸ਼ਰਮਾ ਨੂੰ ਸੁਖਦੇਵ ਸਾਹਿਲ ਆਵਾਜ਼ ਦੀ ਜਾਦੂਗਰਨੀ ਆਖਦੇ ਨੇ ਕਿ ਭੈਣ ਆਸ਼ਾ ਜੀ ਠੇਠ ਪੰਜਾਬੀ ਸ਼ਬਦਾਵਲੀ ਦੀ ਮਲਕਾ ਹਨ ਤੇ ਮਲਕਾ ਹਮੇਸ਼ਾ ਰਾਜ ਕਰਦੀ ਹੈ। ਆਸ਼ਾ ਸ਼ਰਮਾ ਨੇ ਦਰਸਾ ਦਿੱਤਾ ਕਿ ਪੰਡਤਾਂ ਦੀ ਧੀ ਜੱਟੀਆਂ ਦੀ ਬੋਲੀ ਦੀ ਸਰਦਾਰਨੀ ਹੈ, ਅਰਥਾਤ ਪੰਜਾਬੀ ਭਾਸ਼ਾ ਤੇ ਓਸ ਦੀ ਪਕੜ ਬੇਹੱਦ ਮਜ਼ਬੂਤ ਹੈ।

### ਅਰਜਨ ਗਾਇਕੀ ਦਾ ਲਾਡਲਾ, ਪ੍ਰਨੀਤ ਤੇ ਲਵ ਦੀਆਂ 'ਬੋਲੀਆਂ'

ਸੱਚਮੁੱਚ ਨੌਜਵਾਨ ਗਾਇਕ ਅਰਜਨ ਲਾਡਲਾ ਪੰਜਾਬੀ ਗਾਇਕੀ ਦਾ ਲਾਡਲਾ ਪੁੱਤਰ ਹੈ। 'ਨੋਟ' ਤੇ 'ਪਟਵਾਰੀ'



ਗੀਤਾਂ ਵਾਲੇ ਅਰਜਨ ਲਾਡਲਾ ਨੇ ਹਨ ਪ੍ਰਨੀਤ ਢਿੱਲੋਂ ਤੇ ਲਵ ਰੰਧਾਵਾ ਨਾਲ 'ਲੋਕ ਬੋਲੀਆਂ' ਰਿਕਾਰਡ ਕਰਵਾ ਲਈਆਂ ਹਨ। ਪ੍ਰਨੀਤ ਢਿੱਲੋਂ ਬਹੁਤ ਸੁਰੀਲੀ ਕੁੜੀ ਹੈ ਤੇ ਲਵ ਰੰਧਾਵਾ ਸੁਰ ਵਾਲਾ ਕਲਾਕਾਰ ਹੈ। ਐਨੀ ਸਿੰਘ ਦੇ ਸੰਗੀਤ ਵਿੱਚ ਲੋਕ ਰੰਗ ਦਿਖਾਈ ਦੇਵੇਗਾ ਤੇ ਅਰਜਨ, ਪ੍ਰਨੀਤ ਤੇ ਲਵ ਦੀਆਂ ਇਹ ਬੋਲੀਆਂ ਵਿਆਹਾਂ ਤੇ ਡੀ ਜੇ ਉਪਰ ਨ੍ਹੇਰੀ ਲਿਆ ਦੇਣਗੀਆਂ। ਸ਼ੰਮੀ ਖਾਨ ਦਾ ਕਹਿਣੈ ਕਿ ਮਲਕੀਤ ਸਿੰਘ ਵਾਂਗ ਇਹ ਲੋਕ ਬੋਲੀਆਂ ਇਤਿਹਾਸਕ ਬਣ ਜਾਣਗੀਆਂ।

### ਇਕਬਾਲ ਢਿੱਲੋਂ ਦਿਖਾ 'ਬੁਢਾਪੇ ਦਾ ਇਸ਼ਕ' ਲਿਆ ਰਿਹਾ 'ਤਬਾਹੀ' ਉਹ ਵੀ ਰਿਲੋਦੀਢ'

ਹਰ ਫ਼ਿਲਮ ਤਕਰੀਬਨ ਹਿੱਟ, ਇਤਿਹਾਸ ਪੰਜਾਬੀ ਫ਼ਿਲਮਾਂ ਦਾ ਗਵਾਹ 'ਪੁੱਤ ਜੱਟਾਂ ਦੇ' ਤੋਂ ਪਹਿਲੀ 'ਤਬਾਹੀ' ਤੱਕ ਅਨੇਕਾਂ ਹਿੱਟ ਫ਼ਿਲਮਜ ਵਾਲੇ ਮੇਕਰ ਇਕਬਾਲ ਢਿੱਲੋਂ ਦੀ ਮੌਜੂਦਾ 5 ਅਪ੍ਰੈਲ ਨੂੰ ਆ ਰਹੀ ਫ਼ਿਲਮ 'ਤਬਾਹੀ ਰੀਲੋਡਡ' ਵਿੱਚ ਹੈ ਐਨਾ ਮਸਾਲਾ ਕਿ ਪੱਕੀ ਕਾਮਯਾਬ ਹੋਊ। ਸ਼ਰਾਬ ਤੇ ਸ਼ਬਾਬ ਨਾਲ ਕਬਾਬ ਮੰਤਰੀ, ਸੰਤਰੀ ਤੇ ਨੇਤਾ ਸੀ ਐਮ ਪਾਰਟੀ ਗਾਣਾ 'ਬੁਢਾਪੇ ਦਾ ਇਸ਼ਕ' ਤੇ ਚੇਹਰੇ ਦੇਖ ਪੰਜਾਬੀਆਂ ਨੂੰ ਸਭ ਯਾਦ ਆਏਗਾ ਕਿ ਇੰਜ ਹੀ ਇਥੇ ਹੁੰਦਾ ਰਿਹਾ।ਖੈਰ ਨਸੀਬੋ ਨੇ






ਅਲਤਾਫ ਬਾਜਵਾ ਦਾ ਲਿਖਿਆ ਤੇ ਗੌਹਰ ਅਲੀ ਦਾ ਸੰਗੀਤਬੱਧ ਗੀਤ ਇਸ਼ਕ ਬੁਢਾਪੇ ਦਾ ਗਾ ਕਿ 'ਤਬਾਹੀ' ਮਚਾ ਦਿੱਤੀ ਹੈ। ਪੂਜਾ ਗਾਬਾ, ਸਵਰਨ ਸਿੰਘ, ਦਲੇਰ ਮਹਿਤਾ, ਗੁਰ ਰੰਧਾਵਾ, ਜਰਮਨਜੀਤ ਮੱਲ੍ਹੀ ਦੀ ਕਲਾਕਾਰੀ ਬਲਬੀਰ ਟਾਂਡਾ ਦੀ 'ਤਬਾਹੀ ਰੇਲੋਡੋਡ' ਫ਼ਿਲਮ ਨੂੰ ਕਾਮਯਾਬ ਬਣਾਏ ਦੁਆ ਕਰੋ, ਪੰਜਾਬੀ ਫ਼ਿਲਮਾਂ ਕਾਮਯਾਬ ਤਾਂ ਬੋਲੀ ਦਾ ਵਿਕਾਸ। ਇਕਬਾਲ ਢਿੱਲੋਂ ਦੀ ਸੁਰਜੀਤ ਮੂਵੀਜ਼ ਦੀ ਟੀਮ ਨੂੰ ਮੁਬਾਰਕਾਂ।

### ਗੁਰਦੀਪ ਸੰਧੂ ਦੀ ਮਾਡਲਿੰਗ ਦਾ ਨਜ਼ਾਰਾ ਹੀ ਹੋਰ ਹੈ

ਮਾਡਲ ਸੁਨੱਖਾ ਤੇ ਐਕਟਿੰਗ ਜਾਣਦਾ ਹੋਏ ਤਾਂ ਗਾਣਾ ਆਪ ਹੀ ਕਾਮਯਾਬ ਵੀਡਿਓ ਏ ਬੋਲਦਾ ਹੈ ਤੇ ਮਾਡਲਿੰਗ ਵਿੱਚ ਗੁਰਦੀਪ ਸੰਧੂ ਦਾ ਜਵਾਬ ਨਹੀਂ ਹੈ। ਗੁਰਦੀਪ ਸੰਧੂ ਨੇ ਸ਼ੰਮੀ ਖਾਨ ਦੇ ਚਰਚਿਤ ਗੀਤ 'ਕਬੱਡੀਆਂ, ਲਈ ਲਾਜਵਾਬ ਮਾਡਲਿੰਗ ਕੀਤੀ। ਹਸਮੁੱਖ ਤੇ ਦਲੇਰ ਸੁਭਾਅ ਕਾਰਨ ਮਾਡਲ



ਕੁੜੀਆਂ ਤੇ ਕਿਰਨ ਸਾਰੇ ਆਖਦੇ ਨੇ ਗੁਰਦੀਪ ਸੰਧੂ ਨਾਲ ਵੀਡਿਓ ਕਰਨਾ ਤੀਆਂ ਦੇ ਬਰਾਬਰ ਹੈ। ਗੁਰਦੀਪ ਸੰਧੂ ਨੂੰ ਮਿਰਜ਼ਾ ਦਿਖਾ ਸ਼ੰਮੀ ਖਾਨ ਨੇ ਜਿਹੜਾ ਵੀਡਿਓ ਕੀਤਾ ਓਸ ਦੇ ਵਿਊ ਲੱਖਾਂ ਵਿੱਚ ਆਏ ਤੇ ਆ ਰਹੇ ਹਨ। ਫਿਲਮੀ ਨਾਇਕ ਹੋਣ ਕਾਰਨ ਗੁਰਦੀਪ ਸੰਧੂ ਲੱਗਦਾ ਹੀ ਜਤਿੰਦਰ ਹੈ ਤੇ ਜਤਿੰਦਰ ਨਾਲ ਅਰਥਾਤ ਸੰਧੂ ਨਾਲ ਕੀ ਸ੍ਰੀ ਦੇਵੀ, ਕੀ ਜਯਾ ਪ੍ਰਦਾ ਅਰਥਾਤ ਸ਼ਵੇਤਾ ਤੇ ਰੁਪਾਲੀ ਹਰ ਐਕਟ੍ਰੈਸ ਮਾਡਲ ਕੰਮ ਕਰਨਾ ਖ਼ੁਸ਼ੀ ਨਾਲ ਸਵੀਕਾਰਦੀ ਹੈ।

## ਦੋਗਾਣੇ, ਕਿਸ ਨੇ ਇਹੋ ਜਿਹੇ ਪਿਆਰੇ ਗਾਣੇ ਲੰਬੇ ਸਮੇਂ ਤੋਂ ਰਾਜ ਏ, ਸਰੋਤਿਆਂ ਨੂੰ ਨਾਜ ਏ- ਹਾਕਮ ਬਖਤੜੀਵਾਲਾ ਤੇ ਦਲਜੀਤ ਕੌਰ

ਕਰਮਜੀਤ ਧੂਰੀ ਤੇ ਸਵਰਨ ਲਤਾ ਫਿਰ ਮੋਹਣੀ ਨਰੂਲਾ ਦੇ ਦੋਗਾਣੇ ਤੇ ਫਿਰ ਦੀਦਾਰ ਸੰਧੂ ਤੇ ਨੂਰੀ ਤੇ ਚਾਂਦੀ ਰਾਮ ਚਾਂਦੀ ਦੀ ਦੋਗਾਣਾ ਗਾਇਕੀ ਦਾ ਇਹ ਸਫ਼ਰ ਚਲਦਾ ਰਿਹਾ ਤੇ ਮੋਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ, ਕਰਤਾਰ ਰਮਲਾ-ਸੁਖਵੰਤ ਸੁੱਖੀ ਆਦਿ ਓਹ ਲੋਕ ਪ੍ਰਿਅ ਦੋਗਾਣਾ ਗਾਇਕ ਜਿਹਨਾਂ ਨੇ ਪੰਜਾਬੀ ਦੋਗਾਣਾ ਗਾਇਕੀ ਤੇ ਰਾਜ ਕੀਤਾ ਜਿਹਨਾਂ ਵਿੱਚ ਬੇਸ਼ੱਕ ਤੜਾਕ ਕਰ ਕਈ ਜੋੜੀਆਂ ਟੁੱਟੀਆਂ ਪਰ ਮੋਹੰਮਦ ਸਦੀਕ ਅੱਜ ਵੀ ਗਾ ਰਹੇ ਹਨ।ਇਹਨਾਂ ਨੂੰ ਪ੍ਰੇਰਨਾ ਸਰੋਤ ਸਮਝ ਸੰਗਰੂਰ ਵੱਲੋਂ ਬਖਤੜੀ ਪਿੰਡ ਤੋਂ ਮਲੂਕ ਜਿਹਾ ਰਾਂਝਾ ਲੱਗਦਾ ਹਾਕਮ ਘਰੋਂ ਕਿਰਾਇਆ ਲੁਧਿਆਣੇ ਦਾ ਲਿਆ ਆ ਗਿਆ ਲੁਧਿਆਣੇ ਤੇ ਲੁਧਿਆਣਾ ਤਦ ਗਾਇਕੀ ਦੀ ਰਾਜਧਾਨੀ ਸੀ। ਦੁੱਗਰੀ ਕਾਲੋਨੀ ਤੇ ਹੈ ਹੀ ਕਲਾਕਾਰਾਂ ਦੀ ਸੀ। ਹਾਕਮ ਨੂੰ ਰੱਬ ਨੇ ਕਲਮ ਵੀ ਦਿੱਤੀ ਸੀ, ਗਾਣੇ ਵੀ ਚੋਟੀ ਦੇ ਲਿਖਦਾ ਤੇ ਗਾਂਵਦਾ ਵੀ ਸੁਰੀਲਾ ਤੇ ਕਈ ਕਲਾਕਾਰਾਂ ਨਾਲ ਸਟੇਜ ਕਰ ਤਜ਼ਰਬੇ ਲੈਂਦੇ ਦੀ ਅੱਖ ਲੜ੍ਹ ਗਈ ਦਲਜੀਤ ਕੌਰ ਦੇ ਨਾਲ ਤੇ ਫ਼ਿਰ ਇੱਕ ਜ਼ਿੰਦ ਇੱਕ ਜਾਨ ਬਣ ਗਾਇਕੀ ਜੋੜੀ ਹਾਕਮ ਬਖਤੜੀਵਾਲਾ-ਦਲਜੀਤ ਕੌਰ ਹੋਂਦ ਵਿੱਚ ਆਈ ਤੇ ਚਲ ਸੋ ਚਲ ਨਾਮ ਬਣਦਾ ਦਿਖਾਈ ਦੇਣ ਲੱਗ ਪਿਆ ਹਾਕਮ ਤੇ ਦਲਜੀਤ ਦਾ, ਉਧਰ ਪਰਮਿੰਦਰ ਸੰਧੂ ਨੇ "ਕਿਤੇ ਉੱਡ ਕਿ ਸੋਹਣਿਆ ਆ ਜਾ "ਹਾਕਮ ਦਾ ਲਿਖਿਆ ਗੀਤ ਗਾਇਆ ਤਾਂ ਹਿੱਟ ਹੋ ਗਈ ਤੇ ਹਾਕਮ ਬਖਤੜੀਵਾਲਾ ਕਾਮਯਾਬ ਗੀਤਕਾਰ ਬਣ ਵੀ ਸਥਾਪਿਤ ਹੋ ਗਿਆ। ਦੁੱਗਰੀ ਕਾਲੋਨੀ ਓਸ ਨੂੰ ਮਿਲਣਾ ਤਾਂ ਦੋ ਬੇਟੀਆਂ ਚੰਦੂ ਤੇ ਰੰਮੂ ਨਾਲ ਮੋਹ ਕਰਦਾ ਬੇਟੇ ਸਰਵਰਿੰਦਰ ਨਾਲ ਪਿਆਰ ਕਰਦਾ ਪ੍ਰੋਗਰਾਮ ਲਾਉਂਦਾ ਓਹ ਖੁਸ਼ਗਵਾਰ ਜੀਵਨ ਤੇ ਗਾਇਕੀ ਜੋੜੀ ਕਾਮਯਾਬ ਕਰਦਾ ਰਿਹਾ । 1997 ਵਿੱਚ ਜਦ ਓਸ ਦਾ "ਡਰਾਈਵਰਾਂ ਦਾ ਅਖਾੜਾ" ਆਇਆ ਤਾਂ ਬੱਲੇ ਬੱਲੇ ਹੋ ਗਈ। "ਚੜ ਲੈਣ ਦੇ ਜਵਾਨੀ" "ਕਰੇ ਕਲੋਲਾਂ ਸਾਲੀ" "ਦਸ ਤੇਰੀ ਕੀ ਮਰਜ਼ੀ," ਤੀਜਾ ਅਖਾੜਾ" ਸੰਗ ਸੰਗ ਵਿੱਚ ਕੁੜੀਏ", ਡਰਾਈਵਰਾਂ ਦਾ ਅਖਾੜਾ" "ਲੱਡੂ" "ਮਿਲਣੇ ਨੂੰ ਜੀ ਕਰਦਾ" "ਪੇਕਿਆਂ ਦੇ ਪਿੰਡ" ਓਸ ਦੇ ਕੈਸਟ, ਸੀ ਡੀ ਰਿਕਾਰਡ ਆਓਂਦੇ ਰਹੇ, ਸਫਲ ਹੁੰਦੇ ਰਹੇ। "ਬੁੱਢਾ" ਤੇ "ਹੈਲੋ ਮੇਰੀ ਜਾਨ" ਤੇ "ਚੋਥਾ ਅਖਾੜਾ" ਵੀ ਚਲ ਗਏ। "ਨਕਸ਼ਾ, ਡਰਾਈਵਰ ਪੁੰਨ ਖੱਟ, ਟੇਪ ਟਰੈਕਟਰ ਤੇ, ਵਿਆਹ ਕਰਵਾ ਲਿਆ ਤੂੰ, ਲੱਕ ਦਾ ਹੁਲਾਰਾ ਗੀਤ ਕਾਮਯਾਬ ਗੀਤ ਹਾਕਮ ਬਖਤੜੀਵਾਲਾ ਦੇ ਰਹੇ। ਗੀਤਕਾਰ ਵਜੋਂ ਓਸ ਨੂੰ ਪਰਮਿੰਦਰ ਸੰਧੂ, ਗਿੱਲ ਹਰਦੀਪ,



ਅਮਨਜੋਤ,ਅਸ਼ਵਿਨੀ,ਸੁਰਿੰਦਰ ਛਿੰਦਾ ਨੇ ਵੀ ਗਾਇਆ। ਰਵਿੰਦਰ ਗਰੇਵਾਲ ਦੀ ਆਵਾਜ਼ ਵਿੱਚ "ਰੱਬ ਦੇ ਰੰਗ " ਗੀਤ ਨੇ ਕਰੋਨਾ ਵੇਲੇ ਹਾਕਮ ਹਾਕਮ ਕਰਵਾ ਦਿੱਤੀ ਸੀ। ਅਸਲ ਵਿੱਚ ਦੁਨੀਆਦਾਰੀ ਦੀ ਨਬਜ਼ ਓਸ ਦੀ ਕਲਮ ਫੜ੍ਹਨ ਵਿੱਚ ਮਾਹਿਰ ,ਦਿਲ ਸਾਰਾ ਖਾਕਾ ਉਲੀਕ ਲੈਂਦਾ ਹੈ ਤੇ ਗਲਾ ਮਿੱਠਾ ਤੇ ਸਾਥ ਦਲਜੀਤ ਦਾ ਪਿਆਰਾ ਹਾਕਮ ਬਖਤੜੀਵਾਲਾ ਦਲਜੀਤ ਕੌਰ ਦੀ ਗਾਇਕੀ ਜੋੜੀ ਦਾ ਪਲੱਸ ਪੁਆਇੰਟ ਹੈ। ਸਟੇਜ ਤੇ ਓਸ ਦਾ ਅੰਦਾਜ਼ ਬਿਲਕੁਲ ਓਹ ਸ਼ਰਾਬੀ ਲੱਗੇ ਜਦ ਕਿ ਓਹ ਸਿਰਫ ਸ਼ਰਾਬੀ ਗਾਣੇ ਤੇ ਐਕਟਿੰਗ ਤੇ ਇਹ ਵੀਡਿਓ ਵਾਇਰਲ ਹੋ ਗਿਆ ਬਾਅਦ ਵਿੱਚ ਪਤਾ ਲੱਗਿਆ ਹਾਕਮ ਤਾਂ ਸਿਰੇ ਦਾ ਕਮਾਲ ਅਭਿਨੇਤਾ ਵੀ ਹੈ। ਇਸ ਵੇਲੇ ਰੱਬ ਸੋਹਣੇ ਦੀ ਕਿਰਪਾ ਸਦਕਾ ਬੇਟਾ ਸਰਵਰਿੰਦਰ ਵੀ ਗਾ ਲੈਂਦਾ ਹੈ ਪਰ ਪੜ੍ਹਨ ਵਿੱਚ ਮਸ਼ਰੂਫ ਹੈ। ਬੇਟੀ ਅਸ਼ਮਰਰਹ ਸਿੰਘ ਭਾਰਤੀ ਡਿਸਕੋ ਜਾਕੀ ਬਣ ਲੋਕ ਪ੍ਰਿਅ ਹੋ ਰਹੀ ਏ ਸੋਨੀ ਟੀਵੀ ਦੀ ਸਟਾਰ ਤੇ ਦੂਜੀ ਬੇਟੀ ਰਮਨਿਤੂ ਚੌਧਰੀ ਸਾਊਥ ਸਟਾਰ ਹੈ। "ਫੋਟੋ ,ਅੱਖ ਲੜ੍ਹ ਗਈ ਆਓਣਾ ਜਾਣਾ ਬੰਦ, ਸੋਨੇ ਦੀ ਚਿੜੀ, ਯੁੱਗ ਯੁੱਗ ਵੱਸਦੀ ਰਹਿ ਨੀ,ਮੁੰਡੇ ਦਾ ਮਾਸੜ ਬਣ ਜਾ ਤੇ ਪੱਤਣਾਂ ਦਾ ਤਾਰੂ ਦੇ ਨਾਲ ਨਾਲ "ਖੀਰ ਬਦਾਮਾਂ ਵਾਲੀ, ਹਿਟ ਲਿਸਟ ਤੇ ਨਾਂ, ਜੱਗ ਆਸ਼ਕਾਂ ਦਾ ਵੈਰੀ, ਬੇਬੇ ਨੂੰ ਸਮਝਾ ਤੇ ਹੁਣ "ਪੰਜਵਾ ਅਖਾੜਾ" ਆ ਰਿਹਾ ਹੈ। ਗੱਲ ਕੀ 30 ਤੇ 35 ਸਾਲ ਦੋਗਾਣਾ ਗਾਇਕੀ ਦੇ ਲੇਖੇ ਲਾਏ ਨੇ ਤੇ ਸਫ਼ਰ ਜਾਰੀ ਹੈ ਤੇ ਰਾਜਨੀਤੀ ਨਾਲ ਦਿਲਚਸਪੀ, ਸਮਾਜ ਸੇਵਾ ਤੇ ਇਸ ਸਮੇਂ ਹਾਕਮ ਬਖਤੜੀਵਾਲਾ ਸੰਗਰੂਰ ਤੋਂ ਅਜ਼ਾਦ ਉਮੀਦਵਾਰ ਬਣ ਸੰਸਦ ਮੈਂਬਰ ਦੀ ਚੋਣ ਲੜ੍ਹ ਰਹੇ ਹਨ। ਹਾਕਮ ਆਖਦੇ ਨੇ ਰੋਮਾਂਟਿਕ ਦੋਗਾਣੇ ਵੀ ਪਰਿਵਾਰਕ ਹੱਦ ਵਿੱਚ ਗਾਏ ਹਨ, ਧਾਰਮਿਕ ਗਾਇਕੀ ਵਿੱਚ ਅਲੱਗ ਸਵਾਦ ਸਰੋਤਿਆਂ ਨੂੰ ਦਿੱਤਾ ਹੈ, ਗੀਤਕਾਰ ਬਣ ਯਾਦਗਾਰ ਗੀਤ ਲਿਖੇ ਹਨ, ਅੱਗੇ ਫ਼ਿਲਮ ਨਗਰੀ ਨੂੰ ਬੇਟੀਆਂ ਅਭਿਨੈ ਲਈ ਦਿੱਤੀਆਂ ਹਨ ਤੇ ਹੁਣ ਰਾਜਨੀਤਕ ਜੀਵਨ ਬਸਰ ਕਰਨ ਦੀ ਚਾਹਤ ਲਈ ਸਰਗਰਮ ਹਨ। ਉਹਨਾਂ ਦੇ ਬੇਟੇ ਦਾ ਕਹਿਣਾ ਹੈ ਕਿ ਕਲਾਕਾਰ, ਇਨਸਾਨ ਤੇ ਬਹੁਤ ਚੰਗੇ ਪਾਪਾ ਹਨ ਓਹ ਜਿਹਨਾਂ ਓਸ ਦੀ ਹਰ ਚਾਹਤ ਪੂਰੀ ਕੀਤੀ ਹੈ। ਘਰ ਵਾਲੀ ਦਲਜੀਤ ਕੌਰ ਦਾ ਕਹਿਣਾ ਹੈ ਕਿ ਸਟੇਜ ਤੇ ਰਿਕਾਡਿੰਗ ਦਾ ਚੰਗਾ ਸਾਥੀ ਜੀਵਨ ਦਾ ਬਹੁਤ ਚੰਗਾ ਸਾਥੀ ਹੈ ਹਾਕਮ ਬਖਤੜੀਵਾਲਾ ਤੇ ਬੇਟੀਆਂ ਰਮਨੀਤੂ ਤੇ ਐਸ਼ ਦਾ ਸਲਾਮ ਦੋਗਾਣਾ ਗਾਇਕੀ ਨੂੰ ਜਿਸ ਦੀ ਬਦੌਲਤ ਹਰ ਸੁੱਖ, ਸਹੂਲਤਾਂ ਓਹਨਾਂ ਕੋਲ ਨੇ ਜਿਸ ਕਾਰਨ ਫ਼ਿਲਮ ਨਗਰੀ ਦਾ ਸੰਘਰਸ਼ ਓਹ ਕਰਦਿਆਂ ਕਾਮਯਾਬੀ ਵੱਲ ਹਨ। ਹਾਕਮ ਬਖਤੜੀਵਾਲਾ ਆਪਣੇ ਲਫ਼ਜ਼ਾਂ ਵਿੱਚ ਆਪਣੇ ਬਾਬਤ ਇਹੀ ਕਹਿੰਦੇ ਹਨ ਕਿ ਸਦੀਕ ਸਾਬ ਦੀ ਤਰਾਂ ਦੋਗਾਣਾ ਗਾਇਕੀ ਵਿੱਚ ਨਾਮ ਕਮਾਇਆ ਹੈ, ਗੀਤਕਾਰ ਚੋਟੀ ਦਾ ਕੁਦਰਤ ਨੇ ਬਣਾਇਆ ਹੈ ਤੇ ਸਰੋਤੇ, ਦਰਸ਼ਕ ਤੇ ਮੀਡੀਆ ਦੇ ਸਾਥ ਨਾਲ ਓਹਨਾਂ ਦੀ ਜੋੜੀ ਸਾਹਾਂ ਦੀ ਡੋਰ ਤੱਕ ਗਾਏਗੀ, ਰੱਬ ਚਾਹਿਆ ਤਾਂ ਰਾਜਨੀਤੀ ਵਿੱਚ ਵੀ ਕਲਾਕਾਰੀ ਦੀ ਤਰਾਂ ਇਤਿਹਾਸ ਰਚ ਦਿਖਾਉਣਾ ਹੈ।

– ਅੰਮ੍ਰਿਤ ਪਵਾਰ

## ਬਨਸਪਤੀ ਸਾਜਣਹਾਰੇ ਦੇ ਬਲਿਹਾਰੇ!

ਬਚਪਨ ਵਿੱਚ ਅਸੀਂ ਮਲ੍ਹਿਆਂ ਦੇ ਬੇਰ, ਪੱਕੀਆਂ ਨਮੋਲ਼ੀਆਂ, ਲਸੂੜੀਆਂ ਅਤੇ ਖਜੂਰਾਂ ਵਗੈਰਾ ਤੋਂ ਇਲਾਵਾ ਖੇਤਾਂ ਖੋਲ਼ਿਆਂ ਵਿੱਚ ਖਟ-ਮਿਠੇ ਭੰਬੋਲ਼ੇ ਵੀ ਬਹੁਤ ਖਾਂਦੇ ਹੁੰਦੇ ਸਾਂ!ਕਿਉਂ ਕਿ ਗਰੀਬੀ ਦੇ ਉਨ੍ਹਾਂ ਦਿਨਾਂ ਵਿੱਚ ਸਾਡੇ ਲਈ ਇਹੋ 'ਫਰੂਟ' ਬੇਸ਼ਕੀਮਤੀ ਹੁੰਦਾ ਸੀ!

ਬਜ਼ੁਰਗ ਉਮਰ ਦੇ ਸਾਡੇ ਭਾਈਆ ਜੀ ਦੀ ਲੱਤ ਵਿੱਚ ਜਦੋਂ ਰੀਹ ਦਾ ਦਰਦ ਹੋਣ ਲੱਗ ਪਿਆ ਤਾਂ ਆਪਣੇ ਕਿਸੇ ਦੋਸਤ ਦੇ ਦੱਸੇ ਅਨੁਸਾਰ ਉਨ੍ਹਾਂ ਕਾਲ਼ੇ ਭੰਬੋਲ਼ੇ ਦੇ ਪੱਤਿਆਂ ਦੀ ਭੁਰਜੀ ਖਾਣੀ ਸ਼ੁਰੂ ਕੀਤੀ।ਉਨ੍ਹਾਂ ਨੇ ਜਿੱਥੇ ਕਿਤੇ ਕਾਲ਼ਾ ਭੰਬੋਲ਼ਾ ਦੇਖਣਾ ਤਾਂ ਸਾਰਾ ਬੂਟਾ ਹੀ ਪੁੱਟ ਲਿਆਉਣਾ ਤੇ ਆਪ ਚੁੱਲ੍ਹੇ ਕੋਲ ਬਹਿ ਕੇ ਮੱਠੇ ਮੱਠੇ ਸੇਕ 'ਤੇ ਉਹਦੀ ਭੁਰਜੀ ਬਣਾਉਣੀ।

ਇੱਕੋ ਜਿਹੇ ਰੰਗ ਢੰਗ ਦੇ ਬੂਟੇ ਹੋਣ ਕਾਰਨ ਜੇ ਕਿਤੇ ਅਸੀਂ ਦੂਸਰੇ ਭੰਬੋਲ਼ਿਆਂ ਦੇ ਬੂਟੇ ਪੁੱਟ ਲਿਆਉਣੇ ਤਾਂ ਭਾਈਆ ਜੀ ਨੇ ਉਹ ਪਸ਼ੂਆਂ ਮੋਹਰੇ ਸੁੱਟ ਦੇਣੇ!

ਹੁਣ ਮਾਰਚ ਮਹੀਨੇ ਇੱਕ ਦਿਨ ਮੈਂ ਜ਼ਿਲ੍ਹਾ ਨਵਾਂਸ਼ਹਿਰ ਚ' ਪੈਂਦੇ ਆਪਣੇ ਪਿੰਡ ਦੁਪਾਲ ਪੁਰੋਂ ਦਰਿਆ ਸਤਲੁਜ ਵੱਲ੍ਹ ਸੈਰ ਨੂੰ ਜਾਂਦੇ ਨੇ,ਇੱਕੋ ਥਾਂਹ ਚਾਰ ਤਰਾਂ ਦੇ ਭੰਬੋਲ਼ੇ ਦੇਖੇ।ਕਾਲ਼ੇ,ਲਾਲ,ਹਰੇ ਅਤੇ ਚੌਥੇ ਕੁਦਰਤ ਵਲੋਂ ਪਤਲੇ ਜਿਹੇ ਪਰਦੇ 'ਚ ਢਕੇ ਹੋਏ ਭੰਬੋਲ਼ੇ ਜੋ ਖਟ-ਮਿਠੇ ਸਵਾਦ ਦੇ ਹੁੰਦੇ ਹਨ!

ਬਨਸਪਤੀ ਬਣਾਉਣ ਵਾਲ਼ੇ ਦੇ ਬਲਿਹਾਰੇ ਜਾਈਏ- ਕਾਲ਼ੇ, ਲਾਲ ਅਤੇ ਹਰੇ ਭੰਬੋਲ਼ੇ ਤਾਂ ਇੱਕੋ ਜਿਹੇ ਬੂਟਿਆਂ ਨੂੰ ਬੇਰਾਂ ਵਾਂਗ ਸਿੱਧੇ ਹੀ ਲੱਗੇ ਹੋਏ ਪਰ ਖਟ-ਮਿਠਿਆਂ ਨੂੰ ਸਾਜਣਹਾਰੇ ਨੇ ਬੜੇ ਸਲੀਕੇ ਨਾਲ ਪਰਦੇ 'ਚ ਢਕਿਆ ਹੋਇਆ,ਜਿਵੇਂ ਕਿਤੇ ਉਹ ਕੋਈ ਬਹੁਤ ਜਿਆਦਾ ਕੀਮਤੀ ਅਤੇ ਸੋਹਲ ਜਿਹੇ ਹੁੰਦੇ ਹੋਣ !



ਵੈਸੇ ਇਹ ਗੱਲ ਜੜ੍ਹੀ-ਬੂਟੀਆਂ ਦੇ ਜਾਣਕੀਰ ਹੀ ਜਾਨਣ ਕਿ ਕੁਦਰਤੀ ਪਰਦੇ 'ਚ ਪਲਣ ਵਾਲ਼ੇ ਭੰਬੋਲ਼ੇ ਵਾਕਿਆ ਹੀ ਕੀਮਤੀ ਹੋਣਗੇ?

–ਤਰਲੋਚਨ ਸਿੰਘ
ਦੁਪਾਲ ਪੁਰ
78146-92724

# ਮਾਪੇ ਬੱਚਿਆਂ ਲਈ ਫ਼ਿਲਮੀ ਜਿਲਦਾਂ ਵਾਲੀਆਂ ਕਾਪੀਆਂ ਬਿਲਕੁਲ ਨਾ ਖਰੀਦਣ

## ਵਿਦਿਆਰਥੀਆਂ ਦਾ ਮਨ ਪੜ੍ਹਾਈ ’ਚ ਨਹੀਂ ਲੱਗਣ ਦਿੰਦੀਆਂ ਕਾਪੀਆਂ ’ਤੇ ਛਪੀਆਂ ਫਿਲਮੀ ਜਿਲਦਾਂ

ਵਿਦਿਆਰਥੀਆਂ ਲਈ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ’ਤੇ 'ਆਦਰਸ਼’ ਦੀ ਥਾਂ 'ਅਨੈਤਿਕਤਾ’ ਪਰੋਸੀ ਜਾ ਰਹੀ ਹੈ। 'ਵਿਦਿਆ ਵਿਚਾਰੀ ਤਾਂ ਪਰਉਪਕਾਰੀ’ ਦਾ ਨਾਅਰਾ ਤਾਂ ਭਾਵੇਂ ਸਕੂਲਾਂ ਦੇ ਮੁੱਖ ਗੇਟਾਂ ’ਤੇ ਲਿਖਿਆ ਮਿਲਦਾ ਹੈ ਪਰ ਇਨ੍ਹਾਂ ਵਿਚ ਪੜ੍ਹਦੇ ਬੱਚਿਆਂ ਦੇ ਬਸਤਿਆਂ ਵਿਚ ਜੋ ਕਾਪੀਆਂ (ਨੋਟ ਬੁੱਕਸ) ਹੁੰਦੀਆਂ ਹਨ, ਉਨ੍ਹਾਂ ਦੀਆਂ ਜਿਲਦਾਂ ’ਤੇ ਫਿਲਮੀ ਐਕਟਰਾਂ, ਐਕ-ਟਰਸਾਂ, ਗਾਇਕਾਂ, ਮਾਡਲਾਂ, ਖਿਡਾਰੀਆਂ, ਫਿਲਮਾਂ ਆਦਿ ਦੀਆਂ ਫੋਟੋ ਛਪੀਆਂ ਹੁੰਦੀਆਂ ਹਨ ਜੋ ਵਿਦਿਆਰਥੀਆਂ ਦਾ ਮਨ ਪੜ੍ਹਾਈ ’ਚ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਦੀਆਂ ਜਿਲਦਾਂ ’ਤੇ 'ਸਰਦਾਰਾ ਮੇਰੀ ਕਾਲੀ ਗੁੱਤ ਨੇ ਡੰਗ ਸੱਪਾਂ ਨੂੰ ਸਿਖਾਏ ਹੋਏ ਨੇ’, 'ਸਾਨੂੰ ਬੱਲੀਏ ਨੀਂ ਦੇਖ-ਦੇਖ ਕੇ ਸਿੱਖੇ ਸ਼ੇਰਾਂ ਨੇ ਸ਼ਿਕਾਰ ਕਰਨੇ’ ਅਤੇ ਘੁੰਮਣ ਘੁਮਾਉਣ ਨੂੰ ਤਾਂ ਥਾਰ ਰੱਖੀ ਐ, ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ’ ਜਿਹੇ ਗੀਤਾਂ ਦੇ ਗਾਇਕਾਂ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ ਹਨ। ਕਾਪੀਆਂ ਦੀਆਂ ਜਿਲਦਾਂ ’ਤੇ ਗੀਤਾਂ ਦੇ ਮੁਖੜੇ ਅਤੇ ਸਿਰਲੇਖ ਵੀ ਲਿਖੇ ਹੁੰਦੇ ਹਨ। ਇਨ੍ਹਾਂ ਕਾਪੀਆਂ ਨੂੰ ਆਕਰਸ਼ਕ ਬਣਾਉਣ ਲਈ ਵੱਧ ਤੋਂ ਵੱਧ ਰੰਗ-ਬਿਰੰਗਾ ਅਤੇ ਭੜਕੀਲਾ ਕੀਤਾ ਜਾਂਦਾ ਹੈ। ਇਨ੍ਹਾਂ ਕਾਪੀਆਂ ਨੂੰ ਦੇਖ ਕੇ ਪਹਿਲੀ ਨਜ਼ਰੇ ਇਹ ਪਹਿਚਾਨਣਾ ਔਖਾ ਹੋ ਜਾਂਦਾ ਹੈ ਕਿ ਇਹ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ਹਨ ਜਾਂ ਕਿਸੇ ਫਿਲਮ ਅਤੇ ਗੀਤਾਂ ਵਾਲੀ ਸੀ.ਡੀ. ਦਾ ਕਵਰ ਪੇਜ਼ ਹੈ। ਮਨੋਵਿਸ਼ਲੇਸ਼ਕਾਂ ਅਨੁਸਾਰ ਸਕੂਲੀ ਕਾਪੀਆਂ ਦਾ ਇਹ 'ਰੂਪ’ ਨਾ ਸਿਰਫ ਬਾਲ ਮਨਾਂ ਦੀ 'ਮਨੋਦਿਸ਼ਾ’ ਅਤੇ 'ਮਨੋਦਸ਼ਾ’ ਨੂੰ ਹੀ ਵਿਗਾੜਦਾ ਹੈ ਸਗੋਂ ਸਕੂਲਾਂ ਅਤੇ ਘਰਾਂ ਵਿੱਚ ਪੜ੍ਹਾਈ ਦੇ ਮਾਹੌਲ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਕੂਲੀ ਕਾਪੀਆਂ ਦਾ ਮੌਜੂਦਾ ਰੂਪ ਵਿੱਦਿਅਕ ਮਾਹੌਲ ਦੇ ਅਨੁਕੂਲ ਨਹੀਂ ਹੈ। ਸਕੂਲੀ ਕਾਪੀ ’ਤੇ ਬਣੇ ਗਾਣੇ ਦੇ ਦ੍ਰਿਸ਼ ਦੇਖ ਕੇ ਬੱਚੇ ਆਪ ਮੁਹਾਰੇ ਉਹੀ ਗਾਣਾ ਗੁਣਗੁਣਾਉਣ ਲੱਗ ਪੈਂਦੇ ਹਨ ਜਾਂ ਫਿਰ ਦਿਮਾਗ ਵਿਚ ਉਸੇ ਗਾਣੇ,ਐਕਟਰ,ਗਾਇਕ ਆਦਿ ਦੇ ਫਿਮਾਂਕਣ ਬਾਰੇ ਸੋਚਣ ਲੱਗ ਪੈਂਦੇ ਹਨ। ਕਾਪੀਆਂ ਦੇ ਨਿਰਮਾਤਾਵਾਂ ਅਤੇ ਗਾਇਕਾਂ, ਅਦਾਕਾਰਾਂ ਵੱਲੋਂ ਕੀਤੇ ਵਪਾਰਕ ਸਮਝੌਤੇ ਤਹਿਤ ਹੀ ਕਾਪੀਆਂ ਦੀਆਂ ਅਜਿਹੀਆਂ ਜਿਲਦਾਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਜੋ ਗਾਇਕਾਂ, ਅਦਾਕਾਰਾਂ ’ਤੇ ਖਿਡਾਰੀਆਂ ਦੀ ਮਸ਼ਹੂਰੀ ਘਰ ਘਰ ਅਤੇ ਬੱਚੇ ਬੱਚੇ ਤੱਕ ਹੋ ਜਾਵੇ। ਇਹ ਬੜ੍ਹੀ ਤਰਾਸਦੀ ਹੈ ਕਿ ਪੰਜਾਬ ਦੇ ਮਹਾਨ ਨਾਇਕਾਂ, ਸੂਰਬੀਰਾਂ,ਯੋਧਿਆਂ,ਦੇਸ਼ ਭਗਤਾਂ,ਜਰਨਲ ਨਾਲਿਜ਼ ਦੀਆਂ ਗੱਲਾਂ ਆਦਿ ਨੂੰ ਵਿਸਾਰ ਕੇ ਊਲ-ਜਲੂਲ ਗਾਉਣ ਵਾਲਿਆਂ ਨੂੰ ਵਿਦਿਆਰਥੀਆਂ ਦੇ ਬਸਤਿਆਂ ਅਤੇ ਪੜ੍ਹਨ ਸਮੱਗਰੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਜਿਸ ’ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ’ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਤਰ੍ਹਾਂ ਦੀਆਂ ਘਟੀਆ ਜਿਲਦਾਂ ਵਾਲੀਆਂ ਕਾਪੀਆਂ ਨਹੀਂ ਖਰੀਦਣੀਆਂ ਚਾਹੀਦੀਆਂ ਤੇ ਨਾਂ ਹੀ ਅਖਬਾਰਾਂ ਦੇ ਫਿਲਮੀ ਪੇਜ ਵਾਲੀਆਂ ਜਿਲਦਾਂ ਕਾਪੀਆਂ ਕਿਤਾਬਾਂ ਆਦਿ ਤੇ ਚੜ੍ਹਾਉਣੀਆਂ ਚਾਹੀਦੀਆਂ ਹਨ।




ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਹੈ ਹੁਣ ਸਾਰੇ ਬੱਚੇ ਨਵੀਆਂ ਕਿਤਾਬਾਂ ਕਾਪੀਆਂ ਖਰੀਦ ਰਹੇ ਹਨ ਇਸ ਲਈ ਉਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਜਿਲਦਾਂ ਵਾਲੀਆਂ ਕਾਪੀਆਂ ਖਰੀਦਣ ਤੋਂ ਰੋਕਣ ਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਸਬੰਧੀ ਨੋਟ ਭੇਜ ਕੇ ਜਾਗਰੂਕ ਕਰਨ। ਸਰਕਾਰ ਤੋਂ ਨਵੇਂ ਸੈਸ਼ਨ 2024-25 ਤੋਂ ਫਿਲਮੀ ਜਿਲਦਾਂ ਵਾਲੀਆਂ ਕਾਪੀਆਂ ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਜਾਂਦੀ ਹੈ। ਸਰਕਾਰ ਨੂੰ ਇਸ ਤਰਾਂ ਦੇ ਕਵਰ ਤਿਆਰ ਕਰਨ ਵਾਲੀਆਂ ਕੰਪਨੀਆਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ 'ਅਨੈਤਿਕਤਾ’ ਦੀ ਥਾਂ ਤੇ 'ਆਦਰਸ਼’ ਵੱਲ ਵਧ ਸਕਣ ਤੇ ਉਹਨਾਂ ਦੀ ਪੜ੍ਹਾਈ ਤੋਂ ਇਕਾਗਰਤਾ ਭੰਗ ਨਾਂ ਹੋਵੇ ਅਤੇ ਉਹ ਮਨ ਲਗਾ ਕੇ ਪੜ੍ਹਾਈ ਕਰਦੇ ਹੋਏ ਸਫਲਤਾ ਦੀਆਂ ਪਾਉੜੀਆਂ ਚੜ੍ਹ ਸਕਣ।

**ਪ੍ਰਮੋਦ ਧੀਰ ਜੈਤੋ**
**98550-31081**

# ਗੀਤ ਰਿਕਾਡਿੰਗ ਦੇ ਖੇਤਰ ਵਿਲੱਖਣ ਮੁਕਾਮ ਬਣਾਉਣ ਵਾਲੀ- ਪ੍ਰੋਡਿਊਸਰ ਸੰਦੀਪ ਕੌਰ

ਅਜੋਕੇ ਸਮੇਂ ਚ ਇਸਤਰੀਆਂ ਹਰ ਖੇਤਰ ਵਿੱਚ ਲੰਮੀਆਂ ਅਤੇ ਉੱਚੀਆਂ ਪੁਲਾਂਘਾਂ ਪੁੱਟ ਰਹੀਆਂ ਹਨ। ਵਿਗਿਆਨ, ਇੰਜੀਨੀਅਰਿੰਗ, ਪ੍ਰਸ਼ਾਸਨ, ਸਾਹਿਤ, ਡਾਕਟਰੀ, ਸੰਗੀਤ ਆਦਿ ਹਰੇਕ ਖੇਤਰ ਵਿੱਚ ਔਰਤਾਂ ਦੇ ਯੋਗਦਾਨ ਅਤੇ ਮੁਕਾਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਫਿਲਮ ਇੰਡਸਟਰੀ ਚ ਚਾਹੇ ਔਰਤਾਂ ਦੇ ਸੁਹੱਪਣ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ ਜਦਕਿ ਬਾਕੀ ਖੇਤਰਾਂ ਚ ਔਰਤਾਂ ਦੀ ਮਿਹਨਤ,ਸਿਰੜ, ਮੁਸਤੈਦੀ ਅਤੇ ਸੂਝਵਾਨਤਾ ਹੀ ਕਾਮਯਾਬੀ ਮਿਲਦੀ ਹੈ। ਇਸੇ ਤਰ੍ਹਾਂ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਬਤੌਰ ਪ੍ਰੋਡਿਊਸਰ ਔਰਤਾਂ ‘ਚੋਂ ਆਪਣੀ ਨਿਵੇਕਲੀ ਅਤੇ ਵਿਲੱਖਣ ਪਛਾਣ ਬਣਾਉਣ ਵਾਲੀ ਇਸਤਰੀ ਦਾ ਨਾਮ ਹੈ -ਸੰਦੀਪ ਕੌਰ

ਸੰਦੀਪ ਕੌਰ ਦਾ ਜਨਮ 28/12/1993 ਨੂੰ ਪਿਤਾ ਸ੍ਰੀ ਸਾਉਣੀ ਰਾਮ ਅਤੇ ਮਾਤਾ ਸ੍ਰੀਮਤੀ ਮਹਿੰਦਰ ਕੌਰ ਦੇ ਘਰ ਪਿੰਡ ਸੁਹਾਬੂਦੀਨ ਜਿਲ੍ਹਾ ਹੁਸ਼ਿਆਰਪੁਰ ਵਿਖੇ ਇੱਕ ਸਧਾਰਨ ਪਰਿਵਾਰ ਚ ਹੋਇਆ ਹੈ। ਉਸ ਦੇ ਮਨ ਚ ਬਚਪਨ ਤੋਂ ਹੀ ਕੁਝ ਨਿਵੇਕਲਾ ਕਰਨ ਦਾ ਸ਼ੌਕ ਸੀ। ਘਰਦਿਆਂ ਦੇ ਡਰ ਅਤੇ ਪਰਿਵਾਰਕ ਮਜਬੂਰੀਆਂ ਕਾਰਣ ਉਸਨੇ ਅੰਦਰਲੇ ਵਲਵਲਿਆਂ ਦੇ ਲਾਵੇ ਨੂੰ ਕੁਝ ਵਕਤ ਲਈ ਆਪਣੇ ਹੀ ਅੰਦਰ ਦਬਾ ਲਿਆ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਦੁਰਗਾਪੁਰ ਦੇ ਜੰਮਪਲ ਲੱਕੀ ਸਿੰਘ ਨਾਲ ਵਿਆਹ ਬੰਧਨ ਚ ਬੱਝ ਜਾਣ ਤੋਂ ਬਾਅਦ ਉਸਨੇ ਆਪਣੇ ਦਿਲ ਚ ਦਬਾ ਰੱਖੇ ਵਿਚਾਰ ਨੂੰ ਸਾਂਝਾ ਕੀਤਾ। ਸਬੱਬੀਂ ਲੱਕੀ ਦੁਰਗਾਪੁਰੀਆ ਵੀ ਗਾਇਕ ਬਣਨ ਦਾ ਸੁਪਨਾ ਆਪਣੇ ਦਿਲ ਪਾਲੀਂ ਬੈਠਾ ਸੀ।ਇਸ ਨਾਲ ਸੰਦੀਪ ਕੌਰ ਨੂੰ ਆਪਣੇ ਬਲਬੂਤੇ ਕੁਝ ਕਰਨ ਦੀ ਆਜ਼ਾਦੀ ਅਤੇ ਸਹਿਯੋਗ ਮਿਲ ਗਿਆ।



ਉਸਨੇ ਆਪਣੇ ਪੱਧਰ ਤੇ ਸਾਲ 2016 'ਚ "ਬੌਰਨ ਕਿੰਗ ਰਿਕਾਰਡਜ਼" ਨਾਮ ਦੀ ਰਿਕਾਰਡਿੰਗ ਕੰਪਨੀ ਖੋਲ੍ਹੀ ਕੇ ਬਤੌਰ ਪ੍ਰੋਡਿਊਸਰ/ਮਾਲਕ ਕੰਮ ਕਰਨਾ ਸ਼ੁਰੂ ਕਰ ਦਿੱਤਾ।ਉਹਨੇ 2017 ਚ ਉਭਰਦੇ ਅਤੇ ਨੌਜਵਾਨ ਪੀੜ੍ਹੀ ਦੇ ਗਾਇਕ ਲੱਕੀ ਦੁਰਗਾਪੁਰੀਆ ਦਾ ਗੀਤ "ਸ਼ਾਈਨਿੰਗ ਸਟਾਰ" ਨੂੰ ਆਪਣੀ ਕੰਪਨੀ ਤੋਂ ਰਿਕਾਰਡ ਕਰਕੇ ਰਿਲੀਜ਼ ਕੀਤਾ ਤਾਂ ਇਸ ਗੀਤ ਨੇ ਕਾਫੀ ਵਾਹ ਵਾਹ ਖੱਟੀ ਅਤੇ ਉਸਨੇ ਨਵੇਂ ਪੂਰ ਦੇ ਗਾਇਕਾਂ ਨੂੰ ਬਿਨ ਵਾਧੇ ਘਾਟੇ ਤੋਂ ਰਿਕਾਰਡ ਕਰਕੇ ਰਿਲੀਜ਼ ਕਰਨਾ ਸ਼ੁਰੂ ਕਰ ਦਿੱਤਾ।ਇਸ ਨਾਲ ਉਸਨੂੰ ਕਾਫੀ ਹੁੰਗਾਰੇ ਦੇ ਨਾਲ ਨਾਲ ਉਤਸ਼ਾਹ ਵੀ ਮਿਲਿਆ। ਬੇਸ਼ੱਕ ਇਸ ਖੇਤਰ ਚ ਇਸਤਰੀ ਦਾ ਟਿਕਣਾ ਅਤੇ ਕੰਮ ਕਰਨਾ ਫੁੱਲਾਂ ਦੀ ਸੇਜ ਨਹੀਂ ਸੀ ਪਰ ਉਸਦੇ ਬੁਲੰਦ ਹੌਸਲੇ, ਦ੍ਰਿੜ ਇਰਾਦੇ, ਅਣਥੱਕ ਮਿਹਨਤ, ਮੁਸਤੈਦ ਅਤੇ ਸਿਰੜ ਨੇ ਉਸਨੂੰ ਕਦੇ ਡੋਲਣ ਨਹੀਂ ਦਿੱਤਾ ਅਤੇ ਉਸਨੇ ਫਿਰ ਪਿੱਛੇ ਮੁੜਕੇ ਨਹੀਂ ਦੇਖਿਆ। ਉਸਨੇ ਆਪਣੀ ਕੰਪਨੀ ਚ ਗਾਇਕਾਂ ਨੂੰ ਰਿਕਾਰਡ ਕਰਕੇ ਰਿਲੀਜ਼ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਰਿਕਾਰਡ ਕਰਕੇ ਰਿਲੀਜ਼ ਕੀਤੇ ਗੀਤਾਂ ਚੋਂ ਗਾਇਕ ਲੱਕੀ ਦੁਰਗਾਪੁਰੀਆ ਅਤੇ ਮਨੀ ਚੀਮਾ ਦਾ ਸ਼ੇਰਾਂ ਦੇ ਸ਼ਿਕਾਰ, ਗਾਇਕ ਪੈਰੀ ਸਰਪੰਚ ਅਤੇ ਲੱਕੀ ਸਿੰਘ ਦੁਰਗਾਪੁਰੀਆ ਦਾ ਵੈਲੀਜ਼ ਇਨ ਦ ਹੁੱਡ, ਗਾਇਕ ਲੱਕੀ ਸਿੰਘ ਦੁਰਗਾਪੁਰੀਆ ਅਤੇ ਕਰਮ ਬਰਾੜ ਦਾ ਬੱਲੇ ਓ ਨਖਰੋ, ਗਾਇਕ ਪਰਵ ਸਿੰਘ ਦਾ ਨਜ਼ਰ ਅੰਦਾਜ਼, ਗਾਇਕ ਧਵਨ ਚੀਮਾ ਅਤੇ ਪਿੰਦਰ ਸੋਹੀ ਦਾ ਸ਼ੌਕ ਅੱਤ ਦਾ,ਗਾਇਕ ਲੱਕੀ ਸਿੰਘ ਦੁਰਗਾਪੁਰੀਆ ਦਾ ਧਾਰਮਿਕ ਟਰੈਕ ਵਾਰ ਚਾਰ ਸਾਹਿਬਜ਼ਾਦੇ, ਗਾਇਕ ਕਾਹਲੋਂ ਦਾ ਤੇਰੇ ਨਾਲ, ਗਾਇਕ ਅੱਤਰੀ ਦਾ ਪਿਆਰ ਦਾ ਮਹੀਨਾ, ਗਾਇਕ ਲੱਕੀ ਦੁਰਗਾਪੁਰੀਆ ਦਾ ਗੀਤ ਰੌਲੇ, ਗਾਇਕ ਸਿੰਮਾ ਸਿੰਘ ਦਾ ਗੀਤ ਪੀਜੀਆਈ ਆਦਿ ਨੇ ਕਾਫੀ ਨਾਮਣਾ ਖੱਟਿਆ ਹੈ।


ਸਤਨਾਮ ਸਿੰਘ ਮੱਟੂ
9779708257

ਇਸ ਤੋਂ ਇਲਾਵਾ ਸਿੰਗਰ ਭਿੰਦਾ ਕਰੀਹਾ ਦਾ ਰੀਅਲ ਲਾਈਫ,ਗਾਇਕ ਗੁਰੂ ਭੂਨੋਦਾ ਜੰਡੂ ਬਾਮ,ਗਾਇਕ ਲੱਕੀ ਸਿੰਘ ਦੁਰਗਾਪੁਰੀਆ ਅਤੇ ਰਹਿਮਤ ਭਾਰਤੀ ਦਾ ਦੋਗਾਣਾ ਕਾਲੀ ਕਾਲੀ ਗੱਡੀ,ਗਾਇਕ ਸਾਹਿਲ ਅਖਤਰ ਦਾ ਗੀਤ ਕਬੱਡੀ ਕੱਪ ਕੂਮ ਕਲਾਂ, ਗਾਇਕ ਲੱਕੀ ਦੁਰਗਾਪੁਰੀਆ ਦੇ ਗੀਤ ਕਾਂਡ ਜੱਟਾਂ ਦੇ,ਗਾਇਕ ਕੇ ਕਮਲ ਦਾ ਗੀਤ ਸ਼ਹਿਰ ਬੰਦ, ਸਿੰਗਰ ਪਰਵ ਸਿੰਘ ਦਾ ਗੀਤ ਰੋਅਰ, ਗਾਇਕ ਮਾਨ ਨਕੋ-ਦਰੀਆ ਦਾ ਗੀਤ ਹਥਿਆਰ, ਗਾਇਕ ਸਿੰਮਾ ਸਿੰਘ ਪੱਬ ਸਿੰਗਰ ਭਿੰਦਾ ਕਰੀਹਾ ਦਾ ਰੀਅਲ ਲਾਈਫ,ਗਾਇਕ ਲੱਕੀ ਦੁਰਗਾਪੁਰੀਆ ਧਾਰਮਿਕ ਗੀਤ ਨਿੱਕੀਆਂ ਜਿੰਦਾਂ, ਗਾਇਕ ਜੀ ਦੀਪ ਦਾ ਵੀਰ ਜੀ, ਗਾਇਕ ਲੱਕੀ ਦੁਰਗਾਪੁਰੀਆ ਦਾ ਗੀਤ 302 ਆਦਿ ਬੌਰਨ ਕਿੰਗ ਰਿਕਾਰਡਜ਼ ਗਾਇਕੀ ਦੇ ਖੇਤਰ ਨੂੰ ਦੇਣ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਹੋਰ ਗੀਤ ਤਿਆਰ ਹਨ, ਜੋ ਜਲਦੀ ਸਰੋਤਿਆਂ ਨੂੰ ਸੁਣਨ ਨੂੰ ਮਿਲਣਗੇ।ਉਹ ਇਸੇ ਸਾਲ ਆਪਣੇ ਇੱਕ ਨਵੇਂ ਪ੍ਰੋਜੈਕਟ ਲਈ ਇੰਗਲੈਂਡ ਦੇ ਟੂਰ ਤੇ ਵੀ ਜਾ ਰਹੇ ਹਨ । ਸੰਦੀਪ ਕੌਰ ਦਾ ਕਹਿਣਾ ਹੈ ਕਿ ਇਸ ਕੰਮ ਉਸਨੂੰ ਬੇਸ਼ੱਕ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ,ਪਰ ਵਾਹਿਗੁਰੂ ਜੀ ਦੇ ਆਸ਼ੀਰਵਾਦ,ਧੀਰਜ ਅਤੇ ਸਿਰੜ ਨੇ ਉਸਨੂੰ ਨਿਰ ਉਤਸ਼ਾਹਿਤ ਨਹੀਂ ਹੋਣ ਦਿੱਤਾ। ਪੰਜਾਬੀ ਫੌਜੀਆਂ ਬਾਰੇ ਲਿਖੇ ਅਤੇ ਗਾਏ ਗੀਤ "ਖੜਜੇ ਪੰਜਾਬੀ ਜਿੱਥੇ ਪੈਰ ਗੱਡਕੇ ਨਾ ਫਿਰ ਪਿੱਛੇ ਪੁੱਟਦੇ" ਦੀ ਵੀਡੀਓ ਬਣਾ ਕੇ ਤਿਆਰ ਕਰਨ ਦਾ ਇਕ ਵਿਸ਼ੇਸ਼ ਤਜਰਬਾ ਰਿਹਾ ਹੈ। ਉਸਦਾ ਕਹਿਣਾ ਹੈ ਕਿ ਇਨਸਾਨ ਨੂੰ ਮਿਹਨਤ ਦਾ ਪੱਲਾ ਨਹੀਂ ਛੱਡਣਾ ਚਾਹੀਦਾ, ਸਫਲਤਾ ਇੱਕ ਤੁਹਾਡੀ ਜ਼ਿੰਦਗੀ ਦੀ ਦਹਿਲੀਜ਼ ਤੇ ਦਸਤਕ ਜ਼ਰੂਰ ਦੇਵੇਗੀ ।

# "ਰੰਗਲਾ ਪੰਜਾਬ" ਤਾਂ ਹੀ ਬਣੇਗਾ ਜਦ ਨੌਜਵਾਨ ਕਿਸੇ ਆਹਰ ਤੇ ਹੋਣਗੇ, ਆਪਣੀ ਰੋਟੀ ਰੋਜ਼ੀ ਸੋਹਣੀ ਪਰਿਵਾਰ ਨਾਲ ਚਲਾ ਸਕਣ ਤੇ ਪੰਜਾਬ ਵਿੱਚ ਫ਼ਿਲਮ ਸਿਟੀ ਦਾ ਬਣ ਕਿ ਆਉਣਾ ਰੁਜ਼ਗਾਰ ਪ੍ਰਾਪਤ ਦਾ ਵੱਡਾ ਸਾਧਨ ਬਣੇਗਾ

ਦੀਪਕ ਬਾਲੀ ਨਾਮ ਸੰਗੀਤ ਜਗਤ ਦਾ, ਦੀਪਕ ਬਾਲੀ ਨਾਮ ਕਲਾ, ਸੰਗੀਤ, ਸਾਹਿਤ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦਾ ਨੇ ਪੰਜਾਬ ਦੇ ਕਲਾਕਾਰ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਾਸਤੇ ਕੋਟਨ ਕੋਟਨ ਧੰਨਵਾਦ ਦਾ ਵਾਕ ਵਰਤਦੇ ਕਿਹਾ ਕਿ ਪੰਜਾਬ ਵਿੱਚ ਹਿੰਦੀ ਫ਼ਿਲਮਾਂ ਵਾਲੇ ਕੀ ਸਾਊਥ ਵਾਲੇ ਵੀ ਸ਼ੂਟ ਲਈ ਆਉਂਦੇ ਨੇ ਤੇ ਜਦ ਸਾਰਾ ਕੁੱਝ ਇੱਕ ਛੱਤ ਹੇਠ ਇਥੇ ਮਿਲੂ ਤਦ ਕੈਮਰਾਮੈਨ, ਸੰਗੀਤ, ਗਾਇਕੀ, ਸੰਪਾਦਨ, ਕਲਰ ਤੇ ਹੋਰ ਖੇਤਰਾਂ ਵਿੱਚ ਰੋਜ਼ਗਾਰ ਮਿਲੇਗਾ। ਦੀਪਕ ਬਾਲੀ ਨੇ ਕਿਹਾ ਕਿ ਭਗਵੰਤ ਮਾਨ ਜੀ ਇਸ ਤਰਾਂ ਪੰਜਾਬੀ ਫ਼ਿਲਮਾਂ ਦੀ ਉੱਨਤੀ ਲਈ ਵੀ ਯੋਗਦਾਨ ਦੇ ਰਹੇ ਹਨ। ਦੀਪਕ ਬਾਲੀ ਨੇ ਕਿਹਾ ਕਿ ਪੰਜਾਬ ਤੇ ਹੈ ਹਰ ਮਿਹਰ ਜਵਾਨੀ, ਕਿਸਾਨੀ ਤੇ ਹੁਣ ਸਨਅਤ ਵੀ ਤਾਂ "ਰੰਗਲਾ ਪੰਜਾਬ" ਬਣ ਜਾਣ ਦਾ ਵਸੀਲਾ ਬਣੇਗੀ ਭਗਵੰਤ ਮਾਨ ਸਰਕਾਰ ਦੀ ਸਹੀ ਸੋਚ, ਸਲਾਹ ਤੇ ਉਤਪਤੀ ਫ਼ਿਲਮ ਸਿਟੀ ਬਣ ਗਈ ਤਾਂ ਹਿੰਦੀ ਦੇ ਨਾਲ ਸਾਊਥ ਵਾਲੇ ਵੀ ਇਥੇ ਸ਼ੂਟਿੰਗ ਕਰਨਗੇ ਤਾਂ ਸਰਕਾਰੀ ਖ਼ਜ਼ਾਨੇ ਨੂੰ ਲਾਭ ਹੋਣ ਨਾਲ ਪੰਜਾਬੀ ਕਲਾਕਾਰਾਂ, ਤਕਨੀਕੀ ਵਿਅਕਤੀਆਂ ਨੂੰ ਲਾਭ ਹੋਏਗਾ।ਦੀਪਕ ਬਾਲੀ ਇਸ ਸਮੇਂ ਆਪ ਪੰਜਾਬ ਦੇ ਹੋਣਹਾਰ ਨੇਤਾ ਹਨ ਤੇ ਕਲਾਕਾਰ ਭਲਾਈ ਲਈ ਓਹ ਅਕਸਰ ਮੁੱਖ ਮੰਤਰੀ ਪੰਜਾਬ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ।



**- ਅੰਮ੍ਰਿਤ ਪਵਾਰ**

# ਪਿੰਡ ਲਸਾੜਾ ਵਿਖੇ ਓਵਰ ਫੋਰਟੀ ਹਾਕੀ ਟੂਰਨਾਮੈਂਟ ਧੁਦਿਆਲ ਨੇ ਜਿੱਤਿਆ



**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਲਸਾੜਾ ਹਾਕੀ ਅਕੈਡਮੀ ਵੱਲੋਂ ਕਰਵਾਏ ਗਏ ਪੰਜਵੇਂ ਹਾਕੀ ਟੂਰਨਾਮੈਂਟ ਵਿੱਚ ਪੰਜਾਬ ਭਰ ਤੋਂ ਟੀਮਾਂ ਨੇ ਸ਼ਿਰਕਤ ਕੀਤੀ। ਇਸ ਟੂਰਨਾਮੈਂਟ ਵਿੱਚ ਵੱਖ ਵੱਖ ਵਰਗਾਂ ਦੇ ਹਾਕੀ ਮੈਚ ਕਰਵਾਏ ਗਏ, ਜਿਨਾਂ ਦਾ ਦਰਸ਼ਕਾਂ ਨੇ ਸਾਰੇ ਦਿਨ ਖੂਬ ਆਨੰਦ ਮਾਣਿਆ। ਇਸ ਟੂਰਨਾਮੈਂਟ ਵਿੱਚ ਓਵਰ ਫੋਰਟੀ ਦਾ ਫਾਈਨਲ ਮੁਕਾਬਲਾ ਗੁਰੂ ਗੋਬਿੰਦ ਸਿੰਘ ਹਾਕੀ ਕਲੱਬ ਧੁਦਿਆਲ ਅਤੇ ਪਿੰਡ ਸ਼ਰੀਂਹ ਵਿਚਕਾਰ ਹੋਇਆ । ਜਿਸ ਵਿੱਚ ਪਲੈਨਟੀ ਸਟਰੋਕਸ ਰਾਹੀਂ ਇਸ ਮੈਚ ਦਾ ਫੈਸਲਾ ਹੋਇਆ, ਕਿਉਂਕਿ ਦੋਨੋਂ ਹਾਫਾਂ ਵਿੱਚ ਦੋਨੋਂ ਟੀਮਾਂ ਬਰਾਬਰ ਰਹੀਆਂ ਅਤੇ ਆਖਰ ਇਸ ਫਸਵੇਂ ਮੁਕਾਬਲੇ ਨੂੰ ਹੋਰ ਵੀ ਰੋਚਕ ਬਣਾਉਣ ਲਈ ਅਤੇ ਫਸਟ ਸੈਕੰਡ ਟੀਮ ਨਿਸ਼ਚਿਤ ਕਰਨ ਲਈ ਪਲੈਨਟੀ ਸਟਰੋਕਸ ਤੇ ਗੱਲ ਪੁੱਜੀ। ਜਿਸ ਵਿੱਚ ਧੁਦਿਆਲ ਦੀ ਟੀਮ ਨੇ ਸ਼ਰੀਂਹ ਦੀ ਟੀਮ ਤੇ ਜਿੱਤ ਪ੍ਰਾਪਤ ਕਰਕੇ ਲਸਾੜਾ ਓਵਰ ਫੋਰਟੀ ਫੂਰਨਾਮੈਂਟ ਦੀ ਵਿਨਰ ਟਰਾਫੀ ਤੇ ਕਬਜ਼ਾ ਕੀਤਾ। ਇਸ ਟੂਰਨਾਮੈਂਟ ਵਿੱਚ ਓਵਰ ਫੋਰਟੀ ਦਾ ਪਹਿਲਾ ਇਨਾਮ ਸਵ। ਮੋਹਨ ਸਿੰਘ, ਤਜਿੰਦਰ ਸਿੰਘ ਅਤੇ ਦਲਜੀਤ ਸਿੰਘ ਯੂ ਕੇ ਵਲੋਂ ਪ੍ਰਧਾਨ ਕੀਤਾ ਗਿਆ। ਇਸ ਜਿੱਤ ਦੀ ਖੁਸ਼ੀ ਵਿੱਚ ਧੁਦਿਆਲ ਦੀ ਟੀਮ ਨੇ ਕਿਹਾ ਕਿ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਵੱਧ ਤੋਂ ਵੱਧ ਪ੍ਰੈਕਟਿਸ ਕਰਕੇ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਵੱਖ ਵੱਖ ਟੂਰਨਾਮੈਂਟਾਂ ਵਿੱਚ ਕਰਦੇ ਰਹਿਣਗੇ। ਗੁਰੂ ਗੋਬਿੰਦ ਸਿੰਘ ਹਾਕੀ ਕਲੱਬ ਧੁਦਿਆਲ ਦੇ ਸਾਰੇ ਖਿਡਾਰੀ ਜਿਨਾਂ ਨੇ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਕੇ ਇਸ ਟੂਰਨਾਮੈਂਟ ਵਿੱਚ ਵਿਲੱਖਣ ਭੂਮਿਕਾ ਨਿਭਾਈ, ਦੀ ਸਾਰੇ ਹੀ ਪ੍ਰਬੰਧਕਾਂ ਅਤੇ ਟੂਰਨਾਮੈਂਟ ਕਮੇਟੀ ਨੇ ਬੇਹੱਦ ਸ਼ਲਾਗਾ ਕੀਤੀ ਅਤੇ ਇਸ ਜਿੱਤ ਦੀ ਖੁਸ਼ੀ ਵਿੱਚ ਮੁਬਾਰਕਬਾਦ ਦਿੱਤੀ।



NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

